Downloaded from https:// www.studiestoday.com

ਦਸਵੀਂ ਸ਼੍ਰੇਣੀ ਲਈ

# ਸਾਹਿਤ-ਮਾਲਾ : 10

## (ਪੰਜਾਬੀ ਕਵਿਤਾ ਤੇ ਵਾਰਤਕ)

ਇਹ ਪੁਸਤਕ ਪੰਜਾਬ ਸਰਕਾਰ ਦੁਆਰਾ ਮੁਫ਼ਤ ਦਿੱਤੀ ਜਾਣੀ ਹੈ ਅਤੇ ਵਿਕਾਊ ਨਹੀਂ ਹੈ।

**ਪੰਜਾਬ ਸਕੂਲ ਸਿੱਖਿਆ ਬੋਰਡ**

ਸਾਹਿਬਜ਼ਾਦਾ ਅਜੀਤ ਸਿੰਘ ਨਗਰ

Downloaded from https:// www.studiestoday.com

Downloaded from https:// www.studiestoday.com

© ਪੰਜਾਬ ਸਰਕਾਰ

ਐਡੀਸ਼ਨ : 2017 ............ 1,36,300 ਕਾਪੀਆਂ

All rights, including those of translation, reproduction and annotation etc., are reserved by the Punjab Government.

**ਚੇਤਾਵਨੀ**

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ਼ ਪਾਠ-ਪੁਸਤਕਾਂ 'ਤੇ ਜਿਲਦ-ਸਾਜ਼ੀ ਨਹੀਂ ਕਰ ਸਕਦਾ।(ਏਜੰਸੀ-ਹੋਲਡਰਾਂ ਨਾਲ਼ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਵਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਲ੍ਹੀ/ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਪ੍ਰਕਾਸ਼ਨ, ਸਟਾਕ ਕਰਨਾ, ਜਮ੍ਹਾਂ-ਖੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ ਪ੍ਰਣਾਲੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ। (ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ 'ਵਾਟਰ ਮਾਰਕ' ਵਾਲ਼ੇ ਕਾਗਜ਼ ਉੱਪਰ ਹੀ ਛਪਵਾਈਆਂ ਜਾਂਦੀਆਂ ਹਨ।)

ਇਹ ਪੁਸਤਕ ਵਿਕਰੀ ਲਈ ਨਹੀਂ ਹੈ।

ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8 ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062 ਰਾਹੀਂ ਪ੍ਰਕਾਸ਼ਿਤ ਅਤੇ ਪ੍ਰਕਾਸ਼ ਕੰਮਿਊਨੀਕੇਸ਼ਨਜ਼ ਲਿਮਿ. (ਐਕਸੇਲਿੰਗ ਮਾਸਟਰ ਪ੍ਰਿੰਟਰਜ਼) ਜਲੰਧਰ ਵੱਲੋਂ ਛਾਪੀ ਗਈ।

Downloaded from https:// www.studiestoday.com

Downloaded from https:// www.studiestoday.com

# ਦੋ ਸ਼ਬਦ

ਸਿੱਖਿਆ ਨਿਰੋਲ ਆਪਣੇ ਤੋਂ ਬਾਹਰ ਦੇ ਸੰਸਾਰ ਬਾਰੇ ਗਿਣਵਾਂ-ਤੁਲਵਾਂ ਗਿਆਨ ਹਾਸਲ ਕਰਨਾ ਨਹੀਂ। ਇਸ ਦਾ ਸਭ ਤੋਂ ਅਹਿਮ ਮਹੱਤਵ ਮਨੁੱਖੀ ਮਨ ਤੇ ਰੂਹ ਦਾ ਅਜਿਹਾ ਰੂਪਾਂਤਰਨ ਹੈ ਜਿਹੜਾ ਮਨੁੱਖ ਨੂੰ ਇਸ ਕਾਬਲ ਬਣਾ ਦੇਵੇ ਕਿ ਉਹ ਨਾ ਸਿਰਫ਼ ਆਪਣੀ ਜ਼ਿੰਦਗੀ ਨੂੰ ਸੁਚੱਜ ਅਤੇ ਰੱਜ ਨਾਲ਼ ਜਿਊਂ ਸਕੇ ਬਲਕਿ ਉਹ ਜਿਸ ਸਮਾਜ ਵਿੱਚ ਰਹਿੰਦਾ, ਵਿਚਰਦਾ ਹੈ, ਉਸ ਸਮਾਜ ਦੇ ਹਰ ਕਾਰਜ-ਖੇਤਰ ਵਿੱਚ ਆਪਣੀ ਸਿਰਜਣਾਤਮਿਕ ਸ਼ਮੂਲੀਅਤ ਦਾ ਪ੍ਰਗਟਾਵਾ ਕਰ ਸਕੇ।

ਮਨੁੱਖੀ ਜ਼ਿੰਦਗੀ ਆਪਣੇ-ਆਪ ਵਿੱਚ ਬੜੀ ਖ਼ੂਬਸੂਰਤ ਹੈ। ਲੋੜ ਇਸ ਖ਼ੂਬਸੂਰਤੀ ਨੂੰ ਪਛਾਣਨ, ਸਲਾਹੁਣ ਤੇ ਇਸ ਨੂੰ ਹੋਰ ਖ਼ੂਬਸੂਰਤ ਬਣਾਉਣ ਦੀ ਹੈ। ਸਿੱਖਿਆ ਦਾ ਇਹੋ ਸਭ ਤੋਂ ਉੱਚਾ ਤੇ ਸੁੱਚਾ ਮਨੋਰਥ ਹੋਣਾ ਚਾਹੀਦਾ ਹੈ। ਇਹ ਵੀ ਜ਼ਰੂਰੀ ਹੈ ਕਿ ਮਨੁੱਖ ਵਿੱਚ ਜ਼ਿੰਦਗੀ ਬਾਰੇ ਚੇਤੰਨਤਾ ਪੈਦਾ ਹੋਵੇ ਤਾਂ ਜੋ ਉਹ ਇਸ ਦੀ ਤੋਰ ਨੂੰ ਵਿਗਿਆਨਿਕ ਤੇ ਉਸਾਰੂ ਸੋਚ ਨਾਲ ਸਮਝ ਸਕੇ, ਇਸ ਦੀ ਧੜਕਣ ਨੂੰ ਮਹਿਸੂਸ ਕਰ ਸਕੇ, ਇਸ ਵਿਚਲੇ ਉਤਰਾਵਾਂ-ਚੜ੍ਹਾਵਾਂ ਦਾ ਅਨੁਸਾਰੀ ਹੋ ਕੇ ਕਿਰਿਆਸ਼ੀਲ ਰਹਿ ਸਕੇ, ਇਸ ਦੇ ਚੰਗੇ-ਮਾੜੇ ਪਹਿਲੂ ਦੀ ਨਿਰਖ-ਪਰਖ ਕਰ ਸਕੇ ਅਤੇ ਮਨੁੱਖ ਦੇ ਮਨੁੱਖ ਪ੍ਰਤਿ ਅਤੇ ਮਨੁੱਖ ਦੇ ਕੁਦਰਤ ਪ੍ਰਤਿ ਪਿਆਰ ਨੂੰ ਆਪਣੀ ਰੂਹ ਦਾ ਰੱਜ ਬਣਾ ਸਕੇ।

ਮਨੁੱਖ ਦੇ ਇਸ 'ਹਾਸਲ' ਲਈ ਸਮਾਜ ਦੇ ਹੋਰ ਅਨੇਕਾਂ ਪੱਖਾਂ ਵਿੱਚੋਂ ਦੋ ਮਹੱਤਵਪੂਰਨ ਪੱਖ ਹਨ: ਅਧਿਆਪਕ ਤੇ ਕਿਤਾਬਾਂ। ਇੱਥੇ ਸਿਰਫ਼ ਕਿਤਾਬਾਂ ਬਾਰੇ ਹੀ ਜ਼ਿਕਰ ਕਰਨਾ ਬਣਦਾ ਹੈ। ਕਿਤਾਬਾਂ ਤੋਂ ਭਾਵ ਤੁਹਾਡੇ ਕੋਰਸ ਵਿੱਚ ਪੜ੍ਹਾਈਆਂ ਜਾਂਦੀਆਂ ਪਾਠ-ਪੁਸਤਕਾਂ ਤੋਂ ਨਹੀਂ। ਇਹ ਤਾਂ ਉਹ ਚਾਬੀਆਂ ਹਨ ਜੋ ਤੁਹਾਡੇ ਵੱਡੇ ਪੁਸਤਕ-ਸੰਸਾਰ ਦੇ ਬੂਹੇ ਖੋਲ੍ਹਦੀਆਂ ਹਨ ਤੇ ਸੁਹਿਰਦ ਅਧਿਆਪਕ ਇਹਨਾਂ ਪਾਠ-ਪੁਸਤਕਾਂ ਨੂੰ ਪੜ੍ਹਾਉਂਦੇ ਹੋਏ ਤੁਹਾਡੇ ਮਨਾਂ ਵਿੱਚ ਅਜਿਹਾ ਚਾਨਣ ਪੈਦਾ ਕਰਨ ਕਿ ਤੁਹਾਨੂੰ ਜ਼ਿੰਦਗੀ ਦੇ ਅਗਲੇਰੇ, ਬਿਖੜੇ ਪੈਂਡੇ 'ਤੇ ਰਵਾਨਾ ਹੋਣ ਲਈ ਕਿਸੇ ਡੰਗੋਰੀ ਜਾਂ ਕਿਸੇ ਬੇਗਾਨੇ ਦੀ ਉਂਗਲ਼ੀ ਫੜਨ ਦੀ ਲੋੜ ਨਹੀਂ ਰਹਿੰਦੀ। ਖ਼ੂਬਸੂਰਤੀ ਦੀ ਮੰਜ਼ਲ ਪੈਸੇ ਜਾਂ ਵਿਹਲ ਨਾਲ਼ ਹਾਸਲ ਨਹੀਂ ਹੁੰਦੀ; ਇਸ ਲਈ ਲਗਾਤਾਰ ਘਾਲਣਾ ਘਾਲਣੀ ਤੇ ਜੂਝਣਾ ਪੈਂਦਾ ਹੈ ਤੇ ਇਸ ਕਰਮਸ਼ੀਲਤਾ ਦੀ ਆਪਣੀ ਹੀ ਕਿਸਮ ਦੀ ਖ਼ੁਮਾਰੀ ਹੈ।

Downloaded from https:// www.studiestoday.com

Downloaded from https:// www.studiestoday.com

ਮੇਰੀ ਦਿਲੀ ਇੱਛਾ ਹੈ ਕਿ ਇਹ ਪਾਠ-ਪੁਸਤਕਾਂ ਤੁਹਾਡੀਆਂ ਸ਼੍ਰੇਣੀਆਂ ਜਾਂ ਪਰੀਖਿਆਵਾਂ ਪਾਸ ਕਰਨ ਤੱਕ ਹੀ ਸੀਮਤ ਨਾ ਰਹਿਣ ਸਗੋਂ ਤੁਹਾਡੇ ਮਨਾਂ ਵਿੱਚ, ਜਾਣੇ-ਪਛਾਣੇ ਤੇ ਅਣਜਾਣੇ ਦੀ ਗਹਿਰਾਈ ਤੱਕ ਜਾਣ ਦੀ ਭਖਦੀ, ਅਮੋੜ ਤੇ ਸਦੀਵੀ ਤਾਂਘ ਪੈਦਾ ਕਰਨ ਦਾ ਸਮਰੱਥ ਵਸੀਲਾ ਬਣ ਜਾਣ।

ਇਸ ਪਾਠ-ਪੁਸਤਕ ਨੂ ਦਫ਼ਤਰੀ ਪੱਧਰ ਉੱਤੇ ਪੰਜਾਬੀ ਵਿਕਾਸ ਕੇਂਦਰ ਦੇ ਡਿਪਟੀ ਡਾਇਰੈਕਟਰ ਸ੍ਰੀਮਤੀ ਇੰਦਰਜੀਤ ਕੌਰ ਦੀ ਨਿਗਰਾਨੀ ਹੇਠ ਸ੍ਰੀਮਤੀ ਰਵਿੰਦਰ ਕੌਰ (ਵਿਸ਼ਾ ਮਾਹਰ) ਸ੍ਰੀਮਤੀ ਰਜਿੰਦਰ ਚੌਹਾਨ (ਵਿਸ਼ਾ ਮਾਹਰ) ਨੇ ਤਿਆਰ ਕਿਤਾ ਅਤੇ ਸ੍ਰੀਮਤੀ ਜਸਵੀਰ ਕੌਰ (ਵਿਸ਼ਾ ਮਾਹਰ) ਅਤੇ ਸ੍ਰੀਮਤੀ ਪ੍ਰਮਿੰਦਰ ਕੌਰ (ਵਿਸ਼ਾ ਮਾਹਰ) ਨੇ ਸਹਿਯੋਗ ਦਿੱਤਾ ।

ਇਸ ਪੁਸਤਕ ਨੂੰ ਤਿਆਰ ਕਰਦਿਆਂ ਖੇਤਰ ਵਿੱਚੋਂ ਵਿੱਦਿਅਕ ਮਾਹਰ/ ਵਿਦਵਾਨ ਡਾ. ਹਰਪਾਲ ਸਿੰਘ ਪੰਨੂ, ਡਾ. ਰਾਜਿੰਦਰਪਾਲ ਸਿੰਘ ਬਰਾੜ, ਸ. ਮਨਮੋਹਨ ਸਿੰਘ ਦਾਊਂ ਨੇ ਵਿਸ਼ੇਸ਼ ਸਹਿਯੋਗ ਦਿੱਤਾ। ਸ. ਜਸਵੀਰ ਸਿੰਘ ਲੰਗੜੋਆ ਅਤੇ ਡਾ. ਰਣਜੋਧ ਸਿੰਘ (ਪੰਜਾਬੀ ਅਧਿਆਪਕ), ਇਹਨਾਂ ਸਭਨਾਂ ਦੀਆਂ ਸੇਵਾਵਾਂ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਧੰਨਵਾਦ ਕੀਤਾ ਜਾਂਦਾ ਹੈ ਇਸ ਪਾਠ-ਪੁਸਤਕ ਵਿੱਚ ਜਿਹੜੇ ਲੇਖਕਾਂ ਦੀਆਂ ਰਚਨਾਵਾਂ ਸ਼ਾਮਲ ਕੀਤੀਆਂ ਗਈਆਂ ਹਨ, ਬੋਰਡ ਵੱਲੋਂ ਉਹਨਾਂ ਦਾ ਵੀ ਤਹਿ-ਦਿਲੋਂ ਧੰਨਵਾਦ ਕੀਤਾ ਜਾਂਦਾ ਹੈ।

ਪਿਆਰੇ ਵਿਦਿਆਰਥੀਓ! ਭਵਿਖ ਵਿੱਚ ਤੁਹਾਡੇ ਲਈ ਹੋਰ ਵੀ ਖ਼ੂਬਸੂਰਤ ਨਰੋਈਆਂ ਕਦਰਾਂ-ਕੀਮਤਾਂ ਪੈਦਾ ਕਰਨ ਅਤੇ ਜ਼ਿੰਦਗੀ ਵਿੱਚ ਮੋਹ ਜਗਾਉਣ ਵਾਲੀਆਂ ਪਾਠ-ਪੁਸਤਕਾਂ ਉਪਲਬਧ ਕਰਾਉਣ ਦੇ ਇਰਾਦੇ ਨਾਲ......

**"ਭਲਾਈ ਵਿਭਾਗ, ਪੰਜਾਬ"**

**ਚੇਅਰਮੈਨ**

**ਪੰਜਾਬ ਸਕੂਲ ਸਿੱਖਿਆ ਬੋਰਡ**

Downloaded from https:// www.studiestoday.com

Downloaded from https:// www.studiestoday.com

# ਵਿਸ਼ਾ-ਸੂਚੀ

## ਕਵਿਤਾ-ਭਾਗ

| | | |
|---|---|---|
| | | ਪੰਨਾ |
| | ਭੂਮਿਕਾ | 1-5 |
| 1. | ਗੁਰਮਤਿ-ਕਾਵਿ | 6-25 |
| | ਗੁਰੂ ਨਾਨਕ ਦੇਵ ਜੀ | |
| | ਗੁਰੂ ਅਮਰਦਾਸ ਜੀ | |
| | ਗੁਰੂ ਅਰਜਨ ਦੇਵ ਜੀ | |
| | ਭਾਈ ਗੁਰਦਾਸ ਜੀ | |
| 2. | ਸੂਫ਼ੀ-ਕਾਵਿ | 26-37 |
| | ਸ਼ੇਖ਼ ਫ਼ਰੀਦ ਜੀ | |
| | ਸ਼ਾਹ ਹੁਸੈਨ | |
| | ਬੁੱਲ੍ਹੇ ਸ਼ਾਹ | |
| 3. | ਕਿੱਸਾ-ਕਾਵਿ | 38-51 |
| | ਪੀਲੂ | |
| | ਵਾਰਿਸ ਸ਼ਾਹ | |
| | ਹਾਸ਼ਮ ਸ਼ਾਹ | |
| | [illegible] | |
| 4. | ਬੀਰ-ਕਾਵਿ | 52-61 |
| | ਗੁਰੂ ਗੋਬਿੰਦ ਸਿੰਘ ਜੀ | |
| | ਸ਼ਾਹ ਮੁਹੰਮਦ | |

Downloaded from https:// www.studiestoday.com

Downloaded from https:// www.studiestoday.com

## ਵਾਰਤਕ-ਭਾਗ


| | | | ਪੰਨਾ |
|---|---|---|---|
| | ਭੂਮਿਕਾ | | 62 |
| 1. | ਗਿਆਨੀ ਦਿੱਤ ਸਿੰਘ | ਰਬਾਬ ਮੰਗਾਉਨ ਦਾ ਵਿਰਤਾਂਤ | 70 |
| 2. | ਪ੍ਰਿੰ: ਤੇਜਾ ਸਿੰਘ | ਘਰ ਦਾ ਪਿਆਰ | 74 |
| 3. | ਸ. ਗੁਰਬਖ਼ਸ਼ ਸਿੰਘ | ਬੋਲੀ | 81 |
| 4. | ਡਾ. ਬਲਬੀਰ ਸਿੰਘ | ਪ੍ਰਾਰਥਨਾ | 86 |
| 5. | ਸ. ਕਪੂਰ ਸਿੰਘ | ਬਾਬਾ ਰਾਮ ਸਿੰਘ ਕੂਕਾ | 92 |
| 6. | ਪ੍ਰੋ. ਪਿਆਰਾ ਸਿੰਘ ਪਦਮ | ਮਹਾਂਕਵੀ ਕਾਲੀਦਾਸ | 100 |
| 7. | ਗਿਆਨੀ ਗੁਰਦਿੱਤ ਸਿੰਘ | ਮੇਰੇ ਵੱਡੇ–ਵਡੇਰੇ | 107 |
| 8. | ਡਾ. ਨਰਿੰਦਰ ਸਿੰਘ ਕਪੂਰ | ਤੁਰਨ ਦਾ ਹੁਨਰ | 116 |


Downloaded from https:// www.studiestoday.com

Downloaded from https:// www.studiestoday.com

**ਸ਼੍ਰੇਣੀ-ਦਸਵੀਂ**

**ਵਿਸ਼ਾ-ਪੰਜਾਬੀ**

**ਪੇਪਰ-ਏ**

**ਪਾਠ-ਕ੍ਰਮ**

ਸਮਾਂ : 3 ਘੰਟੇ

ਲਿਖਤੀ ਪੇਪਰ : 50
ਆਂਤਰਿਕ ਮੁਲਾਂਕਣ : 25
ਕੁੱਲ ਅੰਕ : 75

ਪ੍ਰਸ਼ਨ 1 ਇਹ ਪ੍ਰਸ਼ਨ ਵਸਤੂਨਿਸ਼ਠ ਕਿਸਮ ਦਾ ਹੋਵੇਗਾ।

(ੳ) ਸਾਹਿਤ-ਮਾਲਾ : 10 ਪੁਸਤਕ ਦੇ ਨਿਰਧਾਰਿਤ ਕਾਵਿ ਧਾਰਾਵਾਂ ਵਿੱਚੋਂ 2 ਪ੍ਰਸ਼ਨ ਅਤੇ ਵਾਰਤਕ ਭਾਗ ਵਿੱਚੋਂ 2 ਪ੍ਰਸ਼ਨ ਪੁੱਛੇ ਜਾਣਗੇ।

(ਅ) ਵੰਨਗੀ : 10 ਪੁਸਤਕ ਦੇ ਕਹਾਣੀ ਭਾਗ ਵਿੱਚੋਂ 2 ਪ੍ਰਸ਼ਨ ਅਤੇ ਇਕਾਂਗੀ ਭਾਗ ਵਿੱਚੋਂ 2 ਪ੍ਰਸ਼ਨ ਪੁੱਛੇ ਜਾਣਗੇ।

(ੲ) ਨਾਵਲ ਵਿੱਚੋਂ 2 ਪ੍ਰਸ਼ਨ ਪੁੱਛੇ ਜਾਣਗੇ।

(ਇਹ ਸਾਰੇ ਪ੍ਰਸ਼ਨ 1/2 + 1/2 ਨੰਬਰ ਦੇ ਹੋਣਗੇ) 5

ਪ੍ਰਸ਼ਨ 2 ਗੁਰਮਿਤ-ਕਾਵਿ, ਸੂਫ਼ੀ-ਕਾਵਿ, ਕਿੱਸਾ-ਕਾਵਿ ਅਤੇ ਬੀਰ-ਕਾਵਿ ਵਿੱਚੋਂ 4 ਕਾਵਿ-ਟੋਟੇ ਦੇ ਕੇ ਕਿਸੇ ਦੋ ਦੀ ਪ੍ਰਸੰਗ ਸਹਿਤ ਵਿਆਖਿਆ ਲਿਖਣ ਲਈ ਕਿਹਾ ਜਾਵੇਗਾ। ਪ੍ਰਸੰਗ ਦਾ 1 ਅੰਕ ਅਤੇ ਵਿਆਖਿਆ ਦੇ 3 ਅੰਕ ਹੋਣਗੇ।

4+4=8

ਪ੍ਰਸ਼ਨ 3 ਕੋਈ ਦੋ ਕਾਵਿ-ਰਚਨਾਵਾਂ ਦੇ ਕੇ ਕਿਸੇ ਇੱਕ ਦਾ ਕੇਂਦਰੀ-ਭਾਵ/ਸਾਰ (ਦੋਵੇਂ ਪੱਖਾਂ ਵਿੱਚੋਂ ਇੱਕ)

ਲਗ-ਪਗ 40 ਸ਼ਬਦਾਂ ਵਿੱਚ ਲਿਖਣ ਲਈ ਕਿਹਾ ਜਾਵੇਗਾ। 3

ਪ੍ਰਸ਼ਨ 4 ਸਾਹਿਤ-ਮਾਲਾ : 10 ਪਾਠ-ਪੁਸਤਕ ਦੇ ਲੇਖਾਂ ਵਿੱਚੋਂ ਦੋ ਲੇਖ ਦੇ ਕੇ ਉਹਨਾਂ ਵਿੱਚੋਂ ਕਿਸੇ ਇੱਕ ਦਾ ਸਾਰ ਲਗ-ਪਗ 150 ਸ਼ਬਦਾਂ ਵਿੱਚ ਲਿਖਣ ਲਈ ਕਿਹਾ ਜਾਵੇਗਾ। 5

Downloaded from https:// www.studiestoday.com

Downloaded from https:// www.studiestoday.com

ਪ੍ਰਸ਼ਨ 5 ਲੇਖਾਂ ਦੇ ਅੰਤ ਵਿੱਚ ਦਿੱਤੇ ਅਭਿਆਸਾਂ ਵਿੱਚੋਂ ਚਾਰ ਪ੍ਰਸ਼ਨ ਦੇ ਕੇ ਦੋ ਪ੍ਰਸ਼ਨਾਂ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ। 2+2=4

ਪ੍ਰਸ਼ਨ 6 ਵੰਨਗੀ : 10 ਪੁਸਤਕ ਵਿੱਚੋਂ ਕੋਈ ਦੋ ਕਹਾਣੀਆਂ ਦੇ ਕੇ ਕਿਸੇ ਇੱਕ ਦਾ ਸਾਰ ਲਗ-ਪਗ 150 ਸ਼ਬਦਾਂ ਵਿੱਚ ਲਿਖਣ ਲਈ ਕਿਹਾ ਜਾਵੇਗਾ। 5

ਪ੍ਰਸ਼ਨ 7 ਕਹਾਣੀਆਂ ਦੇ ਪਾਠ- ਅਭਿਆਸਾਂ ਵਿੱਚੋਂ ਚਾਰ ਪ੍ਰਸ਼ਨ ਦੇ ਕੇ ਕਿਸੇ ਦੋ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ। 2+2=4

ਪ੍ਰਸ਼ਨ 8 ਇਕਾਂਗੀਆਂ ਵਿੱਚੋਂ ਦੋ ਪਾਤਰ ਦੇ ਕੇ ਕਿਸੇ ਇੱਕ ਦਾ ਪਾਤਰ-ਚਿਤਰਨ ਲਗ-ਪਗ 125 ਸ਼ਬਦਾਂ ਵਿੱਚ ਲਿਖਣ ਲਈ ਕਿਹਾ ਜਾਵੇਗਾ। 5

ਪ੍ਰਸ਼ਨ 9 ਇਕਾਂਗੀਆਂ ਵਿੱਚੋਂ ਕੋਈ ਦੋ ਵਾਰਤਾਲਾਪ ਦੇ ਕੇ (ਵਿੱਚ ਜਾਂ ਪਾ ਕੇ), ਹੇਠਾਂ ਦਿੱਤੇ ਤਿੰਨ ਪ੍ਰਸ਼ਨਾਂ ਦੇ ਉੱਤਰ ਦੇਣ ਲਈ ਕਿਹਾ ਜਾਵੇਗਾ। ਤਿੰਨ ਪ੍ਰਸ਼ਨ ਇੱਕ-ਇੱਕ ਅੰਕ ਦੇ ਹੋਣਗੇ। 1+1+1=3

ਪ੍ਰਸ਼ਨ10 ਨਾਵਲ ਵਿੱਚੋਂ ਕੋਈ ਤਿੰਨ ਪਾਤਰ ਦੇ ਕੇ ਕਿਸੇ ਇੱਕ ਦਾ ਪਾਤਰ ਚਿਤਰਨ ਲਗ-ਪਗ 150 ਸ਼ਬਦਾਂ ਵਿੱਚ ਲਿਖਣ ਲਈ ਕਿਹਾ ਜਾਵੇਗਾ। 5

ਪ੍ਰਸ਼ਨ11 ਨਾਵਲ ਵਿੱਚੋਂ ਦੋ ਵਾਰਤਾਲਾਪ ਦੇ ਕੇ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਲਗ-ਪਗ 40 ਸ਼ਬਦਾਂ ਵਿੱਚ ਲਿਖਣ ਲਈ ਕਿਹਾ ਜਾਵੇਗਾ। ਪ੍ਰਸੰਗ ਦਾ 1 ਅੰਕ ਅਤੇ ਵਿਆਖਿਆ ਦੇ 2 ਅੰਕ ਹਨ। 1+2=3

**ਪ੍ਰਸ਼ਨ ਨੰ : 1 ਤੋਂ 5 ਤੱਕ 'ਸਾਹਿਤ-ਮਾਲਾ : 10' ਵਿੱਚੋਂ**

**ਪ੍ਰਸ਼ਨ ਨੰ : 6 ਤੋਂ 9 ਤੱਕ 'ਵੰਨਗੀ : 10' ਵਿੱਚੋਂ**

**ਪ੍ਰਸ਼ਨ ਨੰ :** ਇੱਕ ਹੋਰ ਨਵਾਂ ਸਾਲ (ਨਾਵਲ)

**ਨਿਰਧਾਰਿਤ ਪਾਠ-ਪੁਸਤਕਾਂ :**

(1) 'ਸਾਹਿਤ-ਮਾਲਾ : 10' (2) 'ਵੰਨਗੀ : 10' (3) ਪਹੁ-ਫੁਟਾਲੇ ਤੋਂ ਪਹਿਲਾਂ (ਨਾਵਲ) (ਪੰਜਾਬ ਸਕੂਲ ਸਿੱਖਿਆ ਬੋਰਡ ਮੁਹਾਲੀ ਵੱਲੋਂ ਪ੍ਰਕਾਸ਼ਿਤ)

Downloaded from https:// www.studiestoday.com

Downloaded from https:// www.studiestoday.com

# ਭੂਮਿਕਾ

## ਕਵਿਤਾ - ਭਾਗ

ਆਦਿ-ਕਾਲ ਤੋਂ ਹੀ ਕਵਿਤਾ ਮਨੁੱਖ ਦੇ ਅੰਗ-ਸੰਗ ਰਹੀ ਹੈ। ਮਨੁੱਖੀ ਸੰਵੇਦਨਾ ਦੀ ਤਰਜਮਾਨੀ ਹਰ ਕਾਲ ਵਿੱਚ ਕਾਵਿ-ਰੂਪ ਰਾਹੀਂ ਅਭਿਵਿਅਕਤ ਹੁੰਦੀ ਰਹੀ ਹੈ। ਪੰਜਾਬੀ ਕਵਿਤਾ ਦਾ ਵੀ ਇਹੋ ਖ਼ਾਸਾ ਰਿਹਾ ਹੈ ਕਿ ਇਹ ਇੱਥੋਂ ਦੇ ਲੋਕਾਂ ਦੇ ਹਾਵ-ਭਾਵ, ਦੁੱਖ-ਸੁੱਖ ਤੇ ਸਮਕਾਲੀ ਪਰਸਥਿਤੀਆਂ ਨੂੰ ਰੂਪਮਾਨ ਕਰਦੀ ਰਹੀ ਹੈ। ਪੰਜਾਬੀ ਕਵਿਤਾ ਦਾ ਮੁੱਢ ਬੜਾ ਗੌਰਵਮਈ ਹੈ। ਇਹ ਪੰਜਾਬੀਅਤ ਨਾਲ਼ ਲਬਰੇਜ਼ ਮਨੁੱਖ ਨੂੰ ਚੰਗੇਰੇ ਸਮਾਜ ਦੀ ਸਿਰਜਣਾ ਲਈ ਜਗਾਉਂਦੀ ਰਹੀ ਹੈ। ਦਸਵੀਂ ਸ਼੍ਰੇਣੀ ਲਈ ਕਵਿਤਾ ਦੇ ਇਸ ਸੰਕਲਨ ਵਿੱਚ ਪੰਜਾਬੀ ਕਾਵਿ ਦੇ ਪੁਰਾਤਨ ਚਾਰ ਕਾਵਿ-ਰੂਪਾਂ ਦੀਆਂ ਵੰਨਗੀਆਂ ਨੂੰ ਪੇਸ਼ ਕਰਨ ਦੀ ਕੋਸ਼ਸ਼ ਕੀਤੀ ਹੈ ਜਿਵੇਂ: ਗੁਰਮਤਿ-ਕਾਵਿ, ਸੂਫ਼ੀ-ਕਾਵਿ, ਕਿੱਸਾ-ਕਾਵਿ ਅਤੇ ਬੀਰ-ਕਾਵਿ।

ਇਹਨਾਂ ਚਾਰ ਕਾਵਿ-ਰੂਪਾਂ ਵਿੱਚ ਚੋਣਵੇਂ ਕਵੀਆਂ ਦੀਆਂ, ਚੋਣਵੀਆਂ ਕਵਿਤਾਵਾਂ ਹੀ ਰੱਖੀਆਂ ਗਈਆਂ ਹਨ। ਆਸ ਹੈ ਕਿ ਵਿਦਿਆਰਥੀ ਇਹਨਾਂ ਕਾਵਿ-ਰੂਪਾਂ ਦਾ ਪੂਰਾ ਅਨੰਦ ਮਾਣਨਗੇ।

**ਗੁਰਮਤਿ-ਕਾਵਿ** : ਗੁਰਮਤਿ-ਕਾਵਿ ਦਾ ਰਚਨਾ-ਕਾਲ ਉਂਞ ਤਾਂ ਸ਼ੇਖ਼ ਫ਼ਰੀਦ ਜੀ ਤੋਂ ਸ਼ੁਰੂ ਹੋ ਜਾਂਦਾ ਹੈ ਪਰ ਸ਼ੇਖ਼ ਫ਼ਰੀਦ ਜੀ ਨੂੰ ਸੂਫ਼ੀ-ਕਾਵਿ ਵਿੱਚ ਸ਼ਾਮਲ ਕੀਤਾ ਗਿਆ ਹੈ। ਗੁਰਮਤਿ-ਕਾਵਿ ਵਿੱਚ ਗੁਰੂ ਨਾਨਕ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਨੂੰ ਹੀ ਸ਼ਾਮਲ ਕੀਤਾ ਗਿਆ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਬੀਰ-ਕਾਵਿ ਵਾਲ਼ੇ ਭਾਗ ਵਿੱਚ ਸ਼ਾਮਲ ਕੀਤੀ ਗਈ ਹੈ। ਗੁਰਮਤਿ-ਕਾਵਿ ਦੀਆਂ ਕੁਝ ਵਿਸ਼ੇਸ਼ਤਾਵਾਂ ਇਸ ਤਰ੍ਹਾਂ ਹਨ :

ਗੁਰਬਾਣੀ ਵਿੱਚ ਗੁਰੂ ਕਵੀਆਂ ਨੇ 'ਨਾਨਕ' ਨਾਮ ਦਾ ਪ੍ਰਯੋਗ ਕੀਤਾ ਹੈ। ਹਰ ਸ਼ਬਦ ਦੀ ਆਖ਼ਰੀ ਤੁਕ ਵਿੱਚ 'ਨਾਨਕ' ਸ਼ਬਦ ਆਉਂਦਾ ਹੈ। ਇਸ ਸ਼ਬਦ ਦਾ ਆਉਣਾ ਇਹ ਦਰਸਾਉਂਦਾ ਹੈ ਕਿ ਇਹ ਬਾਣੀ ਇੱਕ ਖ਼ਾਸ ਪਰੰਪਰਾ ਨਾਲ਼ ਸੰਬੰਧਿਤ ਹੈ। ਇਉਂ ਇਸ ਦਾ ਪ੍ਰਭਾਵ ਬੱਝਵੇਂ ਰੂਪ ਵਿੱਚ ਪੈਂਦਾ ਹੈ। ਪੜ੍ਹਨ ਵੇਲ਼ੇ ਜਦੋਂ ਕਿਸੇ ਸ਼ਬਦ ਵਿੱਚ 'ਨਾਨਕ' ਨਾਮ ਆਵੇ ਤਾਂ ਉਸ ਦਾ ਅਰਥ ਇਹ ਨਹੀਂ ਲੈਣਾ ਚਾਹੀਦਾ ਕਿ ਇਹ ਰਚਨਾ ਗੁਰੂ ਨਾਨਕ ਦੇਵ ਜੀ ਦੀ ਹੈ ਸਗੋਂ ਸੰਬੰਧਿਤ ਗੁਰੂ-ਕਵੀ ਹੀ ਲੈਣਾ



Downloaded from https:// www.studiestoday.com

Downloaded from https:// www.studiestoday.com



ਚਾਹੀਦਾ ਹੈ। ਜਿਵੇਂ ਗੁਰੂ ਅਰਜਨ ਦੇਵ ਜੀ ਇੱਕ ਤੁਕ ਵਿੱਚ ਲਿਖਦੇ ਹਨ :

"ਗੁਰਿ ਪੂਰੇ ਵਜੀ ਵਾਧਾਈ ਨਾਨਕ ਜਿਤਾ ਬਿਖਾੜਾ ਜੀਉ।।"

ਇੱਥੇ 'ਨਾਨਕ' ਸ਼ਬਦ ਗੁਰੂ ਅਰਜਨ ਦੇਵ ਜੀ ਨੇ ਆਪਣੇ ਲਈ ਪ੍ਰਯੋਗ ਕੀਤਾ ਹੈ।

ਗੁਰੂ ਸਾਹਿਬਾਨ ਦੀ ਬਾਣੀ ਵਿੱਚ 'ਗੁਰੂ' ਸ਼ਬਦ ਦਾ ਪ੍ਰਯੋਗ ਵੀ ਹੋਇਆ ਹੈ ਅਤੇ 'ਗੁਰੂ' ਬਾਰੇ ਬੜੇ ਵਿਚਾਰ ਵੀ ਦਿੱਤੇ ਗਏ ਹਨ। ਗੁਰਬਾਣੀ ਵਿੱਚ ਗੁਰੂ ਤੋਂ ਭਾਵ ਗੁਰੂ ਨਾਨਕ ਦੇਵ ਜੀ ਜਾਂ ਗੁਰੂ ਅਰਜਨ ਦੇਵ ਜੀ ਨਹੀਂ ਸਗੋਂ 'ਗੁਰੂ ਸ਼ਬਦ' ਗੁਰਬਾਣੀ ਲਈ ਜਾਂ ਸ਼ਬਦ ਲਈ ਜਾਂ ਗਿਆਨ ਲਈ ਪ੍ਰਯੋਗ ਹੋਇਆ ਹੈ। ਇਸ ਬਾਰੇ ਗੁਰੂ ਨਾਨਕ ਦੇਵ ਜੀ ਲਿਖਦੇ ਹਨ :

"ਸ਼ਬਦ ਗੁਰੂ ਸੁਰਤ ਧੁਨ ਚੇਲਾ ।।"

ਗੁਰੂ ਰਾਮਦਾਸ ਜੀ ਦਾ ਕਥਨ ਹੈ :

"ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ।।"

ਤੇ ਗੁਰੂ ਗੋਬਿੰਦ ਸਿੰਘ ਜੀ ਫ਼ਰਮਾਉਂਦੇ ਹਨ :

"ਗਿਆਨ ਗੁਰੂ ਆਤਮ ਉਪਦੇਸਹੁ ਨਾਮ ਬਿਭੂਤ ਲਗਾਓ।।"

ਗੁਰੂ ਸਾਹਿਬ ਆਪ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਦੇ ਹਨ। ਇਸ ਲਈ ਗੁਰੂ ਸ਼ਬਦ ਨੂੰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨਾਲ਼ ਸੰਬੰਧਿਤ ਕਰਕੇ ਅਧਿਐਨ ਕਰਨਾ ਚਾਹੀਦਾ ਹੈ।

ਗੁਰਬਾਣੀ ਨੂੰ ਪੜ੍ਹਨ ਤੇ ਪੜ੍ਹਾਉਣ ਸੰਬੰਧੀ ਇੱਕ ਹੋਰ ਮਹੱਤਵਪੂਰਨ ਗੱਲ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਧਿਆਨ ਵਿੱਚ ਰੱਖਣੀ ਚਾਹੀਦੀ ਹੈ -ਉਹ ਇਹ ਹੈ ਕਿ ਗੁਰਬਾਣੀ ਦਾ ਇੱਕ ਵਿਸ਼ੇਸ਼ ਵਿਆਕਰਨ ਹੈ। ਇਸ ਬਾਰੇ ਵਿਸਥਾਰ ਵਿੱਚ ਨਾ ਜਾਂਦਿਆਂ ਏਥੇ ਸਿਰਫ਼ ਸ਼ਬਦਾਂ ਨੂੰ ਲਗਾਂ, ਮਾਤਰਾਂ ਬਾਰੇ ਹੀ ਜਾਣਨ ਦੀ ਲੋੜ ਹੈ। ਗੁਰਬਾਣੀ ਵਿੱਚ ਸ਼ਬਦਾਂ ਦੇ ਅੰਤ ਵਿੱਚ ਲੱਗੀਆਂ ਲਘੂ ਲਗਾਂ, ਮਾਤਰਾਂ ਨੂੰ ਬਹੁਤ ਵਾਰ ਉਚਾਰਿਆ ਨਹੀਂ ਜਾਂਦਾ ਪਰ ਇਹਨਾਂ ਦੇ ਲਾਉਣ ਜਾਂ ਨਾ ਲਾਉਣ ਨਾਲ਼ ਅਰਥ-ਭੇਦ ਅਤੇ ਵਿਆਕਰਨਿਕ ਭੇਦ ਆਉਂਦਾ ਹੈ।

ਆਮ ਤੌਰ 'ਤੇ ਸ਼ਬਦ ਦੇ ਅੰਤ ਵਿਚਲੇ 'ਹ' ਨੂੰ ਛੱਡ ਕੇ ਬਾਕੀ ਵਿਅੰਜਨ ਅੱਖਰਾਂ ਨੂੰ ਲੱਗੀ 'ਔਂਕੜ' ਜਾਂ 'ਸਿਹਾਰੀ' ਉਚਾਰੀ ਨਹੀਂ ਜਾਂਦੀ। ਪਰ ਇਹਨਾਂ ਲਗਾਂ ਦੀ ਹੋਂਦ ਜਾਂ ਅਣਹੋਂਦ ਵਿਆਕਰਨਿਕ-ਭੇਦ ਤੇ ਅਰਥ-ਭੇਦ ਪੈਦਾ ਕਰਦੀ

Downloaded from https:// www.studiestoday.com

Downloaded from https:// www.studiestoday.com



ਹੈ। ਮਿਸਾਲ ਲਈ :

"ਆਹਰ ਸਭ ਕਰਦਾ ਫਿਰੈ ਆਹਰੁ ਇਕੁ ਨਾ ਹੋਇ।
ਨਾਨਕ ਜਿਤੁ ਆਹਰਿ ਜਗੁ ਉਧਰੈ ਵਿਰਲਾ ਬੂਝੈ ਕੋਇ।।"

(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 965)

ਉਪਰੋਕਤ ਤੁਕ ਵਿੱਚ 'ਆਹਰ' ਲਫ਼ਜ਼ ਨੂੰ ਦੇਖੋ : ਪਹਿਲੀ ਥਾਂ ਅੰਤਲਾ 'ਰ' ਮੁਕਤਾ ਹੈ, ਏਥੇ 'ਆਹਰ' 'ਬਹੁਵਚਨ' ਹੈ। ਦੂਜੀ ਥਾਂ 'ਰ' ਨੂੰ 'ਔਂਕੜ' ਹੈ। ਇੱਥੇ 'ਆਹਰੁ' 'ਇੱਕ-ਵਚਨ' ਹੈ। ਤੀਜੀ ਥਾਂ ਅੰਤਲੇ 'ਰ' ਨੂੰ ਸਿਹਾਰੀ ਹੈ। ਏਥੇ 'ਆਹਰਿ' ਦਾ ਅਰਥ, 'ਆਹਰ ਦੇ ਕਰਨ ਨਾਲ' ਹੈ, ਇਸ ਲਈ ਏਥੇ 'ਆਹਰਿ' 'ਕਰਨ-ਕਾਰਕ' ਹੈ।

ਇਸ ਰੋਸ਼ਨੀ ਵਿੱਚ ਗੁਰਬਾਣੀ ਦੇ ਸ਼ਬਦਾਂ ਵਿੱਚ ਜਿੱਥੇ ਅੰਤਲਾ ਵਿਅੰਜਨ 'ਮੁਕਤਾ' ਹੁੰਦਾ ਹੈ ਉਹ 'ਬਹੁ-ਵਚਨ', ਜੇ ਅੰਤਲੇ ਵਿਅੰਜਨ ਨੂੰ ਔਂਕੜ ਲੱਗੀ ਹੋਵੇ ਤਾਂ ਇੱਕ ਵਚਨ, ਜੇ ਸਿਹਾਰੀ ਲੱਗੀ ਹੋਵੇ ਤਾਂ 'ਕਰਨ-ਕਾਰਕ' ਹੁੰਦਾ ਹੈ।

ਇਹ ਇੱਕ ਉਦਾਹਰਨ ਮਾਤਰ ਹੈ। ਅਧਿਆਪਕ ਪੁਸਤਕ ਵਿੱਚੋਂ ਹੋਰ ਮਿਸਾਲਾਂ ਦੇ ਕੇ ਗੁਰਬਾਣੀ-ਵਿਆਕਰਨ ਸੰਬੰਧੀ ਵਧੇਰੇ ਵਿਸਥਾਰ ਨਾਲ ਵਿਦਿਆਰਥੀਆਂ ਨੂੰ ਸਮਝਾ ਸਕਦੇ ਹਨ।

ਗੁਰੂ ਸਾਹਿਬਾਨ ਦੇ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਲਏ ਗਏ ਹਨ। ਵਿਦਿਆਰਥੀ ਜੇ ਗੁਰੂ ਗ੍ਰੰਥ ਸਾਹਿਬ ਵਿੱਚੋਂ ਵੀ ਇਹਨਾਂ ਸ਼ਬਦਾਂ ਨੂੰ ਪੜ੍ਹਨਾ ਚਾਹੁਣ ਤਾਂ ਪੜ੍ਹ ਸਕਦੇ ਹਨ। ਭਾਈ ਗੁਰਦਾਸ ਜੀ ਦੀਆਂ ਚਾਲੀ ਵਾਰਾਂ ਦੀ ਖ਼ੂਬੀ ਇਹ ਹੈ ਕਿ ਇਹ ਸ਼ੁੱਧ ਟਕਸਾਲੀ ਪੰਜਾਬੀ ਵਿੱਚ ਹਨ। ਭਾਈ ਗੁਰਦਾਸ ਜੀ ਨੇ ਜਿਸ ਸੂਝ-ਬੂਝ ਨਾਲ ਗੁਰਮਤਿ ਸਿਧਾਂਤਾਂ ਦੀ ਸੁੰਦਰ ਵਿਆਖਿਆ ਕੀਤੀ ਹੈ, ਉਸ ਦਾ ਕੋਈ ਮੁਕਾਬਲਾ ਨਹੀਂ। ਵਾਰਾਂ ਵਿੱਚੋਂ ਕੁਝ ਨਮੂਨੇ ਪਾਠ-ਪੁਸਤਕ ਵਿੱਚ ਸ਼ਾਮਲ ਕੀਤੇ ਗਏ ਹਨ।

**ਸੂਫ਼ੀ-ਕਾਵਿ** : ਪੰਜਾਬੀ ਸੂਫ਼ੀ ਕਵਿਤਾ ਦਾ ਅਰੰਭ ਮੁਸਲਮਾਨਾਂ ਦੇ ਪੰਜਾਬ ਵਿੱਚ ਆਉਣ ਨਾਲ ਹੋਇਆ। ਸੂਫ਼ੀ ਫ਼ਕੀਰ ਧਾਰਮਿਕ ਕੱਟੜਪੁਣੇ ਨੂੰ ਨਹੀਂ ਸੀ ਮੰਨਦੇ। ਇਸ ਲਈ ਉਹਨਾਂ ਨੇ ਆਪਣੇ ਵਿਚਾਰਾਂ ਨੂੰ ਲੋਕ-ਬੋਲੀ ਵਿੱਚ ਪ੍ਰਚਲਿਤ ਬਿੰਬਾਂ, ਪ੍ਰਤੀਕਾਂ ਅਤੇ ਸਥਾਨਿਕ ਕਾਵਿ-ਰੂਪਾਂ ਤੇ ਛੰਦਾਂ ਵਿੱਚ ਪ੍ਰਗਟਾਇਆ।

ਸੂਫ਼ੀ-ਕਾਵਿ ਬਾਬਾ ਫ਼ਰੀਦ ਜੀ ਤੋਂ ਸ਼ੁਰੂ ਹੁੰਦਾ ਹੈ। ਬਾਬਾ ਫ਼ਰੀਦ ਜੀ ਦੇ ਵਿਚਾਰਾਂ ਦਾ ਘੇਰਾ ਏਨਾ ਵਿਸ਼ਾਲ ਹੈ ਕਿ ਉਹਨਾਂ ਦੀ ਕਵਿਤਾ ਨੂੰ ਉੱਚ-ਪੱਧਰ ਦੀ ਅਤੇ ਗੁਰਮਤਿ ਅਨੁਸਾਰ ਹੋਣ ਕਰਕੇ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਕੀਤਾ ਗਿਆ ਹੈ। ਫ਼ਰੀਦ-ਬਾਣੀ ਪੰਜਾਬੀ ਅਧਿਆਤਮਕਤਾ ਦੀ ਐਸੀ ਮਿਸਾਲ ਹੈ ਕਿ

Downloaded from https:// www.studiestoday.com

Downloaded from https:// www.studiestoday.com



ਅੱਜ ਤੋਂ ਸੱਤ ਸੌ ਵਰ੍ਹੇ ਪਹਿਲਾਂ ਉਸ ਮਹਾਨ ਫ਼ਕੀਰ ਨੇ ਆਪਣੇ ਭਾਵਾਂ ਨੂੰ ਪ੍ਰਗਟ ਕਰਨ ਲਈ ਪੰਜਾਬੀ ਭਾਸ਼ਾ ਨੂੰ ਚੁਣਿਆ। ਫ਼ਰੀਦ ਜੀ ਦੀ ਬਾਣੀ ਇਖ਼ਲਾਕੀ ਗੁਣਾਂ ਦੀ ਧਾਰਨੀ ਹੈ। ਉਹ ਸਹਿਨਸ਼ੀਲਤਾ, ਨਿਮਰਤਾ, ਸਬਰ-ਸੰਤੋਖ, ਬੁਰੇ ਦਾ ਭਲਾ ਕਰਨ ਨੂੰ ਤੇ ਆਪਣੇ ਆਪ ਨੂੰ ਸੁਆਰਨ ਦੀ ਤਾਕੀਦ ਕਰਦੇ ਹਨ-

ਫ਼ਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ।
ਦੇਹੀ ਰੋਗ ਨ ਲਗਈ ਪਲੈ ਸਭੁ ਕਿਛੁ ਪਾਇ ॥

ਫ਼ਰੀਦ ਜੀ ਦੀ ਸਾਰੀ ਜ਼ਿੰਦਗੀ ਦਾ ਨਿਚੋੜ ਇਹ ਹੈ ਕਿ ਉਸ ਦੇ ਮਹਿਬੂਬ (ਪਰਮਾਤਮਾ) ਤੋਂ ਉੱਪਰ ਕੋਈ ਮਿੱਠੀ ਚੀਜ਼ ਨਹੀਂ– ਸ਼ੱਕਰ, ਖੰਡ, ਮਿਸਰੀ ਨਾਲ ਉਸ ਦਾ ਕੋਈ ਮੁਕਾਬਲਾ ਨਹੀਂ–

ਸ਼ਕਰ ਖੰਡ ਨਿਵਾਤ ਗੁੜ,ਮਾਖਿਓਂ ਮਾਝਾ ਦੁਧ,
ਸਭੇ ਵਸਤੂ ਮਿੱਠੀਆਂ, ਰਬ ਨ ਪੁਜਨਿ ਤੁਧ।

ਫ਼ਰੀਦ ਜੀ ਜੰਗਲੀ ਫੁੱਲਾਂ ਨਾਲੋਂ ਕੰਕਰ ਚੁਗਣ ਵਾਲੇ ਬਣਵਾਸੀ ਪੰਛੀਆਂ ਨੂੰ ਚੰਗਿਆਂ ਸਮਝਦੇ ਹਨ। ਫ਼ਰੀਦ ਜੀ ਉਹਨਾਂ ਤੋਂ ਬਲਿਹਾਰ ਜਾਂਦੇ ਹਨ :

ਹਉ ਬਲਿਹਾਂਰੀ ਤਿਨਾਂ ਪੰਖੀਆਂ ਜੰਗਲਿ ਜਿਨਾ ਵਾਸ,
ਕੰਕਰ ਚੁਗਨ ਥਲਿ ਵਸਨ, ਰੱਬ ਨ ਛੋਡਨਿ ਪਾਸ।

ਫ਼ਰੀਦ ਜੀ ਦੇ ਸਲੋਕ ਸਰਬ ਸਾਂਝੀ ਟਕਸਾਲੀ ਪੰਜਾਬੀ ਦੀ ਸੋਹਣੀ ਵੰਨਗੀ ਪੇਸ਼ ਕਰਦੇ ਹਨ। ਇਸ ਪਾਠ-ਪੁਸਤਕ ਵਿੱਚ ਸ਼ੇਖ਼ ਫਰੀਦ, ਸ਼ਾਹ ਹੁਸੈਨ ਤੇ ਬੁਲ੍ਹੇ ਸ਼ਾਹ ਵਰਗੇ ਪ੍ਰਤਿਨਿਧ ਕਵੀਆਂ ਦੀਆਂ ਰਚਨਾਵਾਂ ਹੀ ਸ਼ਾਮਲ ਕੀਤੀਆਂ ਗਈਆਂ ਹਨ।

**ਬੀਰ-ਕਾਵਿ**– ਪੰਜਾਬ ਸਰਹੱਦੀ ਸੂਬਾ ਹੈ। ਇਹ ਹਮੇਸ਼ਾਂ ਹੀ ਜੰਗ ਦਾ ਮੈਦਾਨ ਬਣਿਆ ਰਿਹਾ ਹੈ। ਇਸ ਕਰਕੇ ਹੀ ਇਹ ਅਖਾਣ ਪ੍ਰਚਲਿਤ ਹੋ ਗਿਆ ਕਿ–

"ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ"

ਇੱਥੋਂ ਦੇ ਲੋਕਾਂ ਨੂੰ ਲੜਾਈ ਲਈ ਹਰ ਵੇਲੇ ਤਿਆਰ ਰਹਿਣਾ ਪੈਂਦਾ ਸੀ। ਇਸ ਕਰਕੇ ਇੱਥੋਂ ਦੇ ਬਹੁਤ ਸਾਰੇ ਕਵੀਆਂ ਨੇ ਲੋਕਾਂ ਵਿੱਚ ਉਤਸ਼ਾਹ ਭਰਨ ਲਈ ਅਜਿਹਾ ਸਾਹਿਤ ਰਚਿਆ ਜੋ ਲੋਕਾਂ ਵਿੱਚ ਬੀਰ-ਰਸੀ ਭਾਵਨਾ ਪੈਦਾ ਕਰੇ। ਪੁਰਾਤਨ ਕਾਲ ਵਿੱਚ ਕਈ ਵਾਰਾਂ ਲਿਖੀਆਂ ਗਈਆਂ ਪਰ ਉਹਨਾਂ ਵਿੱਚੋਂ ਕੇਵਲ ਨੌਂ ਵਾਰਾਂ ਦੀਆਂ ਕੁਝ ਪੌੜੀਆਂ ਹੀ ਮਿਲਦੀਆਂ ਹਨ। ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਸਾਹਿਬਾਨ ਦੁਆਰਾ ਰਚੀਆਂ ਗਈਆਂ ਕੁਝ ਵਾਰਾਂ ਵੀ ਹਨ ਪਰ ਇਹਨਾਂ ਦਾ ਵਿਸ਼ਾ ਯੁੱਧ ਵਾਲਾ ਨਹੀਂ ਸਗੋਂ ਅਧਿਆਤਮਿਕ ਹੈ। ਪੰਜਾਬੀ ਵਿੱਚ ਪਹਿਲੀ ਮੁਕੰਮਲ ਬੀਰ-ਰਸ ਦੀ ਵਾਰ ਗੁਰੂ ਗੋਬਿੰਦ ਸਿੰਘ ਜੀ ਦੀ ਰਚੀ ਹੋਈ 'ਚੰਡੀ ਦੀ ਵਾਰ' ਹੈ ਜਿਸ ਦਾ

Downloaded from https:// www.studiestoday.com

Downloaded from https:// www.studiestoday.com


ਅਸਲੀ ਨਾਂ 'ਵਾਰ ਸ੍ਰੀ ਭਗਉਤੀ ਜੀ ਕੀ' ਹੈ। ਇਸ ਵਾਰ ਵਿੱਚ ਉਹਨਾਂ ਨੇ ਦੁਰਗਾ ਅਤੇ ਦੈਂਤਾਂ ਦੇ ਯੁੱਧ ਦਾ ਵਰਨਣ ਕੀਤਾ ਹੈ।

**ਕਿੱਸਾ-ਕਾਵਿ :** ਸਾਹਿਤ ਵਿੱਚ ਜਿਹੜੀ ਮਹੱਤਤਾ ਅੱਜ-ਕੱਲ੍ਹ ਨਾਵਲ ਦੀ ਹੈ, ਇਹੀ ਮਹੱਤਤਾ ਮੱਧ-ਕਾਲ ਵਿੱਚ ਕਿੱਸਿਆਂ ਦੀ ਸੀ। ਪੰਜਾਬੀ ਵਿੱਚ ਪਹਿਲਾ ਕਿੱਸਾ ਦਮੋਦਰ ਰਚਿਤ 'ਹੀਰ' ਮਿਲਦਾ ਹੈ। ਇਹ ਕਿੱਸਾ ਅਕਬਰ ਦੇ ਰਾਜ-ਕਾਲ ਵਿੱਚ ਰਚਿਆ ਗਿਆ ਜਾਪਦਾ ਹੈ। ਹੀਰ ਦੀ ਇਸ ਕਹਾਣੀ ਨੂੰ ਹੋਰ ਵੀ ਬਹੁਤ ਸਾਰੇ ਕਿੱਸਾਕਾਰਾਂ ਨੇ ਕਵਿਤਾਇਆ ਹੈ। ਦਮੋਦਰ ਤੋਂ ਬਾਅਦ ਪੀਲੂ ਨੇ 'ਮਿਰਜ਼ਾ ਸਾਹਿਬਾਂ' ਦੀ ਨਵੀਂ ਪ੍ਰੀਤ-ਕਹਾਣੀ ਲੈ ਕੇ ਕਿੱਸੇ ਦੀ ਰਚਨਾ ਕੀਤੀ। ਪਿੱਛੋਂ ਵਾਰਿਸਸ਼ਾਹ ਨੇ ਹੀਰ ਦਾ ਕਿੱਸਾ ਲਿਖ ਕੇ ਜਿੱਥੇ ਆਪ ਜੱਸ ਖੱਟਿਆ ਉੱਥੇ ਹੀਰ ਨੂੰ ਵੀ ਅਮਰ ਕਰ ਦਿੱਤਾ। ਇਹ ਕਿੱਸਾ ਪੰਜਾਬ ਵਿੱਚ ਸਭ ਤੋਂ ਵੱਧ ਪੜ੍ਹਿਆ-ਸੁਣਿਆ ਗਿਆ ਹੈ। ਇਸੇ ਤਰ੍ਹਾਂ ਹਾਸ਼ਮ ਦੀ 'ਸੱਸੀ' ਤੇ ਕਾਦਰਯਾਰ ਦਾ 'ਪੂਰਨ ਭਗਤ' ਦਾ ਕਿੱਸਾ ਵੀ ਬਹੁਤ ਮਸ਼ਹੂਰ ਹੈ।

ਇਹਨਾਂ ਕਿੱਸਿਆਂ ਦੇ ਕੁਝ ਚੋਣਵੇਂ ਨਮੂਨੇ ਹੀ ਇਸ ਪਾਠ-ਪੁਸਤਕ ਵਿੱਚ ਸ਼ਾਮਲ ਕੀਤੇ ਗਏ ਹਨ।

*****

Downloaded from https:// www.studiestoday.com

Downloaded from https:// www.studiestoday.com

## ਗੁਰਮਤਿ-ਕਾਵਿ

# ਗੁਰੂ ਨਾਨਕ ਦੇਵ ਜੀ

(1469-1539)

ਗੁਰੂ ਨਾਨਕ ਦੇਵ ਜੀ ਸਿੱਖਾਂ ਦੇ ਪਹਿਲੇ ਗੁਰੂ ਹੋਏ ਹਨ। ਆਪ ਜੀ ਦਾ ਜਨਮ ਰਾਇ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ) ਵਿੱਚ ਹੋਇਆ ਜੋ ਅੱਜ-ਕੱਲ੍ਹ ਪਾਕਿਸਤਾਨ ਵਿੱਚ ਹੈ। ਆਪ ਦੇ ਮਾਤਾ ਤ੍ਰਿਪਤਾ ਜੀ ਸਨ ਅਤੇ ਆਪ ਦੇ ਪਿਤਾ ਮਹਿਤਾ ਕਾਲੂ ਜੀ ਉਸ ਸਮੇਂ ਪਟਵਾਰੀ ਸਨ ।

ਆਪ ਜੀ ਨੇ ਕੇਵਲ ਬਾਣੀ ਹੀ ਨਹੀਂ ਰਚੀ ਸਗੋਂ ਮਹਾਨ ਸਮਾਜ ਸੁਧਾਰਕ ਵਜੋਂ ਲੋਕ -ਚੇਤਨਾ ਜਗਾਈ। ਲੋਕਾਈ ਨੂੰ ਸੱਚ ਦੇ ਮਾਰਗ ਦਾ ਉਪਦੇਸ਼ ਦਿੱਤਾ। ਆਪ ਨੇ ਚਾਰ ਉਦਾਸੀਆਂ ਵਿੱਚ ਬਹੁਤ ਦੂਰ- ਦੂਰ ਦੇਸ-ਪਰਦੇਸ ਦੀ ਯਾਤਰਾ ਕੀਤੀ। ਆਪ ਉਸ ਸਮੇਂ ਦੇ ਹਰ ਧਰਮ ਦੇ ਤੀਰਥ-ਅਸਥਾਨ 'ਤੇ ਗਏ ਅਤੇ ਉੱਥੋਂ ਦੇ ਧਾਰਮਿਕ ਪੈਰੋਕਾਰਾਂ ਨਾਲ਼ ਵਿਚਾਰ-ਵਟਾਂਦਰਾ, ਗੋਸ਼ਟਾਂ ਕੀਤੀਆਂ। ਆਪ ਸਭ ਮਨੁੱਖਾਂ ਨੂੰ ਬਰਾਬਰ ਸਮਝਦੇ ਸਨ ਅਤੇ ਨੇਕ-ਕਰਨੀ ਉੱਤੇ ਜ਼ੋਰ ਦਿੰਦੇ ਸਨ।

ਆਪਣੀਆਂ ਯਾਤਰਾਵਾਂ ਤੋਂ ਬਾਅਦ ਆਪ ਨੇ ਗ੍ਰਿਹਸਥੀ ਜੀਵਨ ਬਤੀਤ ਕੀਤਾ। ਇਸ ਸਮੇਂ ਆਪ ਨੇ ਕਰਤਾਰਪੁਰ ਵਿਖੇ ਖੇਤੀ-ਬਾੜੀ ਕਰਕੇ ਦਸਾਂ ਨਹੁੰਆਂ ਦੀ ਕਿਰਤ ਕਰਨ ਦਾ ਰਾਹ ਦੱਸਿਆ। ਆਪ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। 'ਜਪੁ ਜੀ' ਅਤੇ 'ਆਸਾ ਦੀ ਵਾਰ' ਆਪ ਦੀਆਂ ਸਭ ਤੋਂ ਵੱਧ ਪ੍ਰਸਿੱਧ ਬਾਣੀਆਂ ਹਨ। ਆਪ ਦੀ ਬਾਣੀ ਵਿੱਚ ਫ਼ਾਰਸੀ, ਅਰਬੀ, ਹਿੰਦੀ ਤੇ ਸੰਸਕ੍ਰਿਤ ਆਦਿ ਭਾਸ਼ਾਵਾਂ ਦੇ ਬਹੁਤ ਸਾਰੇ ਸ਼ਬਦ ਮਿਲ਼ਦੇ ਹਨ । ਆਪ ਦੀ ਬਾਣੀ ਵਿੱਚੋਂ ਕੁਝ ਸ਼ਬਦ ਵਿਦਿਆਰਥੀਆਂ ਦੇ ਪੜ੍ਹਨ ਲਈ ਦਿੱਤੇ ਜਾ ਰਹੇ ਹਨ।

## ਪਵਣੁ ਗੁਰੂ ਪਾਣੀ ਪਿਤਾ

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥
ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥
ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ॥
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥
ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥1॥

(ਪੰਨਾ 8)



Downloaded from https:// www.studiestoday.com

Downloaded from https:// www.studiestoday.com



**ਅਰਥਾਵਲੀ :**

**ਪਵਣੁ** - ਹਵਾ । **ਮਹਤੁ** - ਵੱਡੀ । **ਦਿਵਸੁ** - ਦਿਨ । **ਦੁਇ** - ਦੋਵੇਂ । **ਦਾਈ ਦਾਇਆ** - ਖਿਡਾਉਣ ਵਾਲੇ । **ਸਗਲ** - ਸਾਰਾ । **ਵਾਚੈ** - ਪਰਖਦਾ ਹੈ । **ਹਦੂਰਿ** - ਅਕਾਲ-ਪੁਰਖ ਦੀ ਹਜ਼ੂਰੀ ਵਿੱਚ । **ਕਰਮੀ**-ਕਰਮਾਂ ਅਨੁਸਾਰ । **ਕੇ** - ਕਈ ਜੀਵ । **ਨੇੜੈ** - ਅਕਾਲ-ਪੁਰਖ ਦੇ ਨਜ਼ਦੀਕ । **ਜਿਨੀ** - ਜਿਨ੍ਹਾਂ ਮਨੁੱਖਾਂ ਨੇ । **ਧਿਆਇਆ** - ਸਿਮਰਿਆ ਹੈ। **ਮਸਕਤਿ** ਮਿਹਨਤ . **ਘਾਲ** -ਕਮਾਈ । **ਘਾਲਿ** - ਘਾਲ ਕੇ, ਸਫ਼ਲੀ ਕਰਕੇ । **ਮੁਖ ਉਜਲੇ** - ਉੱਜਲ ਮੁੱਖ ਵਾਲੇ । **ਕੇਤੀ** - ਕਈ ਜੀਵ । **ਛੁਟੀ** - ਮੁਕਤੀ ।

**ਅਰਥ :**

ਹਵਾ ਗੁਰੂ ਹੈ, ਪਾਣੀ ਪਿਤਾ ਹੈ ਅਤੇ ਵਿਸ਼ਾਲ ਧਰਤੀ ਮਾਤਾ ਹੈ । ਦਿਨ ਅਤੇ ਰਾਤ ਦੋਵੇਂ ਪਾਲਣ ਅਤੇ ਖਿਡਾਉਣ ਵਾਲੇ ਹਨ ਅਤੇ ਸਾਰਾ ਸੰਸਾਰ ਉਹਨਾਂ ਦੇ ਹੱਥਾਂ ਵਿੱਚ ਖੇਡ ਰਿਹਾ ਹੈ। ਧਰਮਰਾਜ ਅਕਾਲ ਪੁਰਖ ਦੀ ਹਜ਼ੂਰੀ ਵਿੱਚ (ਜੀਵਾਂ ਦੇ ਕੀਤੇ ਹੋਏ)ਚੰਗੇ ਤੇ ਮੰਦੇ ਕੰਮ ਵਿਚਾਰਦਾ ਹੈ। ਆਪੋ-ਆਪਣੇ (ਇਹਨਾਂ ਕੀਤੇ ਹੋਏ) ਕਰਮਾਂ ਦੇ ਅਨੁਸਾਰ ਕਈ ਜੀਵ ਅਕਾਲ ਪੁਰਖ ਦੇ ਨੇੜੇ ਹੋ ਜਾਂਦੇ ਹਨ ਅਤੇ ਕਈ ਅਕਾਲ ਪੁਰਖ ਤੋਂ ਦੂਰ ਹੋ ਜਾਂਦੇ ਹਨ। ਜਿਨ੍ਹਾਂ ਮਨੁੱਖਾਂ ਨੇ ਅਕਾਲ ਪੁਰਖ ਦਾ ਨਾਮ ਸਿਮਰਿਆ ਹੈ,ਉਹ ਆਪਣੀ ਮਿਹਨਤ ਸਫ਼ਲੀ ਕਰ ਗਏ ਹਨ। ਅਕਾਲ ਪੁਰਖ ਦੇ ਦਰ 'ਤੇ ਉਹ ਉੱਜਲ ਮੁਖ ਵਾਲੇ ਹਨ ਅਤੇ ਹੋਰ ਵੀ ਕਈ ਜੀਵ ਉਹਨਾਂ ਦੀ ਸੰਗਤ ਵਿੱਚ ਰਹਿ ਕੇ ਬੰਧਨਾਂ ਤੋਂ ਅਜ਼ਾਦ ਹੋ ਗਏ, ਭਾਵ ਮੁਕਤੀ ਪ੍ਰਾਪਤ ਕਰ ਗਏ।

## ਸੋ ਕਿਉ ਮੰਦਾ ਆਖੀਐ

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥<br>
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥<br>
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥<br>
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥<br>
ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥<br>
ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥<br>
ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ ॥<br>
ਨਾਨਕ ਤੇ ਮੁਖ ਉਜਲੇ ਤਿਤੁ ਸਚੈ ਦਰਬਾਰਿ ॥

(ਵਾਰ ਆਸਾ , ਮਹਲਾ ।)

Downloaded from https:// www.studiestoday.com

Downloaded from https:// www.studiestoday.com



**ਅਰਥਾਵਲੀ :**

**ਭੰਡਿ** - ਇਸਤਰੀ । **ਨਿੰਮੀਐ** - ਪ੍ਰਾਣੀ ਦਾ ਸਰੀਰ ਬਣਦਾ ਹੈ । **ਮੰਗਣੁ** - ਕੁੜਮਾਈ,ਮੰਗਣੀ । **ਦੋਸਤੀ** - ਪਿਆਰ । **ਚਲੈ ਰਾਹੁ** - ਸੰਤਾਨ ਦੀ ਉਤਪਤੀ ਦਾ ਰਸਤਾ। **ਬੰਧਾਨ** - ਸੰਬੰਧ,ਰਿਸ਼ਤੇਦਾਰੀ । **ਰਾਜਾਨੁ** - ਵੱਡੇ ਲੋਕ ਭਾਵ ਰਾਜੇ । **ਭਾਗਾ ਰਤੀ ਚਾਰਿ** - ਚੰਗੇ ਭਾਗਾਂ ਦੇ ਕਾਰਨ ਉਹ ਮੁੱਖ ਲਾਲ ਸੋਹਣਾ ਲੱਗਦਾ ਹੈ।

**ਅਰਥ:**

ਮਨੁੱਖ ਇਸਤਰੀ ਤੋਂ ਜੰਮਦਾ ਹੈ।ਇਸਤਰੀ (ਦੇ ਪੇਟ ਵਿੱਚ) ਪਲਦਾ ਹੈ,ਇਸਤਰੀ ਨਾਲ ਮੰਗਣੀ ਅਤੇ ਵਿਆਹ ਹੁੰਦਾ ਹੈ।ਇਸਤਰੀ ਨਾਲ (ਸੰਸਾਰਿਕ) ਸੰਬੰਧ ਜੁੜਦਾ ਹੈ, ਇਸਤਰੀ ਤੋਂ ਹੀ (ਪਰਿਵਾਰਿਕ ਵਿਕਾਸ ਦਾ)ਰਸਤਾ ਚੱਲਦਾ ਹੈ। ਇੱਕ ਇਸਤਰੀ ਦੇ ਮਰਨ ਉਪਰੰਤ (ਹੋਰ) ਇਸਤਰੀ ਦੀ ਭਾਲ ਕੀਤੀ ਜਾਂਦੀ ਹੈ ਇਸਤਰੀ ਨਾਲ ਹੀ (ਸਮਾਜਿਕ) ਬੰਧੇਜ ਹੁੰਦਾ ਹੈ।ਉਸ ਇਸਤਰੀ ਨੂੰ ਮੰਦਾ (ਬੁਰਾ-ਭਲਾ) ਕਿਉਂ ਕਿਹਾ ਜਾਵੇ ਜਿਸ ਦੀ ਕੁੱਖੋਂ ਰਾਜੇ ਅਰਥਾਤ ਵੱਡੇ-ਵੱਡੇ ਲੋਕ ਜਨਮ ਲੈਂਦੇ ਹਨ। ਇਸਤਰੀ ਤੋਂ ਹੀ ਇਸਤਰੀ ਪੈਦਾ ਹੁੰਦੀ ਹੈ, ਇਸਤਰੀ ਤੋਂ ਬਿਨਾਂ ਕੋਈ ਮਨੁੱਖ ਪੈਦਾ ਨਹੀਂ ਹੁੰਦਾ। ਗੁਰੂ ਜੀ ਦਾ ਕਥਨ ਹੈ ਕਿ ਇਸਤਰੀ ਤੋਂ ਬਿਨਾਂ (ਕੇਵਲ) ਇੱਕ ਸਤਿ ਸਰੂਪ ਪ੍ਰਭੂ ਹੀ ਹੈ। ਜਿਹੜੇ ਮੂੰਹ ਨਾਲ ਉਸ ਪ੍ਰਭੂ ਦੀ ਸਿਫ਼ਤ ਹੁੰਦੀ ਹੈ,ਉਹ ਭਾਗਾਂ ਵਾਲ਼ੇ,ਬਹੁਤ ਸੋਹਣੇ ਤੇ ਸ੍ਰੇਸ਼ਟ ਹਨ। ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਉਹ ਮੁੱਖ ਉਸ ਮਾਲਕ ਦੇ ਦਰਬਾਰ ਵਿੱਚ ਸੁਰਖ਼ਰੂ ਹੁੰਦੇ ਹਨ, ਉਜਲੇ ਹੁੰਦੇ ਹਨ।

## ਗਗਨ ਮੈ ਥਾਲੁ

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥1॥
ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ ॥
ਅਨਹਤਾ ਸਬਦ ਵਾਜੰਤ ਭੇਰੀ ॥1॥ ਰਹਾਉ॥
ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ॥
ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨ ਸਹਸ ਤਵ ਗੰਧ ਇਵ ਚਲਤ ਮੋਹੀ॥2॥
ਸਭ ਮਹਿ ਜੋਤਿ ਜੋਤਿ ਹੈ ਸੋਇ॥
ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ॥
ਗੁਰ ਸਾਖੀ ਜੋਤਿ ਪਰਗਟੁ ਹੋਇ॥

Downloaded from https:// www.studiestoday.com

Downloaded from https:// www.studiestoday.com



ਜੋ ਤਿਸੁ ਭਾਵੈ ਸੁ ਆਰਤੀ ਹੋਇ॥3॥
ਹਰਿ ਚਰਣ ਕਮਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ॥
ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਮਿ ਵਾਸਾ॥4॥1॥7॥9॥
(ਪੰਨਾ 663)

**ਅਰਥਾਵਲੀ :**

**ਗਗਨ**-ਅਸਮਾਨ। **ਮੈ**-ਰੂਪੀ। **ਰਵਿ**-ਸੂਰਜ। **ਜਨਕ**-ਮਾਨੋ, ਸਮਝੋ। **ਧੂਪੁ ਮਲਆਨਲੋ**--ਮਲਯ ਪਹਾੜ ਵੱਲੋਂ ਆਉਣ ਵਾਲੀ ਹਵਾ. ਸੁਗੰਧੀ ਵਾਲੀ ਹੁੰਦੀ ਹੈ। **ਬਨਰਾਇ**-ਬਨਸਪਤੀ। **ਫੂਲੰਤ**-ਫੁੱਲ ਦੇ ਰਹੀ ਹੈ। **ਜੋਤੀ**- ਜੋਤ-ਰੂਪ ਪ੍ਰਭੂ। **ਭਵ-ਖੰਡਨਾ**-ਹੇ ਜਨਮ-ਮਰਨ ਕੱਟਣ ਵਾਲੇ। **ਅਨਹਤਾ**-ਜੋ ਬਿਨਾਂ ਵਜਾਏ ਵੱਜੇ। **ਸ਼ਬਦ**-ਅਵਾਜ਼। **ਭੇਰੀ**-ਨਗਾਰਾ। **ਸਹਸ**-ਹਜ਼ਾਰਾਂ। **ਤਵ**-ਤੇਰੇ। **ਨਨ**-ਕੋਈ ਨਹੀਂ। **ਤੋਹਿ-ਕਉ**-ਤੇਰੇ ਵਾਸਤੇ। **ਮੂਰਤਿ**-ਸ਼ਕਲ। **ਨਨਾ**-ਕੋਈ ਨਹੀਂ। **ਤੋਹੀ**-ਤੇਰੀ। **ਪਦ**-ਪੈਰ। **ਬਿਮਲ**-ਸਾਫ਼। **ਗੰਧ**-ਨੱਕ। **ਇਵ**--ਇਸ ਤਰ੍ਹਾਂ। **ਚਲਤ**-ਕੌਤਕ, ਅਚਰਜ ਖੇਡ। **ਜੋਤਿ**-ਪ੍ਰਕਾਸ਼। **ਸੋਇ**-ਉਹ ਪ੍ਰਭੂ। **ਸਾਖੀ**-ਸਿੱਖਿਆ ਨਾਲ। **ਮਕਰੰਦ**-ਫੁੱਲਾਂ ਦਾ ਰਸ। **ਮਨੋ**-ਮਨ। **ਅਨਦਿਨੋ**-ਹਰ ਰੋਜ਼। **ਮੋਹਿ**-ਮੈਨੂੰ। **ਆਹੀ**-ਹੈ। **ਸਾਰਿੰਗ**-ਪਪੀਹਾ। **ਜਾ ਤੇ**-ਜਿਸ ਨਾਲ। **ਤੇਰੇ ਨਾਮਿ**-ਤੇਰੇ ਨਾਮ ਵਿੱਚ।

**ਅਰਥ :**

ਸਾਰਾ ਅਸਮਾਨ ਥਾਲ ਹੈ, ਸੂਰਜ ਤੇ ਚੰਦ ਦੀਵੇ ਹਨ, ਤਾਰਿਆਂ ਦੇ ਸਮੂਹ, (ਥਾਲ ਵਿੱਚ) ਮੋਤੀ ਰੱਖੇ ਹੋਏ ਹਨ। ਮਲਯ ਪਰਬਤ ਵੱਲੋਂ ਆਉਣ ਵਾਲੀ ਹਵਾ, ਮਾਨੋ, ਧੂਪ ਹੈ, ਹਵਾ ਚੌਰ ਕਰ ਰਹੀ ਹੈ, ਸਾਰੀ ਬਨਸਪਤੀ ਪ੍ਰਭੂ ਦੀ ਆਰਤੀ ਲਈ ਫੁੱਲ ਦੇ ਰਹੀ ਹੈ।

ਹੇ ਜੀਵਾਂ ਦੇ ਜਨਮ-ਮਰਨ ਕੱਟਣ ਵਾਲੇ ! ਤੇਰੀ ਕੈਸੀ ਸੁੰਦਰ ਆਰਤੀ ਹੋ ਰਹੀ ਹੈ। ਇੱਕ-ਰਸ ਜੀਵਣ ਰੌ ਦੇ. ਮਾਨੋ, ਤੇਰੀ ਆਰਤੀ ਵਾਸਤੇ ਨਗਾਰੇ ਵੱਜ ਰਹੇ ਹਨ। (ਸਾਰੇ ਜੀਵਾਂ ਵਿੱਚ ਵਿਆਪਕ ਹੋਣ ਕਰ ਕੇ) ਹਜ਼ਾਰਾਂ ਤੇਰੀਆਂ ਅੱਖਾਂ ਹਨ (ਪਰ ਨਿਰਾਕਾਰ ਹੋਣ ਕਰ ਕੇ ਪ੍ਰਭੂ ਤੇਰੀਆਂ ਕੋਈ ਅੱਖਾਂ ਨਹੀਂ। ਹਜ਼ਾਰਾਂ ਤੇਰੀਆਂ ਸ਼ਕਲਾਂ ਹਨ ਪਰ ਤੇਰੀ ਕੋਈ ਵੀ ਸ਼ਕਲ ਨਹੀਂ ਹੈ। ਹਜ਼ਾਰਾਂ ਤੇਰੇ ਸੋਹਣੇ ਪੈਰ ਹਨ, ਪਰ ਤੇਰਾ ਇੱਕ ਵੀ ਪੈਰ ਨਹੀਂ। ਹਜ਼ਾਰਾਂ ਤੇਰੇ ਨੱਕ ਹਨ, ਪਰ ਤੂੰ ਨੱਕ ਤੋਂ ਬਿਨਾਂ ਹੀ ਹੈਂ। ਤੇਰੇ ਅਜਿਹੇ ਕੌਤਕਾਂ ਨੇ ਮੈਨੂੰ ਹੈਰਾਨ ਕੀਤਾ ਹੋਇਆ ਹੈ।

ਸਾਰੇ ਜੀਵਾਂ ਵਿੱਚ ਇੱਕ ਉਹੀ ਪਰਮਾਤਮਾ ਦੀ ਜੋਤ ਵਰਤ ਰਹੀ ਹੈ। ਉਸ ਜੋਤ ਦੇ ਪ੍ਰਕਾਸ਼ ਨਾਲ ਸਾਰੇ ਜੀਵਾਂ ਵਿੱਚ ਚਾਨਣ (ਸੂਝ-ਬੂਝ) ਹੈ। ਪਰ ਇਸ ਜੋਤ ਦਾ

Downloaded from https:// www.studiestoday.com

Downloaded from https:// www.studiestoday.com



ਗਿਆਨ ਗੁਰੂ ਦੀ ਸਿੱਖਿਆ ਨਾਲ ਹੀ ਹੁੰਦਾ ਹੈ। ਇਸ ਸਰਬ-ਵਿਆਪਕ ਜੋਤ ਦੀ ਆਰਤੀ ਇਹ ਹੀ ਹੈ ਕਿ ਜੋ ਕੁਝ ਉਸ ਦੀ ਰਜ਼ਾ ਵਿੱਚ ਹੋ ਰਿਹਾ ਹੈ, ਉਹ ਜੀਵ ਨੂੰ ਚੰਗਾ ਲੱਗੇ।

ਹੇ ਪ੍ਰਮਾਤਮਾ! ਤੇਰੇ ਚਰਨ-ਰੂਪ ਕੌਲ ਫੁੱਲਾਂ ਦੇ ਰਸ ਲਈ ਮੇਰਾ ਮਨ ਲਲਚਾਉਂਦਾ ਹੈ, ਮੈਨੂੰ ਇਸੇ ਰਸ ਦੀ ਪਿਆਸ ਲੱਗੀ ਹੋਈ ਹੈ। ਮੈਨੂੰ ਨਾਨਕ ਪਪੀਹੇ ਨੂੰ ਆਪਣੀ ਮਿਹਰ ਦਾ ਜਲ ਦੇਹ, ਜਿਸ ਦੀ ਬਰਕਤ ਨਾਲ ਮੈਂ ਤੇਰੇ ਨਾਮ ਵਿੱਚ ਮਸਤ ਰਹਾਂ।

## ਪਾਠ - ਅਭਿਆਸ

1. 'ਪਵਣੁ ਗੁਰੂ ਪਾਣੀ ਪਿਤਾ' ਸ਼ਬਦ ਦਾ ਕੇਂਦਰੀ ਭਾਵ ਲਿਖੋ।
2. 'ਪਵਣੁ 'ਗੁਰੂ ਪਾਣੀ ਪਿਤਾ' ਸ਼ਬਦ ਵਿੱਚ ਹਵਾ, ਪਾਣੀ ਅਤੇ ਧਰਤੀ ਨੂੰ ਕਿਸ ਦੇ ਬਰਾਬਰ ਮੰਨਿਆ ਗਿਆ ਹੈ ?
3. 'ਸੋ ਕਿਉ ਮੰਦਾ ਆਖੀਐ' ਸ਼ਬਦ ਦਾ ਕੇਂਦਰੀ ਭਾਵ ਲਿਖੋ।
4. 'ਸੋ ਕਿਉ ਮੰਦਾ ਆਖੀਐ' ਸ਼ਬਦ ਵਿੱਚ ਇਸਤਰੀ ਦੀ ਮਹਾਨਤਾ ਦੱਸੀ ਗਈ ਹੈ, ਸੰਖੇਪ ਵਿੱਚ ਵਰਣਨ ਕਰੋ।
5. 'ਗਗਨ ਮੈ ਥਾਲੁ' ਸ਼ਬਦ ਦਾ ਕੇਂਦਰੀ ਭਾਵ ਲਿਖੋ।
6. ਗੁਰੂ ਨਾਨਕ ਦੇਵ ਜੀ ਨੇ ਕੁਦਰਤ ਵਿੱਚ ਹੋ ਰਹੀ ਪਰਮਾਤਮਾ ਦੀ ਆਰਤੀ ਦਾ ਬਿਆਨ ਕਿਵੇਂ ਕੀਤਾ ਹੈ?
7. *ਹੇਠ ਲਿਖੇ ਕਾਵਿ-ਟੋਟਿਆਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :*

(ੳ) ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ॥
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥

(ਅ) ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

(ੲ) ਸਭ ਮਹਿ ਜੋਤਿ ਜੋਤਿ ਹੈ ਸੋਇ॥
ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ॥
ਗੁਰ ਸਾਖੀ ਜੋਤਿ ਪਰਗਟੁ ਹੋਇ॥
ਜੋ ਤਿਸੁ ਭਾਵੈ ਸੁ ਆਰਤੀ ਹੋਇ॥

*****

Downloaded from https:// www.studiestoday.com

Downloaded from https:// www.studiestoday.com

# ਗੁਰੂ ਅਮਰਦਾਸ ਜੀ

(1479-1574)

ਗੁਰੂ ਅਮਰਦਾਸ ਜੀ ਸਿੱਖਾਂ ਦੇ ਤੀਜੇ ਗੁਰੂ ਹੋਏ ਹਨ। ਆਪ ਦਾ ਜਨਮ 1479 ਈ: ਨੂੰ ਪਿੰਡ ਬਾਸਰਕੇ, ਜ਼ਿਲ੍ਹਾ ਅੰਮ੍ਰਿਤਸਰ ਪਿਤਾ ਤੇਜਭਾਨ ਤੇ ਮਾਤਾ ਲੱਖੋ ਦੇ ਗ੍ਰਿਹਿ ਵਿਖੇ ਭੱਲਾ ਘਰਾਣੇ 'ਚ ਹੋਇਆ। ਆਪ ਜੀ ਦੇ ਘਰ ਦੋ ਪੁੱਤਰ ਮੋਹਨ ਜੀ ਤੇ ਮੋਹਰੀ ਜੀ ਅਤੇ ਦੋ ਪੁੱਤਰੀਆਂ ਬੀਬੀ ਦਾਨੀ ਜੀ ਤੇ ਬੀਬੀ ਭਾਨੀ ਜੀ ਨੇ ਜਨਮ ਲਿਆ।

ਆਪ ਜੀ ਨੂੰ 1552 ਈ: ਵਿੱਚ ਗੁਰਗੱਦੀ ਪ੍ਰਾਪਤ ਹੋਈ। ਆਪ ਜੀ ਨੇ ਸਿੱਖ ਧਰਮ ਦੇ ਪ੍ਰਚਾਰ ਲਈ ਅਨੇਕਾਂ ਕੰਮ ਕੀਤੇ ਜਿਵੇਂ ਗੋਇੰਦਵਾਲ ਵਿਖੇ ਬਾਉਲੀ ਦਾ ਨਿਰਮਾਣ, ਲੰਗਰ ਪ੍ਰਥਾ ਦਾ ਵਿਸਥਾਰ ਆਦਿ। ਆਪ ਜੀ ਨੇ ਜਾਤੀ-ਪ੍ਰਥਾ, ਛੂਤ-ਛਾਤ, ਪਰਦੇ ਦਾ ਰਿਵਾਜ ਅਤੇ ਸਤੀ-ਪ੍ਰਥਾ ਜਿਹੀਆਂ ਕੁਰੀਤੀਆਂ ਦਾ ਸੁਧਾਰ ਕੀਤਾ।

ਆਪ ਜੀ ਦੀਆਂ ਪ੍ਰਮੁੱਖ ਬਾਣੀਆਂ : ਅਨੰਦ ਸਾਹਿਬ, ਪੱਟੀ ਅਤੇ ਚਾਰ ਵਾਰਾਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕੁੱਲ 31ਰਾਗਾਂ ਵਿੱਚੋਂ ਆਪ ਜੀ ਨੇ 17 ਰਾਗਾਂ ਵਿੱਚ ਬਾਣੀ ਰਚੀ। ਆਪ ਜੀ ਦੀ ਬਾਣੀ ਦਾ ਵਿਸ਼ਾ ਸੇਵਾ, ਭਗਤੀ-ਭਾਵ ਤੇ ਭਰਮ-ਕਰਮਾਂ ਦਾ ਨਿਵਾਰਨ ਹੈ। ਆਪ ਜੀ1574 ਈ: ਨੂੰ ਗੋਇੰਦਵਾਲ ਵਿਖੇ ਜੋਤੀ-ਜੋਤ ਸਮਾ ਗਏ।

## ਅਨੰਦ ਭਇਆ ਮੇਰੀ ਮਾਏ

ਅਨੰਦ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥
ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ॥
ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ॥
ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ॥
ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ॥1॥
ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ॥
ਹਰਿ ਨਾਲਿ ਰਹੁ ਤੂ ਮਨ ਮੇਰੇ ਦੂਖ ਸਭਿ ਵਿਸਾਰਣਾ॥
ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ॥
ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ॥
ਕਹੈ ਨਾਨਕੁ ਮਨ ਮੇਰੇ ਸਦਾ ਰਹੁ ਹਰਿ ਨਾਲੇ॥ 2॥

**ਅਰਥਾਵਲੀ :**

**ਅਨੰਦ** - ਪੂਰਨ ਖਿੜਾਉ। **ਸਹਜ ਸੇਤੀ** - ਸਹਜ ਨਾਲ। **ਰਾਗ ਰਤਨ ਪਰਵਾਰ ਪਰੀਆ** - ਰਤਨਾਂ ਵਰਗੇ ਅਮੋਲਕ ਰਾਗ ਤੇ ਰਾਗਣੀਆਂ। **ਦੂਖ ਸਭ ਵਿਸਾਰਣਾ** - ਉਹ ਹਰੀ ਤੈਨੂੰ ਸਾਰੇ ਦੁੱਖ ਭੁਲਵਾ ਦੇਵੇਗਾ। **ਅੰਗੀਕਾਰ** - ਪੱਖ, ਸਹਾਇਤਾ। **ਸਮਰਥੁ** - ਸ਼ਕਤੀਸ਼ਾਲੀ।



Downloaded from https:// www.studiestoday.com

Downloaded from https:// www.studiestoday.com



**ਅਰਥ :** ਹੇ ਮੇਰੀ ਮਾਤਾ (ਮੈਂ) ਅਨੰਦਿਤ ਹੋ ਗਿਆ ਹਾਂ ਕਿਉਂਕਿ ਮੈਂ ਸਤਿਗੁਰੂ ਨੂੰ ਪ੍ਰਾਪਤ ਕਰ ਲਿਆ ਹੈ। ਮੈਂ ਸਤਿਗੁਰੂ ਨੂੰ ਸਹਿਜ ਸਾਧਨਾਂ ਰਾਹੀਂ ਪ੍ਰਾਪਤ ਕੀਤਾ ਹੈ ਅਤੇ ਮੇਰੇ ਮਨ ਵਿੱਚ ਖ਼ੁਸ਼ੀ ਦੇ ਵਾਜੇ ਵੱਜਣ ਲੱਗ ਪਏ ਹਨ। (ਇਸ ਖ਼ੁਸ਼ੀ ਵਿੱਚ ਸਾਥ ਦੇਣ ਲਈ) ਰਤਨਾਂ ਵਰਗੇ ਰਾਗ ਅਤੇ ਰਾਗਣੀਆਂ ਗੀਤ ਗਾਉਣ ਲਈ ਆਈਆਂ ਹਨ। ਜਿਨ੍ਹਾਂ ਨੇ ਮਨ ਵਿੱਚ ਪ੍ਰਭੂ ਨੂੰ ਵਸਾਇਆ ਹੈ, (ਉਹ ਸਭ ਆਓ) ਅਤੇ ਉਸ ਪ੍ਰਭੂ ਦੇ ਸ਼ਬਦ ਗਾਓ।

ਹੇ ਮੇਰੇ ਮਨ ! ਤੂੰ ਸਦਾ ਪ੍ਰਭੂ ਨਾਲ਼ ਜੁੜਿਆ ਰਹਿ। ਤੂੰ ਉਸ ਪਰਮਾਤਮਾ ਨਾਲ਼ ਜੁੜਿਆ ਰਹਿ ਕਿਉਂਕਿ ਉਹ ਤੇਰੇ ਸਾਰੇ ਦੁੱਖ ਭੁਲਾ ਦੇਣ ਵਾਲ਼ਾ ਹੈ। ਉਹ ਪ੍ਰਭੂ ਸ਼ਕਤੀਸ਼ਾਲੀ ਹੈ ਤੇ ਸਾਰੀਆਂ ਗੱਲਾਂ ਕਰਨ ਦੇ ਸਮਰੱਥ ਹੈ, ਉਸ ਨੂੰ ਤੂੰ ਮਨੋਂ ਕਿਉਂ ਵਿਸਾਰਦਾ ਹੈਂ? ਗੁਰੂ ਜੀ ਕਹਿੰਦੇ ਹਨ ਕਿ ਹੇ ਮੇਰੇ ਮਨ ਤੂੰ ਸਦਾ ਪ੍ਰਭੂ ਨਾਲ਼ ਜੁੜਿਆ ਰਹਿ।

## ਏ ਸਰੀਰਾ ਮੇਰਿਆ

ਏ ਸਰੀਰਾ ਮੇਰਿਆ ਇਸ ਜਗ ਮਹਿ
ਆਇ ਕੈ ਕਿਆ ਤੁਧੁ ਕਰਮ ਕਮਾਇਆ॥
ਕਿ ਕਰਮ ਕਮਾਇਆ ਤੁਧੁ ਸਰੀਰਾ
ਜਾ ਤੂ ਜਗ ਮਹਿ ਆਇਆ॥
ਜਿਨਿ ਹਰਿ ਤੇਰਾ ਰਚਨੁ ਰਚਿਆ
ਸੋ ਹਰਿ ਮਨਿ ਨ ਵਸਾਇਆ॥
ਗੁਰਪਰਸਾਦੀ ਹਰਿ ਮਨਿ ਵਸਿਆ
ਪੂਰਬਿ ਲਿਖਿਆ ਪਾਇਆ॥
ਕਹੈ ਨਾਨਕੁ ਏਹੁ ਸਰੀਰੁ ਪਰਵਾਣੁ ਹੋਆ
ਜਿਨਿ ਸਤਿਗੁਰ ਸਿਉ ਚਿਤੁ ਲਾਇਆ॥ 35॥

(ਮਹਲਾ 3 ਅਨੰਦ ਸਾਹਿਬ)

**ਅਰਥਾਵਲੀ :**

**ਤੇਰਾ ਰਚਨ ਰਚਿਆ** - ਤੈਨੂੰ ਪੈਦਾ ਕੀਤਾ ਹੈ। **ਗੁਰ ਪਰਸਾਦੀ** - ਗੁਰੂ ਦੀ ਕਿਰਪਾ ਦੁਆਰਾ। **ਪੂਰਬਿ ਲਿਖਿਆ ਪਾਇਆ** - ਜੋ ਪਹਿਲਾਂ ਤੋਂ ਹਰੀ ਵੱਲੋਂ ਮਿਲਣਾ ਲਿਖਿਆ ਸੀ, ਉਹ ਮਿਲਿਆ। **ਪਰਵਾਣੁ** - ਸਵੀਕਾਰ। ਸਿਉ - ਨਾਲ਼।

Downloaded from https:// www.studiestoday.com

Downloaded from https:// www.studiestoday.com



**ਅਰਥ :**

ਹੇ ਮੇਰੇ ਸਰੀਰ ! ਇਸ ਸੰਸਾਰ ਵਿੱਚ ਆ ਕੇ ਤੂੰ ਕਿਹੜਾ (ਚੰਗਾ) ਕੰਮ ਕੀਤਾ ਹੈ। ਹੇ ਸਰੀਰ ! ਤੂੰ ਕੀ ਧਰਮ ਕਮਾਇਆ ਹੈ, ਜਦੋਂ ਦਾ ਤੂੰ ਸੰਸਾਰ ਵਿੱਚ ਆਇਆ ਹੈਂ। ਜਿਸ ਪ੍ਰਭੂ ਨੇ ਤੈਨੂੰ ਪੈਦਾ ਕੀਤਾ ਹੈ, ਉਸ ਪ੍ਰਮਾਤਮਾ ਨੂੰ ਤੂੰ ਮਨ ਵਿੱਚ ਨਹੀਂ ਵਸਾਇਆ। ਗੁਰੂ ਦੀ ਕਿਰਪਾ ਨਾਲ ਹਰੀ ਮਨ ਵਿੱਚ ਵੱਸਿਆ ਹੈ। ਇਹ ਸਭ ਪਹਿਲੇ ਲਿਖੇ ਕਰਮਾਂ ਅਨੁਸਾਰ ਪ੍ਰਾਪਤ ਹੋਇਆ ਹੈ। ਗੁਰੂ ਨਾਨਕ ਜੀ ਕਹਿੰਦੇ ਹਨ ਕਿ ਉਸੇ ਵਿਅਕਤੀ ਦਾ ਸਰੀਰ ਪ੍ਰਵਾਨ ਚੜ੍ਹਿਆ ਹੈ, ਜਿਸ ਨੇ ਸਤਿਗੁਰੂ ਨਾਲ ਚਿੱਤ ਲਾਇਆ ਹੈ। ਗੁਰੂ ਜੀ ਕਹਿੰਦੇ ਹਨ ਕਿ ਮੈਂ ਅਨੰਦਿਤ ਹੋ ਗਿਆ ਹਾਂ (ਕਿਉਂਕਿ) ਮੈਂ ਸਤਿਗੁਰੂ ਨੂੰ ਪ੍ਰਾਪਤ ਕਰ ਲਿਆ ਹੈ।

## ਕਿਰਪਾ ਕਰਿ ਕੈ ਬਖਸਿ ਲੈਹੁ

ਅਸੀ ਖਤੇ ਬਹੁਤੁ ਕਮਾਵਦੇ ਅੰਤੁ ਨ ਪਾਰਾਵਾਰੁ ॥
ਹਰਿ ਕਿਰਪਾ ਕਰਿ ਕੈ ਬਖਸਿ ਲੈਹੁ ਹਉ ਪਾਪੀ ਵਡ ਗੁਨਹਗਾਰੁ ॥
*ਹਰਿ ਜੀਉ ਲੇਖੈ ਵਾਰ ਨ ਆਵਈ ਤੂ ਬਖਸਿ ਮਿਲਾਵਣਹਾਰ ॥*
*ਗੁਰ ਤੁਠੈ ਹਰਿ ਪ੍ਰਭੁ ਮੇਲਿਆ ਸਭ ਕਿਲਵਿਖ ਕਟਿ ਵਿਕਾਰ ॥*
*ਜਿਨਾ ਹਰਿ ਹਰਿ ਨਾਮੁ ਧਿਆਇਆ ਜਨ ਨਾਨਕ ਤਿਨ ਜੈਕਾਰ ॥29॥*
*('ਸਲੋਕ ਵਾਰਾਂ ਤੋਂ ਵਧੀਕ' ਮਹਲਾ3)*

**ਅਰਥਾਵਲੀ :**

**ਖਤੇ** - ਭੁੱਲਾਂ, ਪਾਪ। **ਲੇਖੈ ਵਾਰ ਨਾ ਆਵਈ** - ਲੇਖਾ ਕੀਤਿਆਂ ਪੂਰੀ ਨਹੀਂ ਪੈ ਸਕਦੀ। **ਗੁਰ ਤੁਠੈ** - ਕ੍ਰਿਪਾਲੂ ਹੋ ਕੇ। **ਕਿਲਵਿਖ** - ਪਾਪ।

**ਅਰਥ :**

ਇਸ ਸਲੋਕ ਵਿੱਚ ਗੁਰੂ ਅਮਰਦਾਸ ਜੀ ਨੇ ਪਰਮਾਤਮਾ ਪਾਸੋਂ ਬਖ਼ਸ਼ਸ਼ ਦੀ ਮੰਗ ਕੀਤੀ ਹੈ। ਉਹ ਕਹਿੰਦੇ ਹਨ ਕਿ ਅਸੀਂ ਜੀਵ ਸੰਸਾਰ ਵਿੱਚ ਅਨੇਕਾਂ ਭੁੱਲਾਂ ਤੇ ਪਾਪ ਕਰਦੇ ਹਾਂ। ਉਸ ਦੀਆਂ ਭੁੱਲਾਂ ਬੇਸ਼ੁਮਾਰ ਹਨ। ਗੁਰੂ ਜੀ ਪਰਮਾਤਮਾ ਅੱਗੇ ਅਰਦਾਸ ਕਰਦੇ ਹਨ ਕਿ ਪ੍ਰਭੂ ! ਤੂੰ ਮਿਹਰ ਕਰ ਕੇ ਸਾਨੂੰ ਜੀਵਾਂ ਨੂੰ ਬਖ਼ਸ਼ ਲੈ। ਅਸੀਂ ਪਾਪੀ ਤੇ ਗੁਨਾਹਗਾਰ ਹਾਂ। ਸਾਡੇ ਕੀਤੇ ਕਰਮਾਂ ਦੇ ਲੇਖੇ ਰਾਹੀਂ ਤਾਂ ਕਦੇ ਸਾਡੀ ਬਖ਼ਸ਼ਸ਼ ਦੀ ਵਾਰੀ ਨਹੀਂ ਆ ਸਕਦੀ। ਇਸ ਲਈ ਹੇ ਪ੍ਰਭੂ ! ਤੂੰ ਸਾਡੀਆਂ ਭੁੱਲਾਂ ਅਤੇ ਔਗੁਣਾਂ ਨੂੰ ਬਖ਼ਸ਼ ਕੇ ਸਾਨੂੰ ਆਪਣੇ ਚਰਨਾਂ ਵਿੱਚ ਥਾਂ ਦੇਣ ਦੀ ਕਿਰਪਾ ਕਰ। ਜਿਸ ਕਿਸੇ ਮਨੁੱਖ ਉੱਤੇ ਗੁਰੂ ਪ੍ਰਸੰਨ ਹੁੰਦਾ ਹੈ, ਉਸ ਨੂੰ ਪ੍ਰਭੂ ਮਿਲਾਉਂਦਾ ਹੈ ਅਤੇ ਉਸ ਦੇ ਵਿਕਾਰ ਕੱਟ ਕੇ ਉਸ ਨੂੰ ਨਾਮ ਸਿਮਰਨ ਦੀ ਦਾਤ ਦਿੰਦਾ ਹੈ।

Downloaded from https:// www.studiestoday.com

Downloaded from https:// www.studiestoday.com



## ਪਾਠ-ਅਭਿਆਸ

1. 'ਅਨੰਦ ਭਇਆ ਮੇਰੀ ਮਾਏ' ਦਾ ਕੇਂਦਰੀ ਭਾਵ ਲਿਖੋ।
2. ਅਨੰਦ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ ?
3. ਪਰਮਾਤਮਾ ਨਾਲ ਸਦਾ ਚਿੱਤ ਲਾਈ ਰੱਖਣ ਦੇ ਕੀ ਸੁੱਖ ਹਨ ?
4. 'ਏ ਸਰੀਰਾ ਮੇਰਿਆ' ਦਾ ਕੇਂਦਰੀ ਭਾਵ ਲਿਖੋ।
5. 'ਕਿ ਕਰਮ ਕਮਾਇਆ ਤੁਧੁ ਸਰੀਰਾ ਜਾ ਤੂ ਜਗ ਮਹਿ ਆਇਆ', ਤੁਹਾਡੇ ਵਿਚਾਰ ਅਨੁਸਾਰ ਗੁਰੂ ਜੀ ਮਨੁੱਖੀ ਸਰੀਰ ਤੋਂ ਕਿਹੋ-ਜਿਹੇ ਕਰਮ ਕਮਾਉਣ ਦੀ ਆਸ ਰੱਖਦੇ ਹਨ ?
6. 'ਕਿਰਪਾ ਕਰਿ ਕੈ ਬਖਸਿ ਲੈਹੁ'ਦਾ ਕੇਂਦਰੀ ਭਾਵ ਲਿਖੋ।
7. 'ਕਿਰਪਾ ਕਰਿ ਕੈ ਬਖਸਿ ਲੈਹੁ' ਸ਼ਬਦ ਵਿੱਚ ਪਰਮਾਤਮਾ ਅੱਗੇ ਸਾਡੀ ਕੀ ਅਰਦਾਸ ਹੈ?
8. ਸੰਸਾਰ ਵਿੱਚ ਕਿਨ੍ਹਾਂ ਦੀ ਜੈ-ਜੈਕਾਰ ਹੁੰਦੀ ਹੈ?
9. *ਹੇਠ ਲਿਖੇ ਕਾਵਿ-ਟੋਟਿਆਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :*

(ੳ) ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ॥
ਹਰਿ ਨਾਲਿ ਰਹੁ ਤੂ ਮਨ ਮੇਰੇ ਦੂਖ ਸਭਿ ਵਿਸਾਰਣਾ ॥
ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ॥
ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ॥
ਕਹੈ ਨਾਨਕੁ ਮਨ ਮੇਰੇ ਸਦਾ ਰਹੁ ਹਰਿ ਨਾਲੇ॥

(ਅ) ਜਿਨਿ ਹਰਿ ਤੇਰਾ ਰਚਨੁ ਰਚਿਆ ਸੋ ਹਰਿ ਮਨਿ ਨ ਵਸਾਇਆ॥
ਗੁਰਪਰਸਾਦੀ ਹਰਿ ਮਨਿ ਵਸਿਆ ਪੂਰਬਿ ਲਿਖਿਆ ਪਾਇਆ॥
ਕਹੈ ਨਾਨਕੁ ਏਹੁ ਸਰੀਰੁ ਪਰਵਾਣੁ ਹੋਆ ਜਿਨਿ ਸਤਿਗੁਰ ਸਿਉ ਚਿਤੁ ਲਾਇਆ॥

(ੲ) ਅਸੀਂ ਖਤੇ ਬਹੁਤ ਕਮਾਵਦੇ ਅੰਤੁ ਨ ਪਾਰਾਵਾਰੁ॥
ਹਰਿ ਕਿਰਪਾ ਕਰਿ ਕੈ ਬਖਸਿ ਲੈਹੁ ਹਉ ਪਾਪੀ ਵਡ ਗੁਨਹਗਾਰੁ॥

*****

Downloaded from https:// www.studiestoday.com

Downloaded from https:// www.studiestoday.com

# ਗੁਰੂ ਅਰਜਨ ਦੇਵ ਜੀ

(1563-1606)

ਗੁਰੂ ਅਰਜਨ ਦੇਵ ਜੀ ਸਿੱਖਾਂ ਦੇ ਪੰਜਵੇਂ ਗੁਰੂ ਹੋਏ ਹਨ। ਆਪ ਦੇ ਪਿਤਾ ਗੁਰੂ ਰਾਮ ਦਾਸ ਜੀ ਅਤੇ ਮਾਤਾ ਭਾਨੀ ਜੀ ਸਨ। ਆਪ ਦਾ ਸੁਭਾਅ ਨਿਮਰਤਾ, ਮਿਠਾਸ ਭਰਿਆ ਅਤੇ ਸੇਵਾ-ਭਾਵ ਨਾਲ ਭਰਪੂਰ ਸੀ। ਗੁਰੂ ਰਾਮਦਾਸ ਜੀ ਨੇ ਆਪਣੇ ਵੱਡੇ ਪੁੱਤਰਾਂ ਤੋਂ ਵਧੇਰੇ ਯੋਗ ਸਮਝਦਿਆਂ ਆਪ ਨੂੰ ਗੁਰ-ਗੱਦੀ ਦਿੱਤੀ।

ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਇੱਕ ਮੁਸਲਮਾਨ ਫ਼ਕੀਰ ਸਾਈਂ ਮੀਆਂ ਮੀਰ ਪਾਸੋਂ ਰਖਵਾਈ। ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ। ਉਹਨਾਂ ਸਾਰੇ ਗੁਰੂਆਂ ਦੀ ਬਾਣੀ ਸੰਗ੍ਰਹਿ ਕਰਨ ਤੋਂ ਇਲਾਵਾ ਹਿੰਦੁਸਤਾਨ ਭਰ ਦੇ ਸੰਤਾਂ, ਮਹਾਂਪੁਰਸ਼ਾਂ ਤੇ ਭਗਤਾਂ ਦੇ ਵਿਚਾਰਾਂ ਨੂੰ ਵੀ ਇਕੱਠਿਆਂ ਕੀਤਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਪ ਦੀ ਸਭ ਤੋਂ ਵੱਧ ਬਾਣੀ ਦਰਜ ਹੈ। ਆਪ ਦੀ ਸਭ ਤੋਂ ਵੱਧ ਪੜ੍ਹੀ ਜਾਣ ਵਾਲੀ ਰਚਨਾ 'ਸੁਖਮਨੀ' ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੀ ਕੁਰਬਾਨੀ ਦੇ ਕੇ ਧਾਰਮਿਕ ਖੇਤਰ ਵਿੱਚ ਇੱਕ ਨਵੀਂ ਪਿਰਤ ਪਾਈ, ਜਿਸ ਨੇ ਸਿੱਖੀ ਨੂੰ ਸਦਾ-ਸਦਾ ਲਈ ਅਮਰ ਕਰ ਦਿੱਤਾ।

## ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ

ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ॥
ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥
ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ॥1॥
ਤੁਮਰੀ ਕ੍ਰਿਪਾ ਤੇ ਤੁਧੁ ਪਛਾਣਾ ॥
ਤੂੰ ਮੇਰਾ ਓਟ ਤੂੰ ਹੈ ਮੇਰਾ ਮਾਣਾ॥
ਤੁਝ ਬਿਨੁ ਦੂਜਾ ਅਵਰੁ ਨਾ ਕੋਈ ਸਭੁ ਤੇਰਾ ਖੇਲੁ ਅਖਾੜਾ ਜੀਉ॥2॥
ਜੀਅ ਜੰਤ ਸਭਿ ਤੁਧੁ ਉਪਾਏ॥
ਜਿਤੁ ਜਿਤੁ ਭਾਣਾ ਤਿਤੁ ਤਿਤੁ ਲਾਏ ॥
ਸਭ ਕਿਛੁ ਕੀਤਾ ਤੇਰਾ ਹੋਵੈ ਨਾਹੀ ਕਿਛੁ ਅਸਾੜਾ ਜੀਉ॥3॥
ਨਾਮੁ ਧਿਆਇ ਮਹਾ ਸੁਖੁ ਪਾਇਆ॥
ਹਰਿ ਗੁਣ ਗਾਇ ਮੇਰਾ ਮਨੁ ਸੀਤਲਾਇਆ॥
ਗੁਰਿ ਪੂਰੈ ਵਜੀ ਵਧਾਈ ਨਾਨਕ ਜਿਤਾ ਬਿਖਾੜਾ ਜੀਉ॥ 4॥

(ਪੰਨਾ 103)



Downloaded from https:// www.studiestoday.com

Downloaded from https:// www.studiestoday.com



**ਅਰਥਾਵਲੀ :**

**ਬੰਧਪੁ**-ਰਿਸ਼ਤੇਦਾਰ। **ਕਾੜਾ**-ਚਿੰਤਾ। **ਅਖਾੜਾ**-ਖੇਡਣ ਦੀ ਥਾਂ, ਸੰਸਾਰ। **ਉਪਾਏ**-ਪੈਦਾ ਕੀਤੇ। **ਅਸਾੜਾ**-ਅਸਾਡਾ। **ਸੀਤਲਾਇਆ**– ਠੰਢਾ ਹੋ ਗਿਆ। **ਗੁਰਿ ਪੂਰੇ ਵਜੀ ਵਧਾਈ**- ਪੂਰੇ ਗੁਰੂ ਰਾਹੀਂ ਵਧਾਈ ਪ੍ਰਗਟ ਹੋਈ ਹੈ। **ਬਿਖਾੜਾ**-**ਵਿਖਮ**-ਅਖਾੜਾ, ਸੰਸਾਰ।

**ਅਰਥ:**

ਹੇ ਪ੍ਰਭੂ ! ਤੂੰ ਹੀ ਮੇਰਾ ਪਿਤਾ ਹੈਂ ਤੂੰ ਹੀ ਮੇਰੀ ਮਾਂ ਹੈਂ। ਤੂੰ ਹੀ ਮੇਰਾ ਰਿਸ਼ਤੇਦਾਰ ਹੈਂ, ਤੂੰ ਹੀ ਮੇਰਾ ਭਰਾ ਹੈਂ। ਜਦੋਂ ਤੂੰ ਹੀ ਸਭ ਥਾਂਵਾਂ 'ਤੇ ਮੇਰੀ ਰੱਖਿਆ ਕਰਦਾ ਹੈਂ, ਤਾਂ ਮੈਨੂੰ ਕੋਈ ਡਰ ਤੇ ਚਿੰਤਾ ਨਹੀਂ। ਹੇ ਪ੍ਰਭੂ ! ਤੇਰੀ ਕਿਰਪਾ ਨਾਲ ਹੀ ਮੈਂ ਤੇਰੇ ਨਾਲ ਡੂੰਘੀ ਸਾਂਝ ਪਾ ਸਕਦਾ ਹਾਂ। ਤੂੰ ਹੀ ਮੇਰਾ ਆਸਰਾ ਹੈਂ, ਤੂੰ ਹੀ ਮੇਰਾ ਫ਼ਖ਼ਰ ਦਾ ਥਾਂ ਹੈਂ। ਤੇਰੇ ਤੋਂ ਬਿਨਾਂ, ਤੇਰੇ ਵਰਗਾ ਹੋਰ ਕੋਈ ਨਹੀਂ ਹੈ। ਇਹ ਜਗਤ-ਤਮਾਸ਼ਾ ਤੇ ਇਹ ਜਗਤ-ਅਖਾੜਾ ਸਭ ਤੇਰਾ ਹੀ ਬਣਾਇਆ ਹੋਇਆ ਹੈ। ਜਗਤ ਦੇ ਸਾਰੇ ਜੀਅ-ਜੰਤ ਤੂੰ ਹੀ ਪੈਦਾ ਕੀਤੇ ਹਨ, ਜਿਸ ਕੰਮ ਵਿੱਚ ਤੇਰੀ ਰਜ਼ਾ ਹੈ, ਉਸ ਤਰ੍ਹਾਂ ਦੇ ਕੰਮ ਵਿੱਚ ਤੂੰ ਸਾਰਿਆਂ ਨੂੰ ਲਾਇਆ ਹੋਇਆ ਹੈ। ਜਗਤ ਵਿੱਚ ਸਭ ਕੁਝ ਤੇਰਾ ਕੀਤਾ ਹੀ ਹੋ ਰਿਹਾ ਹੈ, ਸਾਡਾ ਜੀਵਾਂ ਦਾ ਕੋਈ ਜ਼ੋਰ ਨਹੀਂ ਚੱਲ ਸਕਦਾ।

ਪਰਮਾਤਮਾ ਦਾ ਨਾਮ ਸਿਮਰ ਕੇ ਮੈਂ ਬੜਾ ਆਤਮਿਕ ਅਨੰਦ ਪ੍ਰਾਪਤ ਕੀਤਾ ਹੈ। ਪਰਮਾਤਮਾ ਦੇ ਗੁਣ ਗਾ ਕੇ ਮੇਰਾ ਮਨ ਠੰਢਾ-ਠਾਰ ਹੋ ਗਿਆ ਹੈ। ਪੂਰਨ ਗੁਰੂ ਦੇ ਰਾਹੀਂ ਹੀ ਮੇਰੇ ਅੰਦਰ ਮਾਨੋਂ ਆਤਮਿਕ ਉਤਸ਼ਾਹ ਦੀ ਹਾਲਤ ਪ੍ਰਬਲ ਹੋ ਗਈ ਹੈ ਤੇ ਮੈਂ ਵਿਕਾਰਾਂ ਨਾਲ ਹੋ ਰਿਹਾ ਔਖਾ ਘੋਲ ਜਿੱਤ ਲਿਆ ਹੈ।

## ਮਿਠ ਬੋਲੜਾ ਜੀ ਹਰਿ ਸਜਣੁ

ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ॥
ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ।
ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ ਅਉਗਣੁ ਕੋ ਨ ਚਿਤਾਰੇ॥
ਪਤਿਤ ਪਾਵਨੁ ਹਰਿ ਬਿਰਦੁ ਸਦਾਏ ਇਕੁ ਤਿਲੁ ਨਹੀਂ ਭੰਨੈ ਘਾਲੇ॥
ਘਟ ਘਟ ਵਾਸੀ ਸਰਬ ਨਿਵਾਸੀ ਨੇਰੈ ਹੀ ਤੇ ਨੇਰਾ॥
ਨਾਨਕ ਦਾਸ ਸਦਾ ਸਰਣਾਗਤਿ ਹਰਿ ਅੰਮ੍ਰਿਤ ਸਜਣੁ ਮੇਰਾ॥1॥
ਹਉ ਬਿਸਮੁ ਭਈ ਜੀ ਹਰਿ ਦਰਸਨੁ ਦੇਖਿ ਅਪਾਰਾ॥
ਮੇਰਾ ਸੁੰਦਰੁ ਸੁਆਮੀ ਜੀ ਹਉ ਚਰਨ ਕਮਲ ਪਗ ਛਾਰਾ॥
ਪ੍ਰਭ ਪੇਖਤ ਜੀਵਾ ਠੰਢੀ ਥੀਵਾ ਤਿਸੁ ਜੇਵਡੁ ਅਵਰੁ ਨ ਕੋਈ॥

Downloaded from https:// www.studiestoday.com

Downloaded from https:// www.studiestoday.com



ਆਦਿ ਅੰਤਿ ਮਧਿ ਪ੍ਰਭੁ ਰਵਿਆ ਜਲਿ ਥਲਿ ਮਹੀਅਲਿ ਸੋਈ।।
ਚਰਨ ਕਮਲ ਜਪਿ ਸਾਗਰੁ ਤਰਿਆ ਭਵਜਲ ਉਤਰੇ ਪਾਰਾ।।
ਨਾਨਕ ਸਰਣਿ ਪੂਰਨ ਪਰਮੇਸੁਰ ਤੇਰਾ ਅੰਤੁ ਨ ਪਾਰਾਵਾਰਾ।। 2।।
(ਪੰਨਾ 784)

**ਅਰਥਾਵਲੀ :**

**ਮਿਠ ਬੋਲੜਾ**-ਮਿੱਠੇ ਬੋਲ ਬੋਲਣ ਵਾਲਾ। **ਮੋਰਾ**-ਮੇਰਾ। **ਹਉ**-ਮੈਂ। **ਸੰਮਲਿ**-ਚੇਤਾ ਕਰ ਕਰ ਕੇ। **ਕਉਰਾ**-ਕੌੜਾ(ਬੋਲ)। **ਬੋਲਿ ਨ ਜਾਨੈ**- ਬੋਲਣਾ ਜਾਣਦਾ ਹੀ ਨਹੀਂ। **ਅਉਗਣੁ ਕੋ**-ਕੋਈ ਭੀ ਔਗੁਣ। **ਚਿਤਾਰੇ**-ਚੇਤੇ ਰੱਖਦਾ। **ਪਤਿਤ ਪਾਵਨੁ**- ਵਿਕਾਰੀਆਂ ਨੂੰ ਪਵਿੱਤਰ ਕਰਨ ਵਾਲਾ। **ਬਿਰਦੁ**-ਮੁੱਢ ਕਦੀਮਾਂ ਦਾ ਸੁਭਾਅ। **ਸਦਾਏ**-ਅਖਵਾਉਂਦਾ ਹੈ। **ਤਿਲੁ**-ਰਤਾ ਭਰ ਭੀ। **ਭੰਨੈ**-ਭੰਨਦਾ, ਵਿਅਰਥ ਜਾਣ ਦੇਂਦਾ। **ਘਾਲੇ**-ਕਿਸੇ ਦੀ ਕੀਤੀ ਮਿਹਨਤ। **ਘਟ**-ਸਰੀਰ। **ਨੇਰੈ ਹੀ ਤੇ ਨੇਰਾ**-ਨੇੜੇ ਤੋਂ ਨੇੜੇ। **ਸਰਣਾਗਤਿ**-ਸ਼ਰਨ ਵਿੱਚ ਆਇਆ ਰਹਿੰਦਾ ਹੈ। **ਅੰਮ੍ਰਿਤ**-ਆਤਮਿਕ ਜੀਵਨ ਦੇਣ ਵਾਲਾ। **ਹਉ**-ਮੈਂ। **ਬਿਸਮੁ**-ਹੈਰਾਨ। **ਅਪਾਰਾ**-ਬੇਅੰਤ। **ਪਗ**-ਪੈਰ। **ਪੇਖਤ**-ਵੇਖਦਿਆਂ। **ਠੰਢੀ**-ਸ਼ਾਂਤ ਚਿੱਤ। **ਥੀਵਾ**-ਮੈਂ ਹੋ ਜਾਂਦੀ ਹਾਂ। **ਮਹੀਅਲਿ**-ਧਰਤੀ ਦੇ ਉੱਤੇ। **ਭਵਜਲ**-ਸੰਸਾਰ-ਸਮੁੰਦਰ।

**ਅਰਥ :**

ਮੇਰਾ ਮਾਲਕ ਪ੍ਰਭੂ ਮਿੱਠੇ ਬੋਲ ਬੋਲਣ ਵਾਲਾ ਹੈ। ਮੈਂ ਚੇਤੇ ਕਰ ਕਰ ਕੇ ਥੱਕ ਗਈ ਹਾਂ, ਉਹ ਕਦੇ ਵੀ ਕੌੜਾ ਬੋਲ ਨਹੀਂ ਬੋਲਦਾ। ਉਹ ਕਿਸੇ ਨਾਲ਼ ਕੌੜਾ ਬੋਲਣਾ ਜਾਣਦਾ ਹੀ ਨਹੀਂ, ਕਿਉਂਕਿ ਉਹ ਸਾਡੇ ਔਗੁਣ ਚੇਤੇ ਹੀ ਨਹੀਂ ਰੱਖਦਾ। ਉਹ ਵਿਕਾਰੀਆਂ ਨੂੰ ਪਵਿੱਤਰ ਕਰਨ ਵਾਲਾ ਹੈ। ਇਹ ਉਸ ਦਾ ਮੁੱਢ ਕਦੀਮ ਦਾ ਸੁਭਾਅ ਹੈ। ਉਹ ਕਿਸੇ ਦੀ ਕੀਤੀ ਘਾਲ-ਕਮਾਈ ਨੂੰ ਰਤਾ ਭਰ ਭੀ ਵਿਅਰਥ ਨਹੀਂ ਜਾਣ ਦਿੰਦਾ। ਮੇਰਾ ਸੱਜਣ ਹਰੇਕ ਸਰੀਰ ਵਿੱਚ ਵੱਸਦਾ ਹੈ, ਹਰੇਕ ਜੀਵ ਦੇ ਨੇੜੇ ਵੱਸਦਾ ਹੈ। ਦਾਸ ਨਾਨਕ ਸਦਾ ਉਸ ਦੀ ਸ਼ਰਨ ਵਿੱਚ ਰਹਿੰਦਾ ਹੈ।

ਮੇਰਾ ਸੱਜਣ ਪ੍ਰਭੂ ਆਤਮਿਕ ਜੀਵਨ ਦੇਣ ਵਾਲਾ ਹੈ। ਮੈਂ ਉਸ ਬੇਅੰਤ ਹਰੀ ਦਾ ਦਰਸ਼ਨ ਕਰ ਕੇ ਹੈਰਾਨ ਹੁੰਦੀ ਹਾਂ। ਮੇਰਾ ਮਾਲਕ ਸੋਹਣਾ ਹੈ, ਮੈਂ ਉਸ ਦੇ ਸੋਹਣੇ ਚਰਨਾਂ ਦੀ ਧੂੜ ਹਾਂ। ਪ੍ਰਭੂ ਦਾ ਦਰਸ਼ਨ ਕਰਦਿਆਂ ਹੀ ਮੇਰੇ ਅੰਦਰ ਜਿੰਦ ਪੈ ਜਾਂਦੀ ਹੈ। ਮੈਂ ਸ਼ਾਂਤ-ਚਿੱਤ ਹੋ ਜਾਂਦੀ ਹਾਂ, ਉਸ ਦੇ ਬਰਾਬਰ ਦਾ ਹੋਰ ਕੋਈ ਨਹੀਂ ਹੈ। ਉਹ ਪਰਮਾਤਮਾ ਸ਼ੁਰੂ ਵਿੱਚ ਵੀ ਸੀ, ਅਖੀਰ ਵਿੱਚ ਵੀ ਹੋਵੇਗਾ ਤੇ ਇਸ ਵੇਲ਼ੇ ਵੀ ਉਹੀ ਹੈ। ਪਾਣੀ ਵਿੱਚ, ਧਰਤੀ ਵਿੱਚ, ਅਕਾਸ਼ ਵਿੱਚ ਉਹੀ ਵੱਸਦਾ ਹੈ।

Downloaded from https:// www.studiestoday.com

Downloaded from https:// www.studiestoday.com



ਉਸ ਦੇ ਸੋਹਣੇ ਚਰਨਾਂ ਦਾ ਧਿਆਨ ਧਰ ਕੇ ਸੰਸਾਰ-ਸਮੁੰਦਰ ਤਰਿਆ ਜਾ ਸਕਦਾ ਹੈ। ਹੇ ਪੂਰਨ ਪਰਮੇਸ਼ਰ, ਮੈਂ ਤੇਰੀ ਸ਼ਰਨ ਆਇਆ ਹਾਂ, ਤੇਰੀ ਹਸਤੀ ਦਾ ਅੰਤ ਨਹੀਂ ਲੱਭ ਸਕਦਾ।

## ਮੇਰਾ ਮਨ ਲੋਚੈ ਗੁਰਦਰਸਨ ਤਾਈ

ਮੇਰਾ ਮਨ ਲੋਚੈ ਗੁਰਦਰਸਨ ਤਾਈ॥
ਬਿਲਪ ਕਰੇ ਚਾਤ੍ਰਿਕ ਕੀ ਨਿਆਈ
ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ॥1॥
ਹਉ ਘੋਲੀ ਜੀਉ ਘੋਲਿ ਘੁਮਾਈ ਗੁਰ ਦਰਸਨ ਸੰਤ ਪਿਆਰੇ ਜੀਉ ॥1॥ ਰਹਾਉ ॥
ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ ॥
ਚਿਰੁ ਹੋਆ ਦੇਖੇ ਸਾਰਿੰਗ ਪਾਣੀ॥
ਧੰਨੁ ਸੁ ਦੇਸ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ ॥2॥
ਹਉ ਘੋਲੀ ਜੀਉ ਘੋਲਿ ਘੁਮਾਈ ਗੁਰ ਸਜਣ ਮੀਤ ਮੁਰਾਰੇ ਜੀਉ॥1॥ ਰਹਾਉ ॥
ਇੱਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥
ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ ॥
ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ ॥3॥
ਹਉ ਘੋਲੀ ਜੀਉ ਘੋਲਿ ਘੁਮਾਈ ਤਿਸੁ ਸਚੇ ਗੁਰ ਦਰਬਾਰੇ ਜੀਉ ॥1॥ ਰਹਾਉ ॥
ਭਾਗੁ ਹੋਆ ਗੁਰਿ ਸੰਤੁ ਮਿਲਾਇਆ॥
ਪ੍ਰਭੁ ਅਬਿਨਾਸੀ ਘਰ ਮਹਿ ਪਾਇਆ॥
ਸੇਵ ਕਰੀ ਪਲੁ ਚਸਾ ਨ ਵਿਛੁੜਾ ਜਨ ਨਾਨਕ ਦਾਸ ਤੁਮਾਰੇ ਜੀਉ॥4॥
ਹਉ ਘੋਲੀ ਜੀਉ ਘੋਲਿ ਘੁਮਾਈ ਜਨ ਨਾਨਕ ਦਾਸ ਤੁਮਾਰੇ ਜੀਉ॥ ਰਹਾਉ ॥ 1॥8॥

(ਪੰਨਾ 96)

**ਅਰਥਾਵਲੀ :**

**ਲੋਚੈ**- ਲੋਚਦਾ ਹੈ, ਤਾਂਘਦਾ ਹੈ। **ਤਾਈ**-ਵਾਸਤੇ। **ਬਿਲਪ**-ਤਰਲੇ। **ਨਿਆਈ**-ਨਿਆਈਂ। **ਤ੍ਰਿਖਾ**-ਤ੍ਰੇਹ। **ਹਉ**-ਮੈਂ। **ਸਹਜ ਧੁਨਿ ਬਾਣੀ**-ਤੇਰੀ ਬਾਣੀ ਅਸਲੀ ਗਿਆਨ ਦੀ ਧੁਨੀ ਵਾਲੀ ਹੈ, ਭਾਵ ਅਸਲੀ ਗਿਆਨ ਦੀ ਪ੍ਰਾਪਤੀ ਕਰਵਾਉਂਦੀ ਹੈ। **ਸਾਰਿੰਗਪਾਣੀ**-ਵਾਹਿਗੁਰੂ, ਪਰਮਾਤਮਾ। **ਮੁਰਾਰੇ**- ਹੇ ਮੁਰਾਰੀ, ਵਾਹਿਗੁਰੂ (ਮੁਰ-ਰਾਖਸ਼ ਨੂੰ ਮਾਰਨ ਵਾਲਾ) **ਰੈਣ**-ਰਾਤ (ਜ਼ਿੰਦਗੀ ਦੀ ਰਾਤ) **ਸਚੇ**-ਸਦਾ ਰਹਿਣ ਵਾਲੇ। **ਅਬਿਨਾਸੀ**- ਨਾ ਨਾਸ ਹੋਣ ਵਾਲਾ। **ਘਰਿ ਮਾਹਿ**-ਹਿਰਦੇ ਵਿੱਚ। **ਚਸਾ**-ਪਲ ਦਾ ਤੀਹਵਾਂ ਹਿੱਸਾ, ਬਹੁਤ ਥੋੜ੍ਹਾ ਸਮਾਂ।

Downloaded from https:// www.studiestoday.com

Downloaded from https:// www.studiestoday.com



**ਅਰਥ:**

ਮੇਰਾ ਮਨ ਗੁਰੂ ਦੇ ਦਰਸ਼ਨ ਕਰਨ ਲਈ ਇਸ ਤਰ੍ਹਾਂ ਤਾਂਘ ਰਿਹਾ ਹੈ ਜਿਵੇਂ ਪਪੀਹਾ ਸੁਆਂਤੀ ਬੂੰਦ ਲਈ ਤਰਲੇ ਲੈਂਦਾ ਹੈ। ਗੁਰੂ ਦੇ ਦਰਸ਼ਨ ਤੋਂ ਬਿਨਾਂ ਮੇਰੀ ਆਤਮਿਕ ਤ੍ਰੇਹ ਮਿਟਦੀ ਨਹੀਂ ਤੇ ਮੇਰੇ ਮਨ ਨੂੰ ਧੀਰਜ ਨਹੀਂ ਆਉਂਦਾ। ਮੈਂ ਗੁਰੂ ਦੇ ਦਰਸ਼ਨ ਤੋਂ ਕੁਰਬਾਨ ਜਾਂਦਾ ਹਾਂ।

ਹੇ ਪਰਮਾਤਮਾ ! ਤੇਰਾ ਦਰਸ਼ਨ ਸੁੱਖ ਦੇਣ ਵਾਲਾ ਹੈ, ਤੇਰੀ ਬਾਣੀ ਅਸਲੀ ਗਿਆਨ ਦੀ ਧੁਨੀ ਵਾਲੀ ਹੈ, ਭਾਵ ਅਸਲੀ ਗਿਆਨ ਦੀ ਪ੍ਰਾਪਤੀ ਕਰਵਾਉਂਦੀ ਹੈ। ਤੇਰਾ ਦਰਸ਼ਨ ਕੀਤਿਆਂ ਚਿਰ ਹੋ ਗਿਆ ਹੈ। ਹੇ ਵਾਹਿਗੁਰੂ (ਮੁਰਾਰੀ) ! ਉਹ ਦੇਸ ਭਾਗਾਂ ਵਾਲਾ ਹੈ, ਜਿਸ ਵਿੱਚ ਤੂੰ ਵੱਸਦਾ ਹੈਂ। ਹੇ ਮੇਰੇ ਮਿੱਤਰ ਪ੍ਰਭੂ ! ਮੈਂ ਤੈਥੋਂ ਕੁਰਬਾਨ ਹਾਂ।

ਹੇ ਪ੍ਰਭੂ ! ਜਦੋਂ ਮੈਂ ਤੈਨੂੰ ਇੱਕ ਘੜੀ ਭਰ ਵੀ ਨਹੀਂ ਮਿਲਦਾ ਤਾਂ ਮੇਰੇ ਭਾ ਦਾ ਕਲਿਜੁਗ ਹੋ ਜਾਂਦਾ ਹੈ। ਮੈਂ ਤੇਰੇ ਵਿਛੋੜੇ ਵਿੱਚ ਬਿਹਬਲ ਹਾਂ। ਹੁਣ ਮੈਂ ਤੈਨੂੰ ਕਦੋਂ ਮਿਲ ਸਕਾਂਗਾ। ਗੁਰੂ ਦੇ ਦਰਬਾਰ ਦੇ ਦਰਸ਼ਨ ਕਰਨ ਤੋਂ ਬਿਨਾਂ ਮੇਰੀ ਜ਼ਿੰਦਗੀ ਦੀ ਰਾਤ ਸੌਖੀ ਨਹੀਂ ਲੰਘਦੀ, ਮੇਰੇ ਅੰਦਰ ਸ਼ਾਂਤੀ ਨਹੀਂ ਆਉਂਦੀ। ਹੇ ਪ੍ਰਭੂ ! ਮੈਂ ਉਸ ਗੁਰੂ ਦੇ ਦਰਬਾਰ ਤੋਂ ਸਦਕੇ ਹਾਂ, ਕੁਰਬਾਨ ਹਾਂ, ਜੋ ਸਦਾ ਰਹਿਣ ਵਾਲਾ ਹੈ।

ਮੇਰੇ ਭਾਗ ਜਾਗ ਪਏ ਹਨ। ਗੁਰੂ ਨੇ ਮੈਨੂੰ ਸ਼ਾਂਤੀ ਦਾ ਸੋਮਾ ਪਰਮਾਤਮਾ ਮਿਲਾ ਦਿੱਤਾ ਹੈ। ਗੁਰੂ ਦੀ ਕਿਰਪਾ ਨਾਲ ਮੈਂ ਉਸ ਅਬਿਨਾਸੀ ਪ੍ਰਭੂ ਨੂੰ ਆਪਣੇ ਹਿਰਦੇ ਵਿੱਚੋਂ ਹੀ ਲੱਭ ਲਿਆ ਹੈ। ਹੇ ਪ੍ਰਭੂ ! ਮੈਂ ਸਦਾ-ਸਦਾ ਵਾਸਤੇ ਤੇਰਾ ਦਾਸ ਬਣ ਕੇ ਰਹਾਂ, ਮੈਂ ਇੱਕ ਪਲ ਲਈ ਵੀ ਤੈਥੋਂ ਨਾ ਵਿੱਛੜਾਂ।

ਹੇ ਪ੍ਰਭੂ ! ਮੈਂ ਤੇਰੇ ਦਾਸਾਂ ਤੋਂ ਸਦਕੇ ਜਾਂਦਾ ਹਾਂ।

## ਪਾਠ-ਅਭਿਆਸ

1. 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਦਾ ਕੇਂਦਰੀ ਭਾਵ ਲਿਖੋ।
2. ਗੁਰੂ ਅਰਜਨ ਦੇਵ ਜੀ ਨੇ ਪਰਮਾਤਮਾ ਨਾਲ ਕਿਹੜੇ ਰਿਸ਼ਤੇ ਸਥਾਪਿਤ ਕਰਕੇ ਸਤਿਕਾਰ ਪ੍ਰਗਟ ਕੀਤਾ ਹੈ?
3. 'ਮਿਠ ਬੋਲੜਾ ਜੀ ਹਰਿ ਸਜਣੁ' ਦਾ ਕੇਂਦਰੀ ਭਾਵ ਲਿਖੋ।
4. ਗੁਰੂ ਅਰਜਨ ਦੇਵ ਜੀ ਨੇ 'ਮਿਠ ਬੋਲੜਾ ਜੀ ਹਰਿ ਸਜਣੁ' ਸ਼ਬਦ ਵਿੱਚ ਪਰਮਾਤਮਾ ਦੀ ਸਿਫ਼ਤ ਕਿਵੇਂ ਕੀਤੀ ਹੈ?
5. 'ਮੇਰਾ ਮਨ ਲੋਚੈ ਗੁਰਦਰਸਨ ਤਾਈ' ਸ਼ਬਦ ਵਿੱਚ ਗੁਰੂ ਜੀ ਮਿਲਣ ਦੀ ਤਾਂਘ ਨੂੰ ਕਿਹੜੀਆਂ ਤੁਕਾਂ ਰਾਹੀਂ ਪ੍ਰਗਟ ਕਰਦੇ ਹਨ?
6. 'ਮੇਰਾ ਮਨ ਲੋਚੈ ਗੁਰਦਰਸਨ ਤਾਈ' ਦਾ ਕੇਂਦਰੀ ਭਾਵ ਲਿਖੋ।

Downloaded from https:// www.studiestoday.com

Downloaded from https:// www.studiestoday.com



7. ਹੇਠ ਲਿਖੇ ਕਾਵਿ ਟੋਟਿਆਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਜੀਅ ਜੰਤ ਸਭਿ ਤੁਧੁ ਉਪਾਏ॥
ਜਿਤੁ ਜਿਤੁ ਭਾਣਾ ਤਿਤੁ ਤਿਤੁ ਲਾਏ॥
ਸਭ ਕਿਛੁ ਕੀਤਾ ਤੇਰਾ ਹੋਵੈ ਨਾਹੀ ਕਿਛੁ ਅਸਾੜਾ ਜੀਉ॥

(ਅ) ਮਿੱਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ॥
ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ॥

(ੲ) ਭਾਗ ਹੋਆ ਗੁਰਿ ਸੰਤ ਮਿਲਾਇਆ॥
ਪ੍ਰਭੁ ਅਬਿਨਾਸੀ ਘਰ ਮਹਿ ਪਾਇਆ॥
ਸੇਵ ਕਰੀ ਪਲੁ ਚਸਾ ਨ ਵਿਛੁੜਾ ਜਨ ਨਾਨਕ ਦਾਸ ਤੁਮਾਰੇ ਜੀਉ॥

*****

Downloaded from https:// www.studiestoday.com

Downloaded from https:// www.studiestoday.com

# ਭਾਈ ਗੁਰਦਾਸ ਜੀ

(1559-1637)

ਭਾਈ ਗੁਰਦਾਸ ਜੀ ਦਾ ਜਨਮ ਗੁਰੂ ਅਮਰਦਾਸ ਜੀ ਦੇ ਭੱਲਾ ਘਰਾਣੇ ਵਿੱਚ ਹੋਇਆ। ਭਾਈ ਗੁਰਦਾਸ ਗੁਰੂ ਅਮਰਦਾਸ ਜੀ ਦੇ ਭਤੀਜੇ ਸਨ। ਆਪ ਸੰਸਕ੍ਰਿਤ, ਬ੍ਰਜ ਭਾਸ਼ਾ, ਫ਼ਾਰਸੀ ਅਤੇ ਪੰਜਾਬੀ ਦੇ ਵਿਦਵਾਨ ਸਨ। ਸਿੱਖ-ਮਤ ਦੇ ਪ੍ਰਚਾਰ ਲਈ ਆਪ ਆਗਰੇ, ਬਨਾਰਸ, ਉਜੈਨ ਆਦਿ ਕਈ ਥਾਂਵਾਂ 'ਤੇ ਗਏ।

ਭਾਈ ਗੁਰਦਾਸ ਮਹਾਨ ਸ਼ਖ਼ਸੀਅਤ ਦੇ ਮਾਲਕ ਸਨ ਜਿਨ੍ਹਾਂ ਨੇ ਆਪਣਾ ਸਾਰਾ ਜੀਵਨ ਸੱਚੇ ਗੁਰਸਿੱਖ ਦੀ ਤਰ੍ਹਾਂ ਉੱਚਾ ਤੇ ਸੁੱਚਾ ਬਤੀਤ ਕੀਤਾ। ਆਪ ਨੇ ਗੁਰੂ ਅਰਜਨ ਦੇਵ ਜੀ ਦੁਆਰਾ ਸੰਪਾਦਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪਹਿਲੀ ਵਾਰ ਆਪਣੇ ਹੱਥ ਨਾਲ਼ ਲਿਖਿਆ। ਭਾਈ ਗੁਰਦਾਸ ਜੀ ਨੇ ਚਾਲ਼ੀ ਵਾਰਾਂ ਲਿਖੀਆਂ, ਜੋ ਸ਼ੁੱਧ ਟਕਸਾਲੀ ਪੰਜਾਬੀ ਵਿੱਚ ਹਨ। ਬ੍ਰਜ ਭਾਸ਼ਾ ਵਿੱਚ ਆਪ ਦੇ 556 ਕਬਿੱਤ ਸਵੱਯੇ ਪ੍ਰਸਿੱਧ ਹਨ। ਵਾਰਾਂ ਵਿੱਚ ਆਪ ਨੇ ਗੁਰੂ ਤੇ ਪਰਮੇਸ਼ਰ ਦਾ ਪਿਆਰ, ਸ਼ਰਧਾ ਤੇ ਸਤਿਕਾਰ ਦ੍ਰਿੜ੍ਹ ਕਰਵਾਇਆ ਹੈ। ਜਿੱਥੇ ਦੁਰਾਚਾਰ ਦੀ ਨਿਖੇਧੀ ਕੀਤੀ ਹੈ, ਉੱਥੇ ਸਦਾਚਾਰ ਦੀ ਸਿੱਖਿਆ ਵੀ ਦਿੱਤੀ ਹੈ। ਆਪ ਨੇ ਗੁਰਮਤਿ ਦੇ ਸਿਧਾਂਤਾਂ ਦੀ ਵਿਆਖਿਆ ਕੀਤੀ ਹੈ, ਜਿਸ ਕਰ ਕੇ ਆਪ ਦੀ ਰਚਨਾ ਨੂੰ 'ਗੁਰਬਾਣੀ ਦੀ ਕੁੰਜੀ' ਕਿਹਾ ਜਾਂਦਾ ਹੈ।

## ਸਤਿਗੁਰ ਨਾਨਕ ਪ੍ਰਗਟਿਆ

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗਿ ਚਾਨਣੁ ਹੋਆ।
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪੇ ਅੰਧੇਰੁ ਪਲੋਆ।
**ਸਿੰਘ** ਬੁਕੇ **ਮਿਰਗਾਵਲੀ** **ਭੰਨੀ** ਜਾਇ **ਨ ਧੀਰਿ ਧਰੋਆ।**
ਜਿਥੈ ਬਾਬਾ ਪੈਰ ਧਰਿ ਪੂਜਾ ਆਸਣੁ ਥਾਪਣਿ ਸੋਆ।
ਸਿਧ ਆਸਣਿ ਸਭਿ ਜਗਤ ਦੇ ਨਾਨਕ ਆਦਿ ਮਤੇ ਜੇ ਕੋਆ।
ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ **ਵਿਸੋਆ।**
ਬਾਬੇ ਤਾਰੇ **ਚਾਰਿ ਚਕਿ** ਨਉ ਖੰਡਿ ਪ੍ਰਿਥਵੀ ਸਚਾ **ਢੋਆ।**
ਗੁਰਮੁਖਿ ਕਲਿ ਵਿਚਿ ਪਰਗਟੁ ਹੋਆ। (ਵਾਰ 1, ਪਉੜੀ 27)

**ਅਰਥਾਵਲੀ :**

**ਪਲੋਆ**-ਦੂਰ ਹੋਇਆ। **ਸਿੰਘ**-ਸ਼ੇਰ। **ਮਿਰਗਾਵਲੀ**-ਹਰਨਾਂ ਦੀ ਕਤਾਰ। **ਭੰਨੀ**-ਦੌੜਦੀ। **ਨ ਧੀਰ ਧਰੋਆ**-ਧੀਰਜ ਨਹੀਂ ਧਰਦੀ। **ਵਿਸੋਆ**-ਵਿਸਾਖੀ ਭਾਵ ਨਵਾਂ ਦਿਨ। **ਚਾਰ ਚਕਿ**-ਚਾਰੇ ਕੂੰਟਾਂ। **ਢੋਆ**-ਮੇਲ਼, ਆਸਰਾ।



Downloaded from https:// www.studiestoday.com

Downloaded from https:// www.studiestoday.com



**ਅਰਥ :**

ਭਾਈ ਗੁਰਦਾਸ ਜੀ ਕਹਿੰਦੇ ਹਨ, ਜਦੋਂ ਸਤਿਗੁਰੂ ਨਾਨਕ ਦੇਵ ਜੀ ਪ੍ਰਗਟ ਹੋਏ ਤਾਂ ਜਗਤ ਵਿੱਚੋਂ (ਅਵਿੱਦਿਆ ਰੂਪ) ਧੁੰਦ ਮਿਟ ਗਈ (ਤੇ ਗਿਆਨ ਰੂਪ) ਚਾਨਣ ਹੋ ਗਿਆ। ਜਿਸ ਤਰ੍ਹਾਂ ਸੂਰਜ ਦੇ ਨਿਕਲਿਆਂ ਤਾਰੇ ਲੁਕ ਜਾਂਦੇ ਹਨ ਤੇ ਹਨੇਰਾ ਦੂਰ ਹੋ ਜਾਂਦਾ ਹੈ, (ਇਸੇ ਤਰ੍ਹਾਂ ਪਖੰਡੀ ਅਲੋਪ ਹੋ ਗਏ ਹਨ ਤੇ ਭਰਮ-ਜਾਲ਼ ਹਟ ਗਿਆ ਹੈ)। (ਜੰਗਲ਼ ਵਿੱਚ) ਸ਼ੇਰ ਭਬਕ ਮਾਰੇ ਤਾਂ ਹਰਨਾਂ ਦੀ ਡਾਰ ਭੱਜੀ ਜਾਂਦੀ ਹੋਈ ਧੀਰਜ ਨਹੀਂ ਧਰਦੀ, ਇਸੇ ਤਰ੍ਹਾਂ ਹੀ ਗੁਰੂ ਜੀ ਦਾ ਉਪਦੇਸ਼ ਸੁਣ ਕੇ ਭਰਮੀ-ਵਹਿਮੀ ਠਹਿਰ ਨਹੀਂ ਸਕੇ। ਜਿੱਥੇ ਜਿਥੇ ਗੁਰੂ ਜੀ ਨੇ ਚਰਨ ਪਰਸੇ ਹਨ, ਉਹ ਸਾਰੀਆਂ ਥਾਂਵਾਂ ਪੂਜਾ ਕਰਨ ਯੋਗ ਹੋ ਗਈਆਂ ਹਨ। ਜਿਹੜੇ ਕੋਈ ਜਗਤ ਵਿੱਚ ਸਿੱਧਾਂ ਦੇ ਸਥਾਨ ਹਨ, ਉਹ ਸਾਰੇ 'ਨਾਨਕ ਮਤੇ' ਵਾਂਗ ਗੁਰੂ ਨਾਨਕ ਦੇਵ ਜੀ ਦੇ ਹੋ ਗਏ ਹਨ। ਗੁਰੂ ਜੀ ਨੇ ਘਰ-ਘਰ ਅੰਦਰ ਧਰਮਸਾਲ ਬਣਾ ਦਿੱਤੀ ਹੈ, ਜਿਥੇ ਸਦਾ ਹੀ ਕੀਰਤਨ ਹੁੰਦਾ ਹੈ, (ਜਿਵੇਂ ਕਿ) ਵਿਸਾਖੀ ਹੁੰਦੀ ਹੈ। ਗੁਰੂ ਜੀ ਨੇ ਚਾਰੇ ਦਿਸ਼ਾ ਤਾਰ ਦਿੱਤੀਆਂ ਹਨ। ਨੌਂ ਖੰਡਾਂ ਵਾਲੀ ਧਰਤੀ ਵਿਖੇ ਸੱਚ ਦਾ ਮੇਲ਼ ਹੋ ਗਿਆ। ਇਸ ਤਰ੍ਹਾਂ ਸਤਿਗੁਰੂ ਕਲਜੁਗ ਵਿੱਚ ਪ੍ਰਗਟ ਹੋ ਗਿਆ ਹੈ।

## ਦੇਖਿ ਪਰਾਈਆ ਚੰਗੀਆ

ਦੇਖਿ ਪਰਾਈਆ ਚੰਗੀਆ ਮਾਵਾ ਭੈਣਾ ਧੀਆ ਜਾਣੈ।
ਉਸੁ ਸੂਅਰੁ ਉਸੁ ਗਾਇ ਹੈ ਪਰ ਧਨ ਹਿੰਦੂ ਮੁਸਲਮਾਣੈ।
ਪੁਤ੍ਰ ਕਲਤ੍ਰ ਕੁਟੰਬੁ ਦੇਖਿ ਮੋਹੇ ਮੋਹਿ ਨ ਧੋਹਿ ਧਿਙਾਣੈ।
ਉਸਤਤਿ ਨਿੰਦਾ ਕੰਨਿ ਸੁਣਿ ਆਪਹੁ ਬੁਰਾ ਨ ਆਖਿ ਵਖਾਣੈ।
ਵਡ ਪਰਤਾਪੁ ਨ ਆਪੁ ਗਣਿ ਕਰਿ ਅਹੰਮੇਉ ਨ ਕਿਸੈ ਰਵਾਣੈ।
ਗੁਰਮੁਖਿ ਸੁਖ ਫਲੁ ਪਾਇਆ ਰਾਜ ਜੋਗੁ ਰਸ ਰਲੀਆ ਮਾਣੈ।
ਸਾਧਸੰਗਤਿ ਵਿਟਹੁ ਕੁਰਬਾਣੈ। (ਵਾਰ 29 ਪਉੜੀ 11)

**ਅਰਥਾਵਲੀ :**

**ਕਲਤ੍ਰ**-ਇਸਤਰੀ। **ਧੋਹਿ ਧਿਙਾਣੈ**-ਛਲ਼ ਤੇ ਧੱਕਾ। **ਅਹੰਮੇਉ**-ਹੰਕਾਰ। **ਰਵਾਣੈ**-ਨਰਾਜ਼ ਨ ਕਰੇ। **ਰਸ ਰਲੀਆ**-ਅਨੰਦ।

**ਅਰਥ :**

ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਮਨੁੱਖ ਪਰਾਈਆਂ ਸੋਹਣੀਆਂ ਇਸਤਰੀਆਂ ਨੂੰ ਵੇਖ ਕੇ, ਵੱਡੀਆਂ ਨੂੰ ਮਾਂਵਾਂ, ਬਰਾਬਰ ਦੀਆਂ ਨੂੰ ਭੈਣਾਂ ਤੇ ਛੋਟੀਆਂ ਨੂੰ ਧੀਆਂ ਜਾਣੇ। ਜੋ ਪਰਾਇਆ ਧਨ ਹੈ, ਉਸ ਨੂੰ ਹਿੰਦੂ ਗਊ ਸਮਝੇ ਤੇ ਮੁਲਸਮਾਨ ਉਸ ਨੂੰ ਸੂਰ ਸਮਝੇ। ਪੁੱਤਰ,

Downloaded from https:// www.studiestoday.com

Downloaded from https:// www.studiestoday.com



ਇਸਤਰੀ ਤੇ ਪਰਿਵਾਰ ਨੂੰ ਵੇਖ ਕੇ ਮੋਹੇ ਜਾਣਾ ਅਤੇ ਫਿਰ ਮੋਹ ਦੇ ਵੱਸ ਹੋ ਕੇ ਕਿਸੇ ਨਾਲ ਧ੍ਰੋਹ ਤੇ ਧੱਕਾ ਨਾ ਕਰੇ। ਉਸਤਤ ਤੇ ਨਿੰਦਾ ਨੂੰ ਕੰਨਾਂ ਨਾਲ ਸੁਣ ਕੇ ਕਿਸੇ ਨੂੰ ਵੀ ਆਪਣੇ ਤੋਂ ਬੁਰਾ ਕਹਿ ਕੇ ਨਾ ਸੁਣਾਵੇ।

ਆਪਣਾ ਵੱਡਾ ਪ੍ਰਤਾਪ ਨਾ ਗਿਣੇ ਅਤੇ ਹੰਕਾਰ ਕਰ ਕੇ ਕਿਸੇ ਨੂੰ ਦੁੱਖ ਨਾ ਦੇਵੇ। ਜੋ ਇਸ ਤਰ੍ਹਾਂ ਦੇ ਕਰਮ ਕਰਦਾ ਹੈ, ਉਸ ਨੇ ਸਤਿਗੁਰਾਂ ਪਾਸੋਂ ਸੁੱਖ ਦੀ ਪ੍ਰਾਪਤੀ ਕਰ ਲਈ ਹੈ ਅਤੇ ਉਹ ਰਾਜ-ਜੋਗ ਦੀਆਂ ਰੰਗ-ਰਲੀਆਂ ਮਾਣਦਾ ਹੈ। ਮੈਂ ਅਜਿਹੀ ਸਾਧ ਸੰਗਤ ਉੱਪਰੋਂ ਕੁਰਬਾਨ ਜਾਂਦਾ ਹਾਂ, ਜਿਸ ਤੋਂ ਇਹ ਪਦਾਰਥ ਪ੍ਰਾਪਤ ਹੁੰਦੇ ਹਨ।

## ਆਪਿ ਭਲਾ ਸਭੁ ਜਗੁ ਭਲਾ

ਆਪਿ ਭਲਾ ਸਭੁ ਜਗੁ ਭਲਾ ਭਲਾ ਭਲਾ ਸਭਨਾ ਕਰਿ ਦੇਖੈ।
ਆਪਿ ਬੁਰਾ ਸਭੁ ਜਗੁ ਬੁਰਾ ਸਭ ਕੋ ਬੁਰਾ ਬੁਰੇ ਦੇ ਲੇਖੈ।
ਕ੍ਰਿਸਨੁ ਸਹਾਈ ਪਾਂਡਵਾ ਭਾਇ ਭਗਤਿ ਕਰਤੂਤਿ ਵਿਸੇਖੈ।
ਵੈਰ ਭਾਉ ਚਿਤਿ ਕੈਰਵਾ ਗਣਤੀ ਗਣਨਿ ਅੰਦਰਿ ਕਾਲੇਖੈ।
ਭਲਾ ਬੁਰਾ ਪਰਵੰਨਿਆ ਭਾਲਣ ਗਏ ਨ ਦਿਸਟਿ ਸਰੇਖੈ।
ਬੁਰਾ ਨ ਕੋਈ ਜੁਧਿਸਟਰੈ ਦੁਰਜੋਧਨ ਕੋ ਭਲਾ ਨ ਦੇਖੈ।
ਕਰਵੈ ਹੋਇ ਸੁ ਟੋਟੀ ਰੇਖੈ।

(ਵਾਰ 31 ਪਉੜੀ 4)

**ਅਰਥਾਵਲੀ :**

**ਭਾਇ ਭਗਤਿ ਕਰਤੂਤਿ ਵਿਸੇਖੈ**–ਪ੍ਰੇਮ-ਭਗਤੀ ਦਾ ਕਰਤੱਵ (ਉਹਨਾਂ ਵਿੱਚ) ਵਿਸ਼ੇਸ਼ ਸੀ। **ਗਣਤੀ ਗਣਨਿ**-ਗਿਣਤੀਆਂ ਗਿਣਦੇ ਹਨ। **ਕਾਲੇਖੈ**-ਕਾਲਖ। **ਪਰਵੰਨਿਆ**-ਮੰਨੇ-ਪ੍ਰਮੰਨੇ। **ਨ ਦਿਸਟਿ ਸਰੇਖੈ**-ਸਮ–ਦ੍ਰਿਸ਼ਟੀ ਨਹੀਂ ਸੀ। **ਕਰਵੈ**-ਗੰਗਾ ਸਾਗਰ। **ਰੇਖੈ**-ਨਿਕਲੇਗਾ।

**ਅਰਥ :**

ਭਾਈ ਗੁਰਦਾਸ ਜੀ ਕਹਿੰਦੇ ਹਨ, ਜੋ ਆਪ ਭਲਾ ਹੈ, ਉਸ ਦੇ ਭਾਣੇ ਸਾਰਾ ਜਗਤ ਭਲਾ ਹੈ, ਕਿਉਂਕਿ ਭਲਾ ਪੁਰਸ਼ ਸਾਰੇ ਜਗਤ ਨੂੰ ਭਲਾ ਕਰ ਕੇ ਵੇਖਦਾ ਹੈ। ਜੋ ਆਪ ਬੁਰਾ ਹੈ, ਉਸ ਦੇ ਭਾਣੇ ਸਾਰਾ ਜਗਤ ਬੁਰਾ ਹੈ ਕਿਉਂਕਿ ਬੁਰੇ ਦੇ ਲੇਖੇ ਵਿੱਚ ਤਾਂ ਸਭ ਕੋਈ ਬੁਰਾ ਹੈ। ਸ੍ਰੀ ਕ੍ਰਿਸ਼ਨ ਜੀ ਪਾਂਡਵਾਂ ਦੇ ਸਹਾਈ ਹੋਏ ਸਨ, ਕਿਉਂਕਿ ਉਹਨਾਂ ਵਿੱਚ ਪ੍ਰੇਮਾ ਭਗਤੀ ਕੌਰਵਾਂ ਨਾਲੋਂ ਵਧੀਕ ਸੀ ਅਤੇ ਉਹ ਆਪ ਵੀ ਭਗਤੀ ਵਾਲੇ ਸਨ। ਕੌਰਵਾਂ ਦੇ ਚਿੱਤ ਵਿੱਚ ਵੈਰ-ਭਾਵ ਸੀ ਇਸ ਲਈ ਉਹ ਕਾਲੇ ਦਿਲ ਵਿੱਚ ਬਦਲੇ ਲੈਣ

Downloaded from https:// www.studiestoday.com

Downloaded from https:// www.studiestoday.com



ਦੀਆਂ ਹੀ ਸੋਚਾਂ ਸੋਚਦੇ ਸਨ। ਮੰਨੇ-ਪ੍ਰਮੰਨੇ ਦੋ ਰਾਜੇ ਬੁਰਾ ਤੇ ਭਲਾ ਪੁਰਸ਼ ਭਾਲਣ ਗਏ ਸਨ, ਪਰ ਉਹਨਾਂ ਦੋਂਹਾਂ ਦੀ ਦ੍ਰਿਸ਼ਟੀ ਇੱਕੋ ਜੇਹੀ ਨਹੀਂ ਸੀ। ਯੁਧਿਸ਼ਟਰ ਨੂੰ ਕੋਈ ਬੁਰਾ ਤੇ ਦੁਰਯੋਧਨ ਨੂੰ ਕੋਈ ਭਲਾ ਨਾ ਦਿਸਿਆ। ਗੰਗਾ ਸਾਗਰ ਵਿੱਚ ਜੋ ਹੁੰਦਾ ਹੈ, ਟੂਟੀ ਦੀ ਧਾਰ ਵਿੱਚੋਂ ਉਹੀ ਨਿਕਲ਼ੇਗਾ।

## ਅਕਿਰਤਘਣ

ਨਾ ਤਿਸੁ ਭਾਰੇ ਪਰਬਤਾ ਅਸਮਾਨ ਖਹੰਦੇ।<br>
ਨਾ ਤਿਸੁ ਭਾਰੇ ਕੋਟ ਗੜ੍ਹ ਘਰ ਬਾਰ ਦਿਸੰਦੇ।<br>
ਨਾ ਤਿਸੁ ਭਾਰੇ ਸਾਇਰਾ ਨਦ ਵਾਹ ਵਹੰਦੇ।<br>
ਨਾ ਤਿਸੁ ਭਾਰੇ ਤਰੁਵਰਾ ਫਲ ਸੁਫਲ ਫਲੰਦੇ।<br>
ਨਾ ਤਿਸੁ ਭਾਰੇ ਜੀਅ ਜੰਤ ਅਣਗਣਤ ਫਿਰੰਦੇ।<br>
ਭਾਰੇ ਭੁਈ ਅਕਿਰਤਘਣ ਮੰਦੀ ਹੂ ਮੰਦੇ।

(ਵਾਰ 35 ਪਉੜੀ 8)

**ਅਰਥਾਵਲੀ :**

**ਖਹੰਦੇ**-ਖਹਿਣ ਵਾਲ਼ੇ, ਉੱਚੇ। **ਕੋਟ**-ਕਿਲ੍ਹੇ ਤੇ ਗੜ੍ਹੀਆਂ। **ਸਾਇਰਾ**-ਸਮੁੰਦਰਾਂ। **ਭੁਈ**-ਧਰਤੀ ਨੂੰ। **ਅਕਿਰਤਘਣ**-ਕੀਤਾ ਨਾ ਜਾਣਨ ਵਾਲ਼ੇ।

**ਅਰਥ:**

ਉਸ ਨੂੰ (ਭਾਵ ਧਰਤੀ ਨੂੰ ) ਅਸਮਾਨ ਨਾਲ਼ ਖਹਿਣ ਵਾਲ਼ੇ ਪਹਾੜਾਂ ਦਾ ਭਾਰ ਨਹੀਂ ਲੱਗਦਾ। ਕਿਲ੍ਹੇ ਤੇ ਗੜ੍ਹੀਆਂ, ਘਰ-ਬਾਰ ਜੋ ਦਿਸਦੇ ਹਨ, ਨਾ ਹੀ ਉਸ ਨੂੰ ਇਹ ਭਾਰੇ ਲੱਗਦੇ ਹਨ। ਉਸ ਨੂੰ ਵਗਣ ਵਾਲ਼ੇ ਦਰਿਆ, ਤੇ ਸਮੁੰਦਰਾਂ ਦਾ ਭਾਰ ਨਹੀਂ ਲੱਗਦਾ। ਉਸ ਨੂੰ ਫਲਾਂ-ਫੁੱਲਾਂ ਨਾਲ਼ ਫਲਨ ਵਾਲ਼ੇ ਦਰਖ਼ਤਾਂ ਦਾ ਭਾਰ ਨਹੀਂ ਹੈ। ਉਸ ਨੂੰ ਅਣਗਿਣਤ ਫਿਰ ਰਹੇ ਜੀਆਂ ਜੰਤਾਂ ਦਾ ਵੀ ਭਾਰ ਨਹੀਂ ਹੈ। ਪਰ ਧਰਤੀ ਨੂੰ ਕੀਤਾ ਨ ਜਾਣਨ ਵਾਲ਼ੇ (ਅਕਿਰਤਘਣ) ਹੀ ਭਾਰੇ ਲਗਦੇ ਹਨ ਕਿਉਂਕਿ ਅਕ੍ਰਿਤਘਣ ਮੰਦਿਆਂ ਤੋਂ ਵੀ ਮੰਦੇ ਹਨ।

### ਪਾਠ-ਅਭਿਆਸ

1. ਭਾਈ ਗੁਰਦਾਸ ਜੀ ਨੇ 'ਸਤਿਗੁਰੂ ਨਾਨਕ ਪ੍ਰਗਟਿਆ' ਪਉੜੀ ਵਿੱਚ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਨਾਲ਼ ਸਮਾਜ ਵਿੱਚ ਜਿਹੜੇ ਪਰਿਵਰਤਨ ਦਾ ਵਰਨਣ ਕੀਤਾ ਹੈ, ਆਪਣੇ ਸ਼ਬਦਾਂ ਵਿੱਚ ਲਿਖੋ।

Downloaded from https:// www.studiestoday.com

Downloaded from https:// www.studiestoday.com



2. 'ਸਤਿਗੁਰੂ ਨਾਨਕ ਪ੍ਰਗਟਿਆ' ਦਾ ਕੇਂਦਰੀ ਭਾਵ ਲਿਖੋ।
3. 'ਆਪ ਭਲਾ ਸਭੁ ਜਗੁ ਭਲਾ' ਦਾ ਕੇਂਦਰੀ ਭਾਵ /ਸਾਰ ਲਿਖੋ।
4. ਭਾਈ ਗੁਰਦਾਸ ਜੀ ਨੇ 'ਆਪ ਭਲਾ ਸਭੁ ਜਗੁ ਭਲਾ' ਪਉੜੀ ਵਿੱਚ 'ਬੁਰਾ ਨਾ ਕੋਈ ਯੁਧਿਸਟਰੈ, ਦੁਰਯੋਧਨ ਕੋ ਭਲਾ ਨ ਦੇਖੈ' ਤੁਕ ਰਾਹੀਂ ਕੀ ਪ੍ਰਗਟਾਇਆ ਹੈ?
5. 'ਦੇਖ ਪਰਾਈਆ ਚੰਗੀਆ ਮਾਵਾ ਭੈਣਾ ਧੀਆ ਜਾਣੈ' ਪਉੜੀ ਦੇ ਆਧਾਰ 'ਤੇ ਦੱਸੋ ਕਿ ਭਾਈ ਗੁਰਦਾਸ ਜੀ ਨੇ ਅੱਛੇ ਆਚਰਨ ਦੇ ਕਿਹੜੇ ਨੁਕਤੇ ਦੱਸੇ ਹਨ?
6. 'ਦੇਖ ਪਰਾਈਆਂ ਚੰਗੀਆਂ' ਦਾ ਕੇਂਦਰੀ ਭਾਵ ਲਿਖੋ।
7. 'ਅਕਿਰਤਘਣ' ਪਉੜੀ ਦਾ ਕੇਂਦਰੀ ਭਾਵ ਲਿਖੋ।
8. ਭਾਈ ਗੁਰਦਾਸ ਜੀ ਨੇ 'ਅਕਿਰਤਘਣ' ਪਉੜੀ ਵਿੱਚ ਕੀ ਸੁਨੇਹਾ ਦੇਣ ਦਾ ਯਤਨ ਕੀਤਾ ਹੈ?
9. ਹੇਠ ਲਿਖੇ ਕਾਵਿ-ਟੋਟਿਆਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:

(ੳ) ਸਿਧ ਆਸਣਿ ਸਭਿ ਜਗਤ ਦੇ ਨਾਨਕ ਆਦਿ ਮਤੇ ਜੇ ਕੋਆ।
ਘਰਿ ਘਰਿ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ।
ਬਾਬੇ ਤਾਰੇ ਚਾਰਿ ਚਕਿ ਨਉ ਖੰਡਿ ਪ੍ਰਿਥਵੀ ਸਚਾ ਢੋਆ।
ਗੁਰਮੁਖਿ ਕਲਿ ਵਿਚਿ ਪਰਗਟੁ ਹੋਆ।

(ਅ) ਦੇਖਿ ਪਰਾਈਆ ਚੰਗੀਆ ਮਾਵਾ ਭੈਣਾ ਧੀਆ ਜਾਣੈ।
ਉਸੁ ਸੂਅਰੁ ਉਸੁ ਗਾਇ ਹੈ ਪਰ ਧਨ ਹਿੰਦੂ ਮੁਸਲਮਾਣੈ।

(ੲ) ਆਪਿ ਭਲਾ ਸਭੁ ਜਗੁ ਭਲਾ ਭਲਾ ਭਲਾ ਸਭਨਾ ਕਰਿ ਦੇਖੈ।
ਆਪਿ ਬੁਰਾ ਸਭੁ ਜਗੁ ਬੁਰਾ ਸਭ ਕੋ ਬੁਰਾ ਬੁਰੇ ਤੇ ਲੇਖੈ।

(ਸ) ਨਾ ਤਿਸੁ ਭਾਰੇ ਪਰਬਤਾ ਅਸਮਾਨ ਖਹੰਦੇ।
ਨਾ ਤਿਸੁ ਭਾਰੇ ਕੋਟ ਗੜ੍ਹ ਘਰ ਬਾਰ ਦਿਸੰਦੇ।
ਨਾ ਤਿਸੁ ਭਾਰੇ ਸਾਇਰਾ ਨਦ ਵਾਹ ਵਹੰਦੇ।
ਨਾ ਤਿਸੁ ਭਾਰੇ ਤਰੁਵਰਾਂ ਫਲ ਸੁਫਲ ਫਲੰਦੇ।
ਨਾ ਤਿਸੁ ਭਾਰੇ ਜੀਅ ਜੰਤ ਅਣਗਣਤ ਫਿਰੰਦੇ।
ਭਾਰੇ ਭੁਈ ਅਕਿਰਤਘਣ ਮੰਦੀ ਹੂ ਮੰਦੇ।

Downloaded from https:// www.studiestoday.com

Downloaded from https:// www.studiestoday.com

## ਸੂਫ਼ੀ-ਕਾਵਿ

# ਸ਼ੇਖ਼ ਫ਼ਰੀਦ ਜੀ

(1173-1266)

ਸ਼ੇਖ਼ ਫ਼ਰੀਦ ਸੂਫ਼ੀ ਲਹਿਰ ਦੇ ਇਤਿਹਾਸ ਵਿੱਚ ਸ਼ਿਰੋਮਣੀ ਨਾਮ ਹੈ। ਆਪ ਦਾ ਜਨਮ ਪਿੰਡ ਖੋਤਵਾਲ ਜ਼ਿਲ੍ਹਾ ਮੁਲਤਾਨ ਵਿੱਚ ਹੋਇਆ। ਆਪ ਦੇ ਪਿਤਾ ਦਾ ਨਾਂ ਸ਼ੇਖ਼ ਜਮਾਲੁਦੀਨ ਸੁਲੇਮਾਨ ਅਤੇ ਮਾਤਾ ਦਾ ਨਾਂ ਮਰੀਅਮ ਸੀ। ਸੂਫ਼ੀਆਂ ਦੇ ਚਿਸ਼ਤੀ ਫ਼ਿਰਕੇ ਵਿੱਚ ਆਪ ਦਾ ਸਥਾਨ ਬਹੁਤ ਉੱਚਾ ਹੈ। ਖ਼ੁਆਜਾ ਕੁਤਬਦੀਨ ਬਖ਼ਤਿਆਰ ਕਾਕੀ ਨੂੰ ਆਪਣਾ ਮੁਰਸ਼ਦ ਧਾਰ ਕੇ ਆਪ ਨੇ ਕਠਨ ਤਪੱਸਿਆ ਕੀਤੀ।

ਬਾਬਾ ਫ਼ਰੀਦ ਦਾ ਰਹਿਣ-ਸਹਿਣ ਬੜਾ ਹੀ ਸਬਰ-ਸੰਤੋਖ ਅਤੇ ਗ਼ਰੀਬੀ ਵਾਲਾ ਸੀ। ਆਪ ਦਾ ਸੁਭਾਅ ਬਹੁਤ ਮਿੱਠਾ ਸੀ, ਇਸ ਲਈ ਆਪ ਨੂੰ ਗੰਜੇ-ਸ਼ੱਕਰ ਭਾਵ ਮਿਠਾਸ ਦਾ ਖ਼ਜ਼ਾਨਾ ਕਿਹਾ ਜਾਂਦਾ ਹੈ।

ਆਪ ਦੀ ਪੰਜਾਬੀ ਰਚਨਾ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਦਰਜ 112 ਸਲੋਕ ਤੇ 4 ਸ਼ਬਦ ਹਨ। ਆਪ ਦੀ ਕਵਿਤਾ ਵਿੱਚ ਮਨੁੱਖ ਨੂੰ ਸਦਾਚਾਰੀ ਜੀਵਨ ਜਿਊਣ ਲਈ ਸੁਨੇਹਾ ਹੈ। ਆਪ ਦੀ ਰਚਨਾ ਮਨੁੱਖੀ ਪਿਆਰ ਤੇ ਹਮਦਰਦੀ ਨਾਲ ਓਤ-ਪੋਤ ਹੈ।

### ਸਲੋਕ

ਫਰੀਦਾ ਜੇ ਤੂ ਅਕਲਿ ਲਤੀਫੁ, ਕਾਲੇ ਲਿਖੁ ਨ ਲੇਖ॥<br>
ਆਪਨੜੇ ਗਿਰੀਵਾਨ ਮਹਿ, ਸਿਰੁ ਨੀਵਾਂ ਕਰਿ ਦੇਖੁ॥ 6॥

**ਅਰਥਾਵਲੀ :**

**ਅਕਲਿ ਲਤੀਫੁ**-ਅਕਲ ਵਾਲੇ, ਬਰੀਕ ਸਮਝ ਵਾਲੇ। **ਕਾਲੇ ਲੇਖੁ**-ਮੰਦੇ ਕਰਮਾਂ ਦਾ ਲੇਖਾ। **ਗਿਰੀਵਾਨ**-ਬੁੱਕਲ।

**ਅਰਥ:**

ਜੇ ਤੂੰ ਬਰੀਕ ਅਕਲ ਵਾਲਾ ਸਮਝਦਾਰ ਹੈਂ, ਤਾਂ ਹੋਰਾਂ ਦੇ ਮੰਦੇ ਕੰਮਾਂ ਦੀ ਪੜਚੋਲ ਨਾ ਕਰ; ਆਪਣੀ ਬੁੱਕਲ ਵਿੱਚ ਝਾਤੀ ਮਾਰ ਕੇ ਦੇਖ ਕਿ ਤੇਰੇ ਆਪਣੇ ਕਰਮ ਕਿਹੋ-ਜਿਹੇ ਹਨ।

ਫਰੀਦਾ ਜੋ ਤੈ ਮਾਰਨਿ ਮੁਕੀਆਂ, ਤਿਨ੍ਹਾ ਨ ਮਾਰੇ ਘੁੰਮਿ॥<br>
ਆਪਨੜੈ ਘਰਿ ਜਾਈਐ, ਪੈਰ ਤਿਨ੍ਹਾ ਦੇ ਚੁੰਮਿ ॥ 7॥

**ਅਰਥਾਵਲੀ :**

**ਤੈ**-ਤੈਨੂੰ। **ਘੁੰਮਿ**-ਪਰਤ ਕੇ। **ਆਪਨੜੈ ਘਰਿ**-ਆਪਣੇ ਘਰ ਵਿੱਚ।



Downloaded from https:// www.studiestoday.com

Downloaded from https:// www.studiestoday.com



**ਅਰਥ :**

ਫ਼ਰੀਦ ਜੀ ਕਹਿੰਦੇ ਹਨ, ਜੋ ਮਨੁੱਖ ਤੈਨੂੰ ਮੁੱਕੀਆਂ ਮਾਰਨ ਭਾਵ ਦੁੱਖ ਦੇਣ, ਉਹਨਾਂ ਨੂੰ ਤੂੰ ਪਰਤ ਕੇ ਨਾ ਮਾਰੀਂ ਭਾਵ ਬਦਲਾ ਨਾ ਲਈਂ। ਸਗੋਂ ਉਹਨਾਂ ਦੇ ਪੈਰ ਚੁੰਮ ਕੇ ਆਪਣੇ ਘਰ ਜਾਣਾ ਚਾਹੀਦਾ ਹੈ।

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ।
ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥ 19॥

**ਅਰਥਾਵਲੀ :**

**ਜੰਗਲੁ ਜੰਗਲੁ**- ਹਰੇਕ ਜੰਗਲ। **ਕਿਆ ਭਵਹਿ**-ਗਾਹੁਣ ਦਾ ਕੀ ਲਾਭ? **ਮੋੜੇਹਿ**-ਲਿਤਾੜਦਾ। **ਹਿਆਲੀਐ**-ਹਿਰਦੇ ਵਿੱਚ।

**ਅਰਥ :**

ਫ਼ਰੀਦ ਜੀ ਕਹਿੰਦੇ ਹਨ ਹਰੇਕ ਜੰਗਲ ਨੂੰ ਗਾਹੁਣ ਦਾ ਕੀ ਲਾਭ ਹੈ? ਜੰਗਲ ਵਿੱਚ ਕੰਡੇ ਕਿਉਂ ਲਿਤਾੜਦਾ ਫਿਰਦਾ ਹੈਂ? ਰੱਬ ਤਾਂ ਤੇਰੇ ਹਿਰਦੇ ਵਿੱਚ ਵੱਸਦਾ ਹੈ, ਜੰਗਲ ਵਿੱਚ ਲੱਭਣ ਦਾ ਕੀ ਫ਼ਾਇਦਾ?

ਫਰੀਦਾ ਸਕਰ ਖੰਡੁ ਨਿਵਾਤ ਗੁੜੁ, ਮਾਖਿਉ ਮਾਝਾ ਦੁਧੁ ॥
ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ ॥ 27 ॥

**ਅਰਥਾਵਲੀ :**

**ਨਿਵਾਤ**-ਮਿਸਰੀ। **ਮਾਖਿਉ**-ਸ਼ਹਿਦ। **ਤੁਧੁ**-ਤੈਨੂੰ।

**ਅਰਥ :**

ਫ਼ਰੀਦ ਜੀ ਕਹਿੰਦੇ ਹਨ ਕਿ ਸ਼ੱਕਰ, ਖੰਡ, ਮਿਸਰੀ, ਗੁੜ, ਸ਼ਹਿਦ ਅਤੇ ਮਾਝਾ ਦੁੱਧ-ਇਹ ਸਾਰੀਆਂ ਚੀਜ਼ਾਂ ਮਿੱਠੀਆਂ ਹਨ ਪਰ ਹੇ ਪਰਮਾਤਮਾ! ਤੇਰੇ (ਨਾਮ ਦੀ ਮਿਠਾਸ) ਤੱਕ ਨਹੀਂ ਪਹੁੰਚ ਸਕਦੀਆਂ।

ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ॥
ਜਿਨਾ ਖਾਧੀ ਚੋਪੜੀ ਘਣੇ ਸਹਿਨਗੇ ਦੁਖ ॥ 28॥

**ਅਰਥਾਵਲੀ :**

**ਕਾਠ ਕੀ**-ਲੱਕੜ ਵਾਂਗ ਸੁੱਕੀ ਰੋਟੀ, ਰੁੱਖੀ-ਮਿੱਸੀ ਰੋਟੀ। **ਲਾਵਣ**-ਭਾਜੀ, ਸਲੂਣਾ। **ਚੋਪੜੀ**-ਸੁਆਦਲੀ ਰੋਟੀ। **ਘਣੇ**-ਬੜੇ।

Downloaded from https:// www.studiestoday.com

Downloaded from https:// www.studiestoday.com



**ਅਰਥ :**

ਆਪਣੇ ਹੱਥਾਂ ਦੀ ਕਮਾਈ ਹੋਈ ਮੇਰੀ ਰੁੱਖੀ-ਮਿੱਸੀ ਰੋਟੀ ਹੈ, ਮੇਰੀ ਭੁੱਖ ਹੀ ਇਸ ਰੋਟੀ ਦੇ ਨਾਲ਼ ਭਾਜੀ ਹੈ। ਜੋ ਲੋਕ ਚੰਗੀ ਚੋਖੀ ਰੋਟੀ ਖਾਂਦੇ ਹਨ, ਉਹ ਬਹੁਤ ਦੁੱਖ ਪਾਉਣਗੇ।

ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ ॥
ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ ॥29॥

**ਅਰਥਾਵਲੀ :**

**ਦੇਖਿ**- ਵੇਖ ਕੇ। **ਪਰਾਈ**-ਦੂਸਰੇ ਦੀ।

**ਅਰਥ :**

ਆਪਣੀ ਰੁੱਖੀ-ਮਿੱਸੀ ਹੀ ਖਾ ਕੇ ਠੰਢਾ ਪਾਣੀ ਪੀ ਲੈਂ ਪਰ ਦੂਸਰੇ ਦੀ ਸੁਆਦਲੀ ਰੋਟੀ ਦੇਖ ਕੇ ਆਪਣਾ ਮਨ ਨਾ ਤਰਸਾਈਂ।

ਫਰੀਦਾ ਚਾਰਿ ਗਵਾਇਆ ਹੰਢਿ ਕੈ ਚਾਰਿ ਗਵਾਇਆ ਸੰਮਿ॥
ਲੇਖਾ ਰਬੁ ਮੰਗੇਸੀਆ ਤੂੰ ਆਂਹੋ ਕੇਰੇ ਕੰਮਿ॥ 38॥

**ਔਖੇ ਸ਼ਬਦਾਂ ਦੇ ਅਰਥ:**

**ਹੰਢਿ ਕੇ**- ਭਉਂ ਕੇ, ਦੌੜ-ਭੱਜ ਕੇ। **ਸੰਮਿ**-ਸੌਂ ਕੇ। **ਮੰਗੇਸੀਆ**-ਮੰਗੇਗਾ। **ਆਹੋਂ**-ਆਇਆ ਸੈਂ। **ਕੇਰੇ**-ਕਿਸ।

**ਅਰਥ :**

ਫ਼ਰੀਦ ਜੀ ਕਹਿੰਦੇ ਹਨ ਕਿ ਚਾਰ ਪਹਿਰ ਦਿਨ ਤੂੰ ਭੱਜ-ਦੌੜ ਕੇ ਵਿਅਰਥ ਗੁਆ ਲਿਆ ਤੇ ਚਾਰ ਪਹਿਰ ਰਾਤ ਸੌਂ ਕੇ ਗੁਆ ਦਿੱਤੀ ਹੈ। ਪਰਮਾਤਮਾ ਹਿਸਾਬ ਮੰਗੇਗਾ ਕਿ (ਦੁਨੀਆਂ ਵਿੱਚ) ਤੂੰ ਕਿਸ ਕੰਮ ਆਇਆ ਸੀ?

ਫਰੀਦਾ ਜਿਨੀ ਕੰਮੀ ਨਾਹਿ ਗੁਣ, ਤੇ ਕੰਮੜੇ ਵਿਸਾਰਿ ॥
ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ ॥59॥

**ਅਰਥਾਵਲੀ :**

**ਜਿਨੀ ਕੰਮੀ**-ਜਿਨ੍ਹਾਂ ਕੰਮਾਂ ਵਿੱਚ। **ਗੁਣ**-ਲਾਭ। **ਕੰਮੜੇ**-ਕੋਝੇ ਕੰਮ। **ਥੀਵਹੀ**-ਹੋਵੇਂ। **ਦਰਬਾਰਿ**-ਦਰਬਾਰ ਵਿੱਚ।

**ਅਰਥ :**

ਫ਼ਰੀਦ ਜੀ ਕਹਿੰਦੇ ਹਨ ਉਹ ਮਾੜੇ ਕੰਮ ਛੱਡ ਦੇ ਜਿਨ੍ਹਾਂ ਕੰਮਾਂ ਵਿੱਚ ਲਾਭ ਨਹੀਂ ਹੈ, ਮਤਾਂ ਪਰਮਾਤਮਾ ਦੇ ਦਰਬਾਰ ਵਿੱਚ ਸ਼ਰਮਿੰਦਾ ਹੋਣਾ ਪਵੇ।

ਫ਼ਰੀਦਾ ਕਾਲੇ ਮੈਡੇ ਕਪੜੇ ਕਾਲ਼ਾ ਮੈਡਾ ਵੇਸੁ॥
ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ॥ 61॥

Downloaded from https:// www.studiestoday.com

Downloaded from https:// www.studiestoday.com



**ਅਰਥਾਵਲੀ :**

**ਮੈਡੇ**-ਮੇਰੇ । **ਵੇਸੁ**-ਪਹਿਰਾਵਾ ,ਪੁਸ਼ਾਕ। **ਗੁਨਹੀ** -ਗੁਨਾਹਾਂ ਨਾਲ। **ਫਿਰਾਂ**-ਫਿਰਦਾ ਹਾਂ। **ਲੋਕੁ**-ਜਗਤ । **ਕਹੈ**.-ਆਖਦਾ ਹੈ।

**ਅਰਥ :**

ਫ਼ਰੀਦ ਜੀ ਕਹਿੰਦੇ ਹਨ, ਮੇਰੇ ਕੱਪੜੇ ਵੀ ਕਾਲ਼ੇ ਹਨ, ਮੇਰਾ ਵੇਸ ਵੀ ਕਾਲ਼ਾ ਹੈ। ਮੈਂ ਗੁਨਾਹਾਂ ਨਾਲ਼ ਭਰਿਆ ਹੋਇਆ ਫਿਰਦਾ ਹਾਂ ਤੇ ਜਗਤ ਮੈਨੂੰ ਫ਼ਕੀਰ ਆਖਦਾ ਹੈ।

ਫ਼ਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥ 78॥

**ਅਰਥਾਵਲੀ :**

**ਮਨਿ** - ਮਨ ਵਿੱਚ । **ਨ ਹਢਾਇ** - ਨਾ ਆਉਣ ਦੇ । **ਦੇਹੀ** - ਸਰੀਰ ਨੂੰ । **ਨ ਲਗਈ** - ਨਹੀਂ ਲੱਗਦਾ । **ਸਭੁ ਕਿਛੁ** - ਹਰੇਕ ਚੀਜ਼ । **ਪਲੈ ਪਾਇ** - ਪੱਲੈ ਪਈ ਰਹਿੰਦੀ ਹੈ, ਸਾਂਭੀ ਰਹਿੰਦੀ ਹੈ।

**ਅਰਥ :**

ਫ਼ਰੀਦ ਜੀ ਕਹਿੰਦੇ ਹਨ ਕਿ ਬੁਰਾਈ ਕਰਨ ਵਾਲ਼ੇ ਨਾਲ਼ ਵੀ ਭਲਾਈ ਕਰ, ਗੁੱਸਾ ਮਨ ਵਿੱਚ ਨਾ ਆਉਣ ਦੇ ।(ਇਸ ਤਰ੍ਹਾਂ)ਸਰੀਰ ਨੂੰ ਕੋਈ ਰੋਗ ਨਹੀਂ ਲੱਗਦਾ ਅਤੇ ਹਰੇਕ ਪਦਾਰਥ(ਭਾਵ ਚੰਗਾ ਗੁਣ) ਸਾਂਭਿਆ ਰਹਿੰਦਾ ਹੈ।

ਫ਼ਰੀਦਾ ਮੈ ਜਾਨਿਆ ਦੁਖੁ ਮੁਝ ਕੂ ,ਦੁਖੁ ਸਬਾਇਐ ਜਗਿ॥
ਊਚੇ ਚੜਿ ਕੈ ਦੇਖਿਆ ,ਤਾਂ ਘਰਿ ਘਰਿ ਏਹਾ ਅਗਿ॥ 81॥

**ਅਰਥਾਵਲੀ :**

**ਮੁਝ ਕੂ** -ਮੈਨੂੰ । **ਸਬਾਇਐ ਜਗਿ** - ਸਾਰੇ ਜਗਤ ਵਿੱਚ। **ਊਚੇ ਚੜਿ ਕੈ** - ਦੁੱਖ ਤੋਂ ਉੱਚਾ ਹੋ ਕੇ । **ਘਰਿ ਘਰਿ** - ਹਰੇਕ ਘਰ ਵਿੱਚ। **ਏਹਾ ਅਗਿ** - ਏਹੀ ਅੱਗ।

**ਅਰਥ :**

ਫ਼ਰੀਦ ਜੀ ਕਹਿੰਦੇ ਹਨ ਕਿ ਮੈਂ ਇਹ ਸਮਝਿਆ ਸੀ ਕਿ ਦੁੱਖ (ਸਿਰਫ਼) ਮੈਨੂੰ (ਹੀ) ਹੈ ਪਰ ਦੁੱਖ ਤਾਂ ਸਾਰੇ ਜਗਤ ਵਿੱਚ ਹੈ । ਜਦੋਂ ਮੈਂ (ਆਪਣੇ ਦੁੱਖ ਤੋਂ) ਉਚੇਰਾ ਹੋ ਕੇ ਧਿਆਨ ਮਾਰਿਆ ਤਾਂ ਮੈਂ ਵੇਖਿਆ ਕਿ ਹਰੇਕ ਘਰ ਵਿੱਚ ਇਹੀ ਅੱਗ (ਬਲ਼) ਰਹੀ ਹੈ (ਭਾਵ ਹਰੇਕ ਜੀਵ ਦੁਖੀ ਹੈ।)

ਫ਼ਰੀਦਾ ਹਉ ਬਲਿਹਾਰੀ ਤਿਨ ਪੰਖੀਆ ਜੰਗਲਿ ਜਿਨਾ ਵਾਸੁ॥
ਕਕਰੁ ਚੁਗਨਿ ਥਲਿ ਵਸਨਿ ਰਬ ਨ ਛੋਡਨਿ ਪਾਸ ॥ 101॥

Downloaded from https:// www.studiestoday.com

Downloaded from https:// www.studiestoday.com



**ਅਰਥਾਵਲੀ :**

**ਹਉ** - ਮੈਂ। **ਬਲਿਹਾਰੀ** - ਸਦਕੇ, ਕੁਰਬਾਨ । **ਵਾਸੁ** - ਵਸੇਬਾ, ਰਹਾਇਸ਼। **ਕਕਰੁ** - ਰੋੜ, ਕੰਕਰ । **ਥਲਿ** - ਥਲ ਉੱਤੇ, ਭੋਂ ਉੱਤੇ । **ਰਬ ਪਾਸ** - ਰੱਬ ਦਾ ਆਸਰਾ।

**ਅਰਥ :**

ਫ਼ਰੀਦ ਜੀ ਕਹਿੰਦੇ ਹਨ, ਮੈਂ ਉਹਨਾਂ ਪੰਛੀਆਂ ਤੋਂ ਸਦਕੇ ਜਾਂਦਾ ਹਾਂ ਜਿਨ੍ਹਾਂ ਦਾ ਵਾਸਾ ਜੰਗਲ਼ ਵਿੱਚ ਹੈ, ਰੋੜ ਚੁਗਦੇ ਹਨ, ਭੋਂ ਉੱਤੇ ਵੱਸਦੇ ਹਨ, (ਪਰ ) ਰੱਬ ਦਾ ਆਸਰਾ ਨਹੀਂ ਛੱਡਦੇ ।

ਇਕ ਫਿਕਾ ਨਾ ਗਾਲਾਇ ਸਭਨਾ ਮੈ ਸਚਾ ਧਣੀ।।
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ।। 129।।

**ਅਰਥਾਵਲੀ :**

**ਗਾਲਾਇ**-ਬੋਲ। **ਧਣੀ**-ਮਾਲਕ, ਖਸਮ। **ਹਿਆਉ**-ਹਿਰਦਾ। **ਕੈਹੀ**-ਕਿਸੇ ਦਾ। **ਠਾਹਿ**-ਢਾਹ। **ਮਾਣਕ**-ਮੋਤੀ।

**ਅਰਥ :**

ਫ਼ਰੀਦ ਜੀ ਕਹਿੰਦੇ ਹਨ ਕਿ ਇੱਕ ਵੀ ਮਾੜਾ ਬਚਨ ਕਿਸੇ ਨੂੰ ਨਾ ਬੋਲ ਕਿਉਂਕਿ ਸਾਰਿਆਂ ਵਿੱਚ ਉਸ ਮਾਲਕ ਦਾ ਵਾਸਾ ਹੈ। ਕਿਸੇ ਦਾ ਵੀ ਹਿਰਦਾ ਨਾ ਦੁਖਾ ਕਿਉਂਕਿ ਸਾਰੇ ਜੀਵ ਹੀ ਅਮੋਲ ਮੋਤੀ ਹਨ।

## ਪਾਠ ਅਭਿਆਸ

ਸ਼ੇਖ ਫ਼ਰੀਦ ਜੀ ਦੇ ਸਲੋਕ ਪੜ੍ਹ ਕੇ ਕਿਹੜੇ-ਕਿਹੜੇ ਸਦਾਚਾਰਿਕ ਗੁਣ ਗ੍ਰਹਿਣ ਕਰਨ ਦੀ ਸਿੱਖਿਆ ਮਿਲਦੀ ਹੈ?

ਹੇਠ ਲਿਖੇ ਸਲੋਕਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:

(ੳ) ਫਰੀਦਾ ਜਿਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ।।
ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ।।

(ਅ) ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ।।
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ।।

(ੲ) ਫਰੀਦਾ ਹਉ ਬਲਿਹਾਰੀ ਤਿਨ ਪੰਖੀਆ ਜੰਗਲਿ ਜਿਨਾ ਵਾਸੁ।।
ਕਕਰੁ ਚੁਗਨਿ ਥਲਿ ਵਸਨਿ ਰਬ ਨ ਛੋਡਿਨ ਪਾਸ।।

(ਸ) ਫਰੀਦਾ ਸਕਰ ਖੰਡ ਨਿਵਾਤ ਗੁੜੁ, ਮਾਖਿਉ ਮਾਝਾ ਦੁਧੁ।।
ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ।।

Downloaded from https:// www.studiestoday.com

Downloaded from https:// www.studiestoday.com

# ਸ਼ਾਹ ਹੁਸੈਨ

(1539-1593)

ਸ਼ਾਹ ਹੁਸੈਨ ਦਾ ਨਾਂ ਮਾਧੋ ਲਾਲ ਹੁਸੈਨ ਕਰ ਕੇ ਵੀ ਪ੍ਰਸਿੱਧ ਹੈ। ਆਪ ਦੇ ਪਿਤਾ ਦਾ ਨਾਂ ਸ਼ੇਖ ਉਸਮਾਨ ਸੀ। ਉਹ ਕੱਪੜਾ ਬੁਣਨ ਦਾ ਕੰਮ ਕਰਦੇ ਸਨ।

ਸ਼ਾਹ ਹੁਸੈਨ ਸੂਫੀ ਕਵੀ ਸਨ। ਸ਼ਾਹ ਹੁਸੈਨ ਨੇ ਪ੍ਰੇਮ ਅਤੇ ਮਸਤੀ ਰਾਹੀਂ ਰੱਬ ਨਾਲ ਇਕਮਿਕ ਹੋਣ ਦਾ ਰਸਤਾ ਦੱਸਿਆ ਹੈ। ਆਪ ਦੀ ਰਚਨਾ ਵਿੱਚ ਬਿਰਹਾ ਤੇ ਵਲਵਲਾ ਪ੍ਰਧਾਨ ਹੈ। ਮਿਠਾਸ ਤੇ ਸਰੋਦ ਆਪ ਦੀ ਕਾਵਿ-ਸ਼ੈਲੀ ਦੇ ਮੁੱਖ ਗੁਣ ਹਨ। ਸ਼ਾਹ ਹੁਸੈਨ ਦੀ ਭਾਸ਼ਾ ਠੇਠ ਅਤੇ ਸਰਲ ਹੈ। ਆਪ ਦੀਆਂ ਲਿਖੀਆਂ ਕਾਫ਼ੀਆਂ ਪੰਜਾਬ ਵਿੱਚ ਹਰਮਨ-ਪਿਆਰੀਆਂ ਹਨ। ਇਹਨਾਂ ਨੂੰ ਗਾਉਂਦਿਆਂ-ਸੁਣਦਿਆਂ ਮਸਤੀ ਛਾ ਜਾਂਦੀ ਹੈ। ਇਹਨਾਂ ਦੀਆਂ ਕਾਫ਼ੀਆਂ ਦਾ ਸੰਗ੍ਰਹਿ 'ਕਲਾਮ ਸ਼ਾਹ ਹੁਸੈਨ' ਦੇ ਨਾਮ ਨਾਲ ਪ੍ਰਕਾਸ਼ਿਤ ਹੋਇਆ ਹੈ।

## ਸਭੁ ਕਿਛ ਮੇਰਾ ਤੂੰ

ਰੱਬਾ ! ਮੇਰੇ ਹਾਲ ਦਾ ਮਹਿਰਮ ਤੂੰ । 1। ਰਹਾਉ ।
ਅੰਦਰ ਤੂੰ ਹੈਂ ਬਾਹਿਰ ਤੂੰ ਹੈਂ ਰੋਮਿ ਰੋਮਿ ਵਿਚ ਤੂੰ। 1।
ਤੂੰ ਹੈਂ ਤਾਣਾ ਤੂੰ ਹੈਂ ਬਾਣਾ ਸਭੁ ਕਿਛੁ ਮੇਰਾ ਤੂੰ । 2।
ਕਹੇ ਹੁਸੈਨ ਫ਼ਕੀਰ ਨਿਮਾਣਾ, ਮੈਂ ਨਾਹੀਂ ਸਭ ਤੂੰ। 3।

## ਸਾਈਂ ਜਿਨ੍ਹਾਂਦੜੇ ਵਲਿ

ਸਾਈਂ ਜਿਨ੍ਹਾਂਦੜੇ ਵਲਿ,
ਤਿਨ੍ਹਾਂ ਨੂੰ ਗਮ ਕੈਂਦਾ, ਵੇ ਲੋਕਾ । 1। ਰਹਾਉ।

ਸੇਈ ਭਲੀਆਂ ਜੋ ਰੱਬ ਵਲਿ ਆਈਆਂ,
ਜਿਨ੍ਹਾਂ ਨੂੰ ਇਸ਼ਕ ਚਰੋਕਾ ਵੇ ਲੋਕਾ । 1।

ਇਸ਼ਕੇ ਦੀ ਸਿਰ ਖਾਰੀ ਚਾਈਆ,
ਦਰ ਦਰ ਦੇਨੀਆਂ ਹੋਕਾ ਵੇ ਲੋਕਾ । 2।



Downloaded from https:// www.studiestoday.com

Downloaded from https:// www.studiestoday.com



ਕਹੈ ਹੁਸੈਨ ਫ਼ਕੀਰ ਸਾਈਂ ਦਾ,
ਲੱਧਾ ਹੀ ਪ੍ਰੇਮ ਝਰੋਖਾ ਵੇ ਲੋਕਾ ।3।

ਸਾਈਂ ਜਿਨ੍ਹਾਂਦੜੇ ਵਲ ਤਿਨ੍ਹਾਂ ਨੂੰ ਗਮ ਕੈਂਦਾ, ਵੇ ਲੋਕਾ,
ਹੋ ਮੈਂ ਵਾਰੀ, ਗਮ ਕੈਂਦਾ ਵੇ ਲੋਕਾ ।4।

## ਆਪਿ ਨੂੰ ਪਛਾਣੁ

ਬੰਦੇ ਆਪਿ ਨੂੰ ਪਛਾਣੁ,
ਜੇ ਤੈਂ ਆਪਣਾ ਆਪਿ ਪਛਾਤਾ,
ਸਾਈਂ ਦਾ ਮਿਲਣ ਅਸਾਨੁ ।1 ।ਰਹਾਉ।

ਸੁਇਨੇ ਦੇ ਕੋਟ ਰੁਪਿਹਰੀ ਛੱਜੇ,
ਹਰਿ ਬਿਨ ਜਾਣਿ ਮਸਾਣੁ ।1 ।

ਤੇਰੇ ਸਿਰ ਤੇ ਜਮ ਸਾਜ਼ਸ਼ ਕਰਦਾ,
ਭਾਵੇਂ ਤੂੰ ਜਾਣੁ ਨ ਜਾਣੁ ।2 ।

ਸਾਢੇ ਤਿੰਨ ਹੱਥ ਮਿਲਖ ਤੁਸਾਡਾ,
ਏਡੀ ਤੂੰ ਤਾਣ ਨਾ ਤਾਣੁ ।3 ।

ਸੁਇਨਾ ਰੁਪਾ ਤੇ ਮਾਲ ਖ਼ਜ਼ੀਨਾ,
ਹੋਇ ਰਹਿਆ ਮਿਹਮਾਨੁ ।4 ।

ਕਹੈ ਹੁਸੈਨ ਫ਼ਕੀਰ ਨਿਮਾਣਾ,
ਛਡਿ ਦੇ ਖੁਦੀ ਤੇ ਗੁਮਾਨ ।5।

**ਅਰਥਾਵਲੀ :**

**ਮਹਿਰਮ**- ਜਾਣੂ। **ਬਾਣਾ**-ਪੇਟਾ। **ਗਮ**-ਚਿੰਤਾ, ਫ਼ਿਕਰ, ਦੁੱਖ। **ਕੈਂਦਾ**-ਕਿਸ ਦਾ, ਕਾਹਦਾ। **ਚਰੋਕਾ**-ਚਿਰ ਦਾ। **ਖਾਰੀ**-ਟੋਕਰੀ। **ਚਾਈ**-ਚੁੱਕੀ। **ਲਧਾ**- ਪ੍ਰਾਪਤ ਕੀਤਾ। **ਝਰੋਖਾ**-

Downloaded from https:// www.studiestoday.com

Downloaded from https:// www.studiestoday.com



ਬਾਰੀ। ਆਪ ਨੂੰ ਪਛਾਣ-ਆਤਮ-ਗਿਆਨ ਪ੍ਰਾਪਤ ਕਰ। **ਅਸਾਨੂ**- ਸੌਖਾ। **ਸੁਇਨੇ**-ਸੋਨੇ ਦੇ। **ਕੋਟ**-ਕਿਲ੍ਹਾ। **ਰੁਪਿਹਰੀ**-ਚਾਂਦੀ ਦੇ। **ਮਿਲਖ**-ਜਗੀਰ, ਮਾਲਕ ਹੋਣ ਦਾ ਭਾਵ। **ਖੁਦੀ ਤੇ ਗੁਮਾਨ**-ਹੰਕਾਰ।

## ਪਾਠ-ਅਭਿਆਸ

1. ਸ਼ਾਹ ਹੁਸੈਨ ਦੇ ਮਨ ਵਿੱਚ ਰੱਬ ਬਾਰੇ ਕੀ ਸੰਕਲਪ ਹੈ?
2. 'ਸਭੁ ਕਿਛ ਮੇਰਾ ਤੂੰ' ਕਵਿਤਾ ਦਾ ਕੇਂਦਰੀ ਭਾਵ ਲਿਖੋ।
3. 'ਸਾਈਂ ਜਿਨ੍ਹਾਂ ਦੇ ਵਲ ' ਕਵਿਤਾ ਵਿੱਚ ਕਵੀ ਕੀ ਕਹਿਣਾ ਚਾਹੁੰਦਾ ਹੈ?
4. 'ਆਪਿ ਨੂੰ ਪਛਾਣੁ' ਕਵਿਤਾ ਵਿੱਚ ਕਵੀ ਮਨੁੱਖ ਨੂੰ ਆਪਾ ਪਛਾਣਨ ਲਈ ਕਿਉਂ ਆਖਦਾ ਹੈ?
5. ਹੇਠ ਲਿਖੇ ਕਾਵਿ-ਟੋਟੇ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:

   ਸਾਢੇ ਤਿੰਨ ਹੱਥ ਮਿਲਖ ਤੁਸਾਡਾ,<br>
   ਏਡੀ ਤੂੰ ਤਾਣ ਨਾ ਤਾਣੁ।<br>
   ਸੁਇਨਾ ਰੁਪਾ ਤੇ ਮਾਲ ਖ਼ਜ਼ੀਨਾ,<br>
   ਹੋਇ ਰਹਿਆ ਮਿਹਮਾਨ।<br>
   ਕਹੇ ਹੁਸੈਨ ਫ਼ਕੀਰ ਨਿਮਾਣਾ,<br>
   ਛਡਿ ਦੇ ਖੁਦੀ ਤੇ ਗੁਮਾਨ।

Downloaded from https:// www.studiestoday.com

Downloaded from https:// www.studiestoday.com

# ਬੁੱਲ੍ਹੇ ਸ਼ਾਹ

(1680-1758)

ਬੁੱਲ੍ਹੇ ਸ਼ਾਹ ਦਾ ਜਨਮ ਪਿੰਡ ਪਾਂਡੋਕੇ, ਜ਼ਿਲ੍ਹਾ ਲਾਹੌਰ ਵਿੱਚ ਹੋਇਆ। ਬੁੱਲ੍ਹੇ ਸ਼ਾਹ ਦਾ ਪਿਤਾ ਮੀਆਂ ਮੁਹੰਮਦ ਦਰਵੇਸ਼ ਇੱਕ ਧਾਰਮਿਕ ਅਧਿਆਪਕ ਸੀ। ਬਚਪਨ ਵਿੱਚ ਬੁੱਲ੍ਹੇ ਸ਼ਾਹ ਨੂੰ ਡੰਗਰ ਚਾਰਨੇ ਪਏ। ਜਦ ਉਹ ਸਿਆਣਾ ਹੋਇਆ ਤਾਂ ਵਿੱਦਿਆ ਪ੍ਰਾਪਤ ਕਰਨ ਲਈ ਕਸੂਰ ਵਿਖੇ ਗਿਆ। ਜਦੋਂ ਜਵਾਨੀ ਵਿੱਚ ਪੈਰ ਰੱਖਿਆ ਤਾਂ ਉਸ ਅੰਦਰ ਭਗਤੀ-ਭਾਵਨਾ ਜਾਗ ਪਈ।

ਬੁੱਲ੍ਹੇ ਸ਼ਾਹ ਬੜਾ ਭਗਤੀ ਵਾਲ਼ਾ, ਮਸਤੀ ਵਾਲ਼ਾ ਸੂਫ਼ੀ ਫ਼ਕੀਰ ਸੀ। ਉਸ ਦੀ ਫ਼ਕੀਰੀ ਨੇ ਉਸ ਨੂੰ ਕਵੀ ਬਣਾਇਆ। ਉਸ ਦਾ ਗੁਰੂ ਸ਼ਾਹ ਇਨਾਇਤ ਸੀ।

ਬੁੱਲ੍ਹੇ ਸ਼ਾਹ ਨੇ ਕਾਫ਼ੀਆਂ, ਅਠਵਾਰੇ, ਬਾਰਾਂਮਾਹ ਤੇ ਤਿੰਨ ਸੀਹਰਫ਼ੀਆਂ ਲਿਖੀਆਂ। ਕਾਫ਼ੀਆਂ ਸੂਫ਼ੀ-ਭਾਵਾਂ ਨਾਲ਼ ਭਰੀਆਂ ਹਨ। ਉਹਨਾਂ ਵਿੱਚ ਸੋਜ਼, ਤੜਪ, ਬਿਰਹਾ, ਹੂਕ ਤੇ ਵੈਰਾਗ ਹੈ। ਉਸ ਦੀ ਬੋਲੀ ਲਾਹੌਰੀ ਤੇ ਮੁਲਤਾਨੀ ਹੈ। ਉਸ ਨੇ ਪੰਜਾਬੀ ਮੁਹਾਵਰਿਆਂ ਦਾ ਪ੍ਰਯੋਗ ਬੜੇ ਸੁੰਦਰ ਢੰਗ ਨਾਲ਼ ਕੀਤਾ ਹੈ।

## ਬੁਲ੍ਹਾ ਕੀ ਜਾਣਾ ਮੈਂ ਕੌਣ

ਨਾ ਮੈਂ ਮੋਮਨ ਵਿੱਚ ਮਸੀਤਾਂ, ਨਾ ਮੈਂ ਕੁਫਰ ਇਮਾਨ ਦੀਆਂ ਰੀਤਾਂ।
ਨਾ ਮੈਂ ਪਾਕਾਂ ਵਿੱਚ ਪਲੀਤਾਂ, ਨਾ ਮੈਂ ਮੂਸਾ ਨਾ ਫਿਰਔਨ।
ਬੁਲ੍ਹਾ ਕੀ ਜਾਣਾ ਮੈਂ ਕੌਣ?
ਨਾ ਮੈਂ ਅੰਦਰ ਵੇਦ ਕਿਤਾਬਾਂ, ਨਾ ਮੈਂ ਭੰਗਾਂ ਵਿੱਚ ਸ਼ਰਾਬਾਂ।
ਨਾ ਵਿੱਚ ਰਿੰਦਾਂ ਮਸਤ ਖ਼ਰਾਬਾਂ, ਨਾ ਵਿੱਚ ਜਾਗਣ ਨਾ ਵਿੱਚ ਸੌਣ।
ਬੁਲ੍ਹਾ ਕੀ ਜਾਣਾ ਮੈਂ ਕੌਣ?
ਨਾ ਵਿੱਚ ਸ਼ਾਦੀ ਨਾ ਗ਼ਮਨਾਕੀ, ਨਾ ਮੈਂ ਵਿੱਚ ਪਲੀਤੀ ਪਾਕੀ।
ਨਾ ਮੈਂ ਆਬੀ ਨਾ ਮੈਂ ਖ਼ਾਕੀ, ਨਾ ਮੈਂ ਆਤਸ਼ ਨਾ ਮੈਂ ਪੌਣ।
ਬੁਲ੍ਹਾ ਕੀ ਜਾਣਾ ਮੈਂ ਕੌਣ?
ਨਾ ਮੈਂ ਅਰਬੀ ਨਾ ਲਾਹੌਰੀ, ਨਾ ਮੈਂ ਹਿੰਦੀ ਸ਼ਹਿਰ ਨਗੌਰੀ।
ਨਾ ਮੈਂ ਹਿੰਦੂ ਤੁਰਕ ਪਸ਼ੌਰੀ, ਨਾ ਮੈਂ ਰਹਿੰਦਾ ਵਿੱਚ ਨਦੌਣ,
ਬੁਲ੍ਹਾ ਕੀ ਜਾਣਾ ਮੈਂ ਕੌਣ?
ਨਾ ਮੈਂ ਭੇਦ ਮਜ਼੍ਹਬ ਦਾ ਪਾਇਆ, ਨਾ ਮੈਂ ਆਦਮ ਹੱਵਾ ਜਾਇਆ।
ਨਾ ਮੈਂ ਆਪਣਾ ਨਾਮ ਧਰਾਇਆ, ਨਾ ਵਿੱਚ ਬੈਠਣ ਨਾ ਵਿੱਚ ਭੌਣ।
ਬੁਲ੍ਹਾ ਕੀ ਜਾਣਾ ਮੈਂ ਕੌਣ?



Downloaded from https:// www.studiestoday.com

Downloaded from https:// www.studiestoday.com



ਅੱਵਲ ਆਖ਼ਰ ਆਪ ਨੂੰ ਜਾਣਾ, ਨਾ ਕੋਈ ਦੂਜਾ ਹੋਰ ਪਛਾਣਾ।
ਮੈਥੋਂ ਹੋਰ ਨਾ ਕੋਈ ਸਿਆਣਾ, ਬੁਲ੍ਹਾ ਸ਼ਾਹ ਖੜ੍ਹਾ ਹੈ ਕੌਣ?
ਬੁਲ੍ਹਾ ਕੀ ਜਾਣਾ ਮੈਂ ਕੌਣ?

**ਇਸ਼ਕ ਦੀ ਨਵੀਉਂ ਨਵੀਂ ਬਹਾਰ**

ਫੂਕ ਮੁਸੱਲਾ ਭੰਨ ਸਿੱਟ ਲੋਟਾ,
ਨਾ ਫੜ ਤਸਬੀ ਕਾਸਾ ਸੋਟਾ,
ਆਲਿਮ ਕਹਿੰਦਾ ਦੇ ਦੇ ਹੋਕਾ,
ਤਰਕ ਹਲਾਲੋਂ, ਖਾ ਮੁਰਦਾਰ।
ਇਸ਼ਕ ਦੀ ਨਵੀਉਂ ਨਵੀਂ ਬਹਾਰ।

ਉਮਰ ਗੀਵਾਈ ਵਿੱਚ ਮਸੀਤੀ,
ਅੰਦਰ ਭਰਿਆ ਨਾਲ ਪਲੀਤੀ,
ਕਦੇ ਨਮਾਜ਼ ਵਹਿਦਤ ਨਾ ਕੀਤੀ,
ਹੁਣ ਕਿਉਂ ਕਰਨਾ ਏ ਧਾੜੇ ਧਾੜ।
ਇਸ਼ਕ ਦੀ ਨਵੀਉਂ ਨਵੀਂ ਬਹਾਰ।

ਜਾਂ ਮੈਂ ਸਬਕ ਇਸ਼ਕ ਦਾ ਪੜ੍ਹਿਆ,
ਮਸਜਦ ਕੋਲੋਂ ਜੀਉੜਾ ਡਰਿਆ,
ਭਜ ਭਜ ਠਾਕਰ ਦਵਾਰੇ ਵੜਿਆ,
ਘਰ ਵਿਚ ਪਾਇਆ ਮਹਿਰਮ ਯਾਰ।
ਇਸ਼ਕ ਦੀ ਨਵੀਉਂ ਨਵੀਂ ਬਹਾਰ।

ਜਾਂ ਮੈਂ ਰਮਜ਼ ਇਸ਼ਕ ਦੀ ਪਾਈ,
ਮੈਨਾ ਤੂਤੀ ਮਾਰ ਗਵਾਈ,
ਅੰਦਰ ਬਾਹਰ ਹੋਈ ਸਫਾਈ,
ਜਿਤ ਵਲ ਵੇਖਾ ਯ਼ਾਰੋ ਯਾਰ,
ਇਸ਼ਕ ਦੀ ਨਵੀਉਂ ਨਵੀਂ ਬਹਾਰ।

ਹੀਰ ਰਾਂਝੇ ਦੇ ਹੋ ਗਏ ਮੇਲੇ,
ਭੁੱਲੀ ਹੀਰ ਢੂੰਢੇਂਦੀ ਬੇਲੇ,
ਰਾਂਝਣ ਯਾਰ ਬੁਕਲ ਵਿੱਚ ਖੇਲੇ,
ਮੈਨੂੰ ਸੁੱਧ ਬੁਧ ਰਹੀ ਨਾ ਸਾਰ,
ਇਸ਼ਕ ਦੀ ਨਵੀਉਂ ਨਵੀਂ ਬਹਾਰ।

Downloaded from https:// www.studiestoday.com

Downloaded from https:// www.studiestoday.com



ਵੇਦ ਕੁਰਾਨਾਂ ਪੜ੍ਹ ਪੜ੍ਹ ਥੱਕੇ,
ਸਿਜਦੇ ਕਰਦਿਆਂ ਘਸ ਗਏ ਮੱਥੇ,
ਨਾ ਰੱਬ ਤੀਰਥ, ਨਾ ਰੱਬ ਮੱਕੇ,
ਜਿਨ ਪਾਇਆ ਤਿਨ ਨੂਰ ਅਨਵਾਰ,
ਇਸ਼ਕ ਦੀ ਨਵੀਉਂ ਨਵੀਂ ਬਹਾਰ।

ਇਸ਼ਕ ਭੁਲਾਇਆ ਸਿਜਦਾ ਤੇਰਾ,
ਹੁਣ ਕਿਉਂ ਐਵੇਂ ਪਾਵੇ ਝੇੜਾ?
ਬੁਲ੍ਹਾ ਹੋ ਰਹੁ ਚੁਪ ਚੁਪੇੜਾ,
ਚੱਕੀ ਸਗਲੀ ਕੂਕ ਪੁਕਾਰ,
ਇਸ਼ਕ ਦੀ ਨਵੀਉਂ ਨਵੀਂ ਬਹਾਰ।

## ਤੇਰਾ ਨਾਮ ਧਿਆਈਦਾ ਸਾਈਂ

ਤੇਰਾ ਨਾਮ ਧਿਆਈਦਾ ਸਾਈਂ,
ਤੇਰਾ ਨਾਮ ਧਿਆਈਦਾ।

ਬੁਲ੍ਹੇ ਨਾਲੋਂ ਚੁਲ੍ਹਾ ਚੰਗਾ,
ਜਿਸ ਪਰ ਤਾਮ ਪਕਾਈਦਾ,

ਰਲ ਫ਼ਕੀਰਾਂ ਮਜਲਸ ਕੀਤੀ,
ਭੋਰਾ ਭੋਰਾ ਖਾਈਦਾ।

ਰੰਗੜ ਨਾਲੋਂ ਖਿੰਗਰ ਚੰਗਾ,
ਜਿਸ ਪਰ ਪੈਰ ਘਸਾਈਦਾ,

ਬੁਲ੍ਹਾ ਸ਼ਹੁ ਨੂੰ ਸੋਈ ਪਾਵੇ,
ਜੋ ਬਕਰਾ ਬਣੇ ਕਸਾਈਦਾ।

**ਅਰਥਾਵਲੀ :**

**ਮੋਮਨ** - ਮੁਸਲਮਾਨ। **ਕੁਫ਼ਰ**- ਝੂਠ। **ਪਾਕਾਂ** - ਪਵਿੱਤਰ ਲੋਕਾਂ। **ਪਲੀਤਾਂ** - ਪਾਪੀਆਂ। **ਮੂਸਾ** - ਇਸਰਾਈਲ ਵੰਸ਼ ਦਾ ਇੱਕ ਪੈਗ਼ੰਬਰ ਜੋ ਹਜ਼ਰਤ ਈਸਾ ਤੋਂ ਬਾਰਾਂ ਸੌ ਵਰ੍ਹੇ ਪਹਿਲਾਂ ਹੋਏ। **ਫਿਰਔਨ** - ਮਿਸਰ ਦਾ ਬਾਦਸ਼ਾਹ, ਜਿਸ ਦਾ ਮਾਣ ਮੂਸਾ ਨੇ ਤੋੜਿਆ ਸੀ। **ਰਿੰਦਾਂ** - ਮਲੰਗਾਂ। **ਮਸਤ ਖਰਾਬਾਂ** - ਨਸ਼ੇ ਵਿੱਚ ਬਦਮਸਤ। **ਸ਼ਾਦੀ** - ਖ਼ੁਸ਼ੀ। **ਗ਼ਮਨਾਕੀ** - ਗ਼ਮੀ। **ਆਬੀ** - ਪਾਣੀ ਦਾ ਬਣਿਆ ਹੋਇਆ। **ਖ਼ਾਕੀ** - ਮਿੱਟੀ ਦਾ

Downloaded from https:// www.studiestoday.com

Downloaded from https:// www.studiestoday.com



ਬਣਿਆ ਹੋਇਆ। **ਆਤਸ਼** - ਅੱਗ। **ਨਗੌਰੀ** - ਨਗੌਰ ਸ਼ਹਿਰ ਦਾ। **ਨਦੌਣ** - ਕਾਂਗੜੇ ਦਾ ਇੱਕ ਸ਼ਹਿਰ, ਜਿੱਥੇ ਸੂਫ਼ੀਆਂ ਦਾ ਇੱਕ ਪ੍ਰਸਿੱਧ ਤਕੀਆ ਹੈ। **ਨਾ ਵਿੱਚ ਬੈਠਣ ਨਾ ਵਿੱਚ ਭੌਣ** - ਦੋ ਤਰ੍ਹਾਂ ਦੇ ਫ਼ਕੀਰ ਹਨ : ਇੱਕ ਡੇਰਾ ਬਣਾ ਕੇ ਬਹਿਣ ਵਾਲੇ ਜਿਨ੍ਹਾਂ ਨੂੰ ਕੁਟੀਚੌਰ ਆਖਦੇ ਹਨ, **ਦੂਜੇ ਥਾਂ** - ਥਾਂ ਭੌਣ ਵਾਲੇ ਜਿਨ੍ਹਾਂ ਨੂੰ ਜੰਗਮ ਕਹਿੰਦੇ ਹਨ। **ਮੁਸੱਲਾ** - ਨਮਾਜ਼ ਪੜ੍ਹਨ ਦਾ ਆਸਣ। **ਤਸਬੀ** - ਮਾਲਾ। **ਕਾਸਾ** - ਪਿਆਲਾ, ਕਚਕੌਲ। **ਵਹਿਦਤ** - ਰੱਬੀ ਏਕਤਾ। **ਆਲਿਮ** - ਪੜ੍ਹਿਆ ਹੋਇਆ, ਇਲਮ ਵਾਲਾ। **ਤਰਕ**- ਦਲੀਲ। **ਹਲੈਂਲ**- ਜਾਇਜ਼, ਧਰਮ ਦੀ ਕਮਾਈ, ਇਸਲਾਮੀ ਤਰੀਕੇ ਨਾਲ ਜ਼ਿਬ੍ਹਾ ਕੀਤਾ ਪਸ਼ੂ, ਪੰਛੀ। **ਰਮਜ਼** - ਭੇਤ, ਰਾਜ਼। **ਮੈਨਾ ਤੂਤੀ** - ਹੰਕਾਰ, ਮੈਂ-ਮੈਂ, ਤੂੰ-ਤੂੰ। **ਨੂਰ ਅਨਵਾਰ** - ਨੂਰਾਂ ਦਾ ਨੂਰ। **ਤਾਮ** - ਖਾਣਾ, ਭੋਜਨ। **ਮਜਲਸ** - ਸਭਾ, ਇਕੱਠੇ ਹੋ ਕੇ ਬੈਠਣ ਦੀ ਥਾਂ। **ਰੰਗੜ** - ਇਸਲਾਮ ਮਤ ਧਾਰਨ ਵਾਲਾ ਰਾਜਪੂਤ। **ਖਿੰਗਰ** - ਆਵੇ ਦੀ ਅੱਗ ਨਾਲ ਬਹੁਤ ਇੱਟਾਂ ਦਾ ਪੰਘਰ ਕੇ ਬਣਿਆ ਪੱਥਰ ਦੇ ਆਕਾਰ ਦਾ ਭਿੱਟਾ।

## ਪਾਠ - ਅਭਿਆਸ

1. 'ਬੁਲ੍ਹਾ ਕੀ ਜਾਣਾ ਮੈਂ ਕੌਣ' ਕਵਿਤਾ ਵਿੱਚ ਬੁਲ੍ਹੇ ਸ਼ਾਹ ਨੇ ਆਪਣੀ ਹੋਂਦ ਨੂੰ ਕਿਵੇਂ ਬਿਆਨ ਕੀਤਾ ਹੈ?
2. 'ਬੁਲ੍ਹਾ ਕੀ ਜਾਣਾ ਮੈਂ ਕੌਣ' ਕਵਿਤਾ ਦਾ ਕੇਂਦਰੀ ਭਾਵ ਲਿਖੋ।
3. 'ਇਸ਼ਕ ਦੀ ਨਵੀਉਂ ਨਵੀਂ ਬਹਾਰ' ਕਵਿਤਾ ਅਨੁਸਾਰ ਮਨੁੱਖ ਪਰਮਾਤਮਾ ਨੂੰ ਕਿਵੇਂ ਪ੍ਰਾਪਤ ਕਰ ਸਕਦਾ ਹੈ?
4. 'ਇਸ਼ਕ ਦੀ ਨਵੀਉਂ ਨਵੀਂ ਬਹਾਰ' ਕਵਿਤਾ ਦਾ ਕੇਂਦਰੀ ਭਾਵ ਲਿਖੋ।
5. 'ਤੇਰਾ ਨਾਮ ਧਿਆਈਦਾ ਸਾਈਂ' ਕਵਿਤਾ ਵਿੱਚ ਬੁਲ੍ਹੇ ਸ਼ਾਹ ਅਨੁਸਾਰ ਮਨੁੱਖ ਨੂੰ ਸੰਸਾਰ ਵਿੱਚ ਕਿਵੇਂ ਵਿਚਰਨਾ ਚਾਹੀਦਾ ਹੈ?
6. ਹੇਠ ਲਿਖੇ ਕਾਵਿ-ਟੋਟਿਆਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:

(ੳ) ਨਾ ਵਿੱਚ ਸ਼ਾਦੀ ਨਾ ਗ਼ਮਨਾਕੀ, ਨਾ ਮੈਂ ਵਿੱਚ ਪਲੀਤੀ ਪਾਕੀ।
ਨਾ ਮੈਂ ਆਬੀ ਨਾ ਮੈਂ ਖ਼ਾਕੀ, ਨਾ ਮੈਂ ਆਤਸ਼ ਨਾ ਮੈਂ ਪੌਣ।

(ਅ) ਵੇਦ ਕੁਰਾਨਾਂ ਪੜ੍ਹ ਪੜ੍ਹ ਥੱਕੇ,
ਸਿਜਦੇ ਕਰਦਿਆਂ ਘਸ ਗਏ ਮੱਥੇ,
ਨਾ ਰੱਬ ਤੀਰਥ, ਨਾ ਰੱਬ ਮੱਕੇ,
ਜਿਨ ਪਾਇਆ ਤਿਨ ਨੂਰ ਅਨਵਾਰ।

(ੲ) ਬੁਲ੍ਹੇ ਨਾਲੋਂ ਚੁਲ੍ਹਾ ਚੰਗਾ,
ਜਿਸ ਪਰ ਤਾਮ ਪਕਾਈਦਾ।

Downloaded from https:// www.studiestoday.com

Downloaded from https:// www.studiestoday.com

# ਕਿੱਸਾ-ਕਾਵਿ

## ਪੀਲੂ

ਪੰਜਾਬੀ ਦੇ ਮੋਢੀ ਕਿੱਸਾਕਾਰਾਂ ਵਿੱਚੋਂ ਪੀਲੂ ਪ੍ਰਮੁੱਖ ਨਾਂ ਹੈ। ਪੰਜਾਬੀ ਸਾਹਿਤ ਵਿੱਚ ਪੀਲੂ ਦੀ ਜਾਣ-ਪਛਾਣ 'ਮਿਰਜ਼ਾ ਸਾਹਿਬਾਂ' ਦੇ ਕਿੱਸੇ ਕਰ ਕੇ ਹੈ। ਪੀਲੂ ਦੇ ਜਨਮ, ਸਥਾਨ ਅਤੇ ਕਾਲ ਬਾਰੇ ਸਹੀ ਪਤਾ ਨਹੀਂ ਲੱਗਦਾ। ਅਨੁਮਾਨ ਹੈ ਕਿ ਪੀਲੂ, ਪਿੰਡ ਵੈਰੋਵਾਲ ਜ਼ਿਲ੍ਹਾ ਅੰਮ੍ਰਿਤਸਰ ਦਾ ਰਹਿਣ ਵਾਲਾ ਜ਼ਿਮੀਦਾਰ ਸੀ। ਉਸ ਦੀ ਰਚਨਾ 'ਮਿਰਜ਼ਾ ਸਾਹਿਬਾਂ' ਉੱਚੀ ਹੇਕ ਵਿੱਚ ਬੜੇ ਚਾਅ ਨਾਲ਼ ਗਾਈ, ਸੁਣੀ ਜਾਂਦੀ ਹੈ। ਪੀਲੂ ਆਪਣੇ ਸਮੇਂ ਵਿੱਚ ਕਾਫ਼ੀ ਪ੍ਰਸਿੱਧੀ ਰੱਖਦਾ ਸੀ। ਇਸੇ ਕਰਕੇ ਹਾਫ਼ਜ਼ ਬਰਖ਼ੁਰਦਾਰ ਕਹਿੰਦਾ ਹੈ-

ਯਾਰੋ ਪੀਲੂ ਨਾਲ਼ ਬਰਾਬਰੀ, ਸ਼ਾਇਰ ਭੁੱਲ ਕਰੇਨ,
ਜਿਹਨੂੰ ਪੰਜਾਂ ਪੀਰਾਂ ਦੀ ਥਾਪਨਾ, ਕੰਧੀਂ ਦਸਤ ਧਰੇਨ।

### ਮਿਰਜ਼ਾ ਸਾਹਿਬਾਂ

ਘਰ ਖੀਵੇ ਦੇ ਸਾਹਿਬਾਂ, ਜੰਮੀ ਮੰਗਲਵਾਰ
ਡੂਮ ਸੋਹਲੇ ਗਾਂਵਦੇ, ਖਾਨ ਖੀਵੇ ਦੇ ਬਾਰ
ਰੱਜ ਦੁਆਈਂ ਦਿਤੀਆਂ, ਸੋਹਾਣੇ ਪਰਿਵਾਰ
ਰਲ ਤਦਬੀਰਾਂ ਬਣਦੀਆਂ, ਛੈਲ ਹੋਈ ਮੁਟਿਆਰ।1।

ਸਾਹਿਬਾਂ ਨਾਲ ਸਹੇਲੀਆਂ, ਕੁੜੀ ਰਿਆਕਾਰ
ਘਰ ਬਿੰਝਲ ਦੇ ਮਿਰਜ਼ਾ ਜੰਮਿਆ, ਕਰੜੇ ਵਾਰ
ਜਨਮ ਦਿਤੋ ਮਾਈ ਬਾਪ ਨੇ, ਰੂਪ ਦਿੱਤਾ ਕਰਤਾਰ
ਐਸਾ ਮਿਰਜ਼ਾ ਸੂਰਮਾ, ਖਰਲਾਂ ਦਾ ਸਰਦਾਰ ।2।

ਸਾਹਿਬਾਂ ਪੜ੍ਹੇ ਪੱਟੀਆਂ, ਮਿਰਜ਼ਾ ਪੜ੍ਹੇ ਕੁਰਾਨ
ਵਿਚ ਮਸੀਤ ਦੇ ਲਗੀਆਂ, ਜਾਣੇ ਕੁਲ ਜਹਾਨ ।3।

ਨਾ ਮਾਰ ਕਾਜ਼ੀ ਛਮਕਾਂ, ਨਾ ਦੇਹ ਤੱਤੀ ਨੂੰ ਤਾਇ
ਪੜ੍ਹਨਾ ਸਾਡਾ ਰਹਿ ਗਿਆ, ਲੈ ਆਏ ਇਸ਼ਕ ਲਿਖਾਇ। 4।



Downloaded from https:// www.studiestoday.com

Downloaded from https:// www.studiestoday.com



ਸਾਹਿਬਾਂ ਗਈ ਤੇਲ ਨੂੰ, ਗਈ ਪਸਾਰੀ ਦੀ ਹੱਟ
ਫੜ ਨ ਜਾਣੇ ਤੱਕੜੀ, ਹਾੜ ਨਾ ਜਾਣੇ ਵੱਟ
ਤੇਲ ਭੁਲਾਵੇ ਭੁਲਾ ਬਾਣੀਆਂ, ਦਿੱਤਾ ਸ਼ਹਿਦ ਉਲੱਟ
ਵਣਜ ਗਵਾ ਲਏ ਬਾਣੀਆਂ, ਬਲ਼ਦ ਗਵਾ ਲਏ ਜੱਟ
ਤਿੰਨ ਸੈ ਨਾਂਗਾ ਪਿੜ ਰਹਿਆ, ਹੋ ਗਏ ਚੌੜ ਚਪੱਟ
ਮਿਰਜ਼ਾ ਸਾਹਿਬਾਂ ਦੀ ਦੋਸਤੀ, ਰਹੂ ਵਿਚ ਜਗਤ। 5।

ਕੱਢ ਕਲੇਜਾ ਲੈ ਗਈ, ਖਾਨ ਖੀਵੇ ਦੀ ਧੀ
ਗਜ਼ ਗਜ਼ ਲੰਮੀਆਂ ਮੇਂਢੀਆਂ, ਰੰਗ ਜੁ ਗੋਰੇ ਸੀ
ਜਿ ਦੇਵੇ ਪਿਆਲਾ ਜ਼ਹਿਰ ਦਾ, ਮੈਂ ਮਿਰਜ਼ਾ ਲੈਂਦਾ ਪੀ
ਜਿ ਮਾਰੇ ਬਰਛੀ ਕਸ ਕੇ, ਮਿਰਜ਼ਾ ਕਦੀ ਨਾ ਕਰਦਾ ਸੀ
ਆਪਣੀ ਮੌਤੇ ਮੈਂ ਮਰਾਂ ਮੇਰੇ ਨਾਲ ਤੁਹਾਨੂੰ ਕੀ। ।6।

ਚੜ੍ਹਦੇ ਮਿਰਜ਼ੇ ਖਾਨ ਨੂੰ, ਮਾਂ ਮਤਿ ਦੇਂਦੀ ਖਲੀ
ਸੱਪਾਂ, ਸ਼ੇਰਾਂ ਦੀ ਦੋਸਤੀ, ਨ ਕਰ ਭਾਈ ਅੜੀ
ਤਪੀ ਕੜਾਹੀ ਤੇਲ ਦੀ, ਸਿਰ ਪਰ ਲਾਟ ਜਲੀ
ਮੂਸਾ ਭੱਜਿਆ ਮੌਤ ਤੇ, ਉਹ ਦੇ ਅੱਗੇ ਮੌਤ ਖਲੀ
ਪਰਬਤ ਵੜਦਿਆਂ ਟੱਕਰੇ ਲੰਘਣ ਕਿਹੜੀ ਗਲੀ
ਰੋਂਦੀ ਬੀਬੀ ਫਾਤਮਾ, ਕਰ ਕੇ ਬਾਂਹ ਖਲੀ।
ਮੈਂ ਕੀ ਰੱਬਾ ! ਤੇਰਾ ਫੇੜਿਆ, ਮੇਰੀ ਜੋੜੀ ਖ਼ਾਕ ਰਲ਼ੀ
ਅੱਜ ਦਾ ਵਾਰ ਬਚਾ ਲੈ, ਭਲਕੇ ਸਿਆਲੀਂ ਜਾ ਵੜੀਂ। ।9।

ਬੂਹੇ ਟੰਮਕ ਵੱਜਿਆ, ਸਾਹਿਬਾਂ ਘੱਤੇ ਤੇਲ
ਅੰਦਰ ਬੈਠੇ ਨਾਨਕੇ, ਬੂਹੇ ਬੈਠਾ ਮੇਲ
ਥਾਲੀ ਵਟਣਾ ਰਹਿ ਗਿਆ, ਕੁੱਪੇ ਅਤਰ ਫੁਲੇਲ
ਗਹਿਣੇ ਸਣੇ ਪਟਾਰੀਆਂ, ਝਾਂਜਰ ਸਣੇ ਹਮੇਲ। ।42।

Downloaded from https:// www.studiestoday.com

Downloaded from https:// www.studiestoday.com



ਕੋਈ ਨਾ ਦੀਂਹਦਾ ਸੂਰਮਾ, ਜਿਹੜਾ ਮੈਨੂੰ ਹੱਥ ਕਰੇ।
ਕਟਕ ਭਿੜਾ ਦਿਆਂ ਟੱਕਰੀਂ, ਮੈਥੋਂ ਰਾਠ ਡਰੇ
ਵਲ ਵਲ ਵੱਢ ਦਿਆਂ ਸੂਰਮੇ ਜਿਉਂ ਖੇਤੀ ਨੂੰ ਪੈਣ ਗੜ੍ਹੇ
ਸਿਰ ਸਿਆਲਾਂ ਦੇ ਵੱਢ ਕੇ, ਸਿਟੂੰਗਾ ਵਿੱਚ ਰੜੇ। 55।

ਮੰਦਾ ਕੀਤਾ ਸੁਣ ਸਾਹਿਬਾਂ, ਮੇਰਾ ਤਰਕਸ਼ ਟੰਗਿਆ ਜੰਡ
ਤਿੰਨ ਸੌ ਕਾਨੀ ਮਿਰਜ਼ੇ ਜੁਆਨ ਦੀ, ਦਿੰਦਾ ਸਿਆਲਾਂ ਨੂੰ ਵੰਡ
ਪਹਿਲੋਂ ਮਾਰਦਾ ਵੀਰ ਸ਼ਮੀਰ ਦੇ, ਦੂਜੀ ਕੁੱਲੇ ਦੇ ਤੰਗ
ਤੀਜੀ ਮਾਰਾਂ ਜੋੜ ਕੇ, ਜੈਂਦੀ ਹੈਂ ਤੂੰ ਮੰਗ।
ਸਿਰ 'ਤੇ ਮੁੰਡਾਸਾ ਉਡ ਗਿਆ, ਗਲ ਵਿੱਚ ਪਈ ਝੰਡ
ਬਾਝੁ ਭਰਾਵਾਂ ਜੱਟ ਮਾਰਿਆ, ਕੋਈ ਨ ਮਿਰਜ਼ੇ ਸੰਗ। 67।

ਪੀਲੂ ਪੁੱਛੇ ਸ਼ਾਇਰ ਨੂੰ ਕੈ ਵਲ ਗਿਆ ਜਹਾਨ
ਲਗ ਲਗ ਗਈਆਂ ਮਜਲਸਾਂ, ਬਹਿ ਬਹਿ ਗਏ ਦੀਵਾਨ
ਮਿਰਜ਼ਾ ਮਾਰਿਆ ਮਲਕੁਲ ਮੌਤ ਦਾ, ਕੁਛ ਮਾਰਿਆ ਖ਼ੁਦੀ ਗੁਮਾਨ
ਵਿੱਚ ਕਬਰਾਂ ਦੇ ਖਪ ਗਿਆ, ਮਿਰਜ਼ਾ ਸੋਹਣਾ ਜਵਾਨ
ਇਹ ਕਿੱਸਾ ਜੋੜਿਆ ਪੀਲੂ ਸ਼ਾਇਰ ਨੇ, ਜਿਹਨੂੰ ਜਾਣੇ ਕੁਲ ਜਹਾਨ । 68।

**ਅਰਥਾਵਲੀ :**

**ਸੋਹਲੇ**-ਖ਼ੁਸ਼ੀ ਦੇ ਗੀਤ। **ਬਾਰ**-ਦਰਵਾਜ਼ਾ, ਦਰ, ਪ੍ਰਵੇਸ਼। **ਤਦਬੀਰ**-ਤਰਕੀਬ, ਯਤਨ, ਉਪਾਅ। **ਛਮਕਾਂ**-ਪਤਲੀ ਸੋਟੀ। **ਹਾੜ**-ਤੋਲਣਾ। **ਰਾਠ**-ਰਾਜਾ। **ਤਰਕਸ਼**-ਭੱਥਾ, ਜਿਸ ਵਿੱਚ ਤੀਰ ਰੱਖੇ ਜਾਂਦੇ ਹਨ। **ਜੰਡ**-ਇੱਕ ਜੰਗਲੀ ਬਿਰਖ। **ਮਜਲਸ**-ਸਭਾ। **ਮਲਕੁਲ ਮੌਤ**-ਮੌਤ ਦਾ ਫ਼ਰਿਸ਼ਤਾ। **ਗੁਮਾਨ**-ਹੰਕਾਰ।

## ਪਾਠ-ਅਭਿਆਸ

1. ਸਾਹਿਬਾਂ ਦਾ ਜਨਮ ਕਦੋਂ ਤੇ ਕਿਸ ਦੇ ਘਰ ਹੋਇਆ? ਕਵੀ ਨੇ ਉਸ ਦੀ ਸੁੰਦਰਤਾ ਦਾ ਵਰਨਣ ਕਿਵੇਂ ਕੀਤਾ ਹੈ?

Downloaded from https:// www.studiestoday.com

Downloaded from https:// www.studiestoday.com



2. ਮਿਰਜ਼ੇ ਦੀ ਮਾਂ ਨੇ ਉਸ ਨੂੰ ਕੀ ਮੱਤ ਦਿੱਤੀ?

3. ਮਿਰਜ਼ੇ ਨੂੰ ਕਾਹਦਾ ਹੰਕਾਰ ਸੀ ਤੇ ਉਹ ਕੀ ਕਹਿੰਦਾ ਸੀ?

4. ਮਿਰਜ਼ੇ ਨੇ ਸਾਹਿਬਾਂ ਨੂੰ ਕੀ ਉਲਾਮ੍ਹਾ ਦਿੱਤਾ ਸੀ?

5. 'ਮਿਰਜ਼ਾ ਸਾਹਿਬਾਂ' ਕਵਿਤਾ ਦਾ ਕੇਂਦਰੀ ਭਾਵ ਲਿਖੋ।

6. ਹੇਠ ਲਿਖੇ ਕਾਵਿ-ਟੋਟੇ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

ਪੀਲੂ ਪੁੱਛੇ ਸ਼ਾਇਰ ਨੂੰ ਕੇ ਵਲ ਗਿਆ ਜਹਾਨ
ਲਗ ਲਗ ਗਈਆਂ ਮਜਲਸਾਂ, ਬਹਿ ਬਹਿ ਗਏ ਦੀਵਾਨ
ਮਿਰਜ਼ਾ ਮਾਰਿਆ ਮਲਕੁਲ ਮੌਤ ਦਾ, ਕੁਝ ਮਾਰਿਆ ਖ਼ੁਦੀ ਗੁਮਾਨ
ਵਿੱਚ ਕਬਰਾਂ ਦੇ ਖਪ ਗਿਆ, ਮਿਰਜ਼ਾ ਸੋਹਣਾ ਜਵਾਨ
ਇਹ ਕਿੱਸਾ ਜੋੜਿਆ ਪੀਲੂ ਸ਼ਾਇਰ ਨੇ, ਜਿਹਨੂੰ ਜਾਣੇ ਕੁਲ ਜਹਾਨ।

Downloaded from https:// www.studiestoday.com

Downloaded from https:// www.studiestoday.com

# ਵਾਰਿਸ ਸ਼ਾਹ

(1735-1795)

ਵਾਰਿਸ ਸ਼ਾਹ ਕਿੱਸਾਕਾਰਾਂ ਦਾ ਸਿਰਤਾਜ ਹੈ। ਵਾਰਿਸ ਸ਼ਾਹ ਨੇ ਹੀਰ ਰਾਂਝੇ ਦਾ ਕਿੱਸਾ 1766 ਈ: ਵਿੱਚ ਸੰਪੂਰਨ ਕੀਤਾ।

ਕਿੱਸੇ ਵਿੱਚੋਂ ਪਤਾ ਲੱਗਦਾ ਹੈ ਕਿ ਉਸ ਦਾ ਜਨਮ ਜੰਡਿਆਲਾ ਸ਼ੇਰ ਖਾਂ, ਜ਼ਿਲ੍ਹਾ ਸ਼ੇਖੂਪੁਰ, ਵਿੱਚ ਹੋਇਆ। ਉਸ ਨੇ ਪਾਕਪਟਨ ਅਤੇ ਕਸੂਰ ਤੋਂ ਵਿੱਦਿਆ ਪ੍ਰਾਪਤ ਕੀਤੀ। ਮੌਲਵੀ ਗੁਲਾਮ ਮੁਹੱਯਦੀਨ ਮਖ਼ਦੂਮ ਤੇ ਮੌਲਾਨਾ ਹਾਜ਼ੀ ਗੁਲਾਮ ਮੁਰਤਜ਼ਾ ਪਾਸੋਂ ਮਜ਼੍ਹਬੀ ਵਿੱਦਿਆ ਹਾਸਲ ਕੀਤੀ। ਮਲਕਹਾਂਸ ਨਾਂ ਦੇ ਪਿੰਡ ਦੀ ਇੱਕ ਮਸੀਤ ਵਿੱਚ ਰਹਿ ਕੇ ਹੀਰ ਦਾ ਕਿੱਸਾ ਲਿਖਿਆ।

ਭਾਵੇਂ ਹੀਰ ਦੇ ਕਿੱਸੇ ਵਾਰਿਸ ਤੋਂ ਪਹਿਲਾਂ ਅਤੇ ਪਿੱਛੋਂ ਵੀ ਲਿਖੇ ਗਏ ਪਰ ਵਾਰਿਸ ਦੀ ਹੀਰ ਦਾ ਕਿੱਸਾ ਸਭ ਤੋਂ ਵੱਧ ਮਸ਼ਹੂਰ ਹੈ। ਹੀਰ ਦੀ ਪ੍ਰੇਮ-ਕਹਾਣੀ ਨੂੰ ਅਮਰਤਾ ਦੇਣ ਵਾਲ਼ਾ ਵਾਰਿਸ ਸ਼ਾਹ ਹੈ। ਉਸ ਨੇ ਹੀਰ ਰਾਂਝੇ ਦੀ ਕਹਾਣੀ ਨੂੰ ਬਿਆਨ ਕਰਨ ਦੇ ਨਾਲ਼ ਨਾਲ਼ ਵੇਲੇ ਦੇ ਸਮਾਜ ਦਾ ਵੀ ਬੜੇ ਵਿਸਥਾਰ ਨਾਲ਼ ਚਿਤਰਨ ਕੀਤਾ ਹੈ।

## ਕਿੱਸੇ ਦਾ ਆਰੰਭ

ਇੱਕ ਤਖ਼ਤ ਹਜ਼ਾਰਿਓਂ ਗੱਲ ਕੀਚੇ, ਜਿੱਥੇ ਰਾਂਝਿਆਂ ਰੰਗ ਮਚਾਇਆ ਈ।
ਛੈਲ, ਗੱਭਰੂ, ਮਸਤ, ਅਲਬੇਲੜੇ ਨੀ, ਸੁੰਦਰ ਇੱਕ ਥੀਂ ਇੱਕ ਸਵਾਇਆ ਈ।
ਵਾਲ਼ੇ, ਕੋਕਲੇ, ਮੁੰਦਰੀ, ਮੰਝ-ਲੁੰਗੀ, ਨਵਾਂ ਠਾਠ ਤੇ ਠਾਠ ਚੜ੍ਹਾਇਆ ਈ।
ਕਿਹੀ ਸਿਫ਼ਤ ਹਜ਼ਾਰੇ ਦੀ ਆਖ ਸੱਕਾਂ, ਗੋਇਆ ਬਹਿਸ਼ਤ ਜ਼ਮੀਨ 'ਤੇ ਆਇਆ ਈ।8।

## ਜ਼ਮੀਨ ਦਾ ਵਟਵਾਰਾ

ਹਜ਼ਰਤ ਕਾਜ਼ੀ ਤੇ ਪੈਂਚ ਸਦਾਇ ਸਾਰੇ, ਭਾਈਆਂ ਜ਼ਿਮੀਂ ਨੂੰ ਕੱਛ ਪਵਾਈਆ ਈ।
ਵਢੀ ਦੇ ਜ਼ਮੀਨ ਦੇ ਬਣੇ ਮਾਲਿਕ, ਬੰਜਰ ਜ਼ਿਮੀਂ ਰੰਝੇਟੇ ਨੂੰ ਆਈਆ ਈ।
ਕੱਛਾਂ ਮਾਰ ਸ਼ਰੀਕ ਮਜ਼ਾਕ ਕਰਦੇ, ਭਾਈਆਂ ਰਾਂਝੇ ਦੀ ਬਾਬ ਬਣਾਈਆ ਈ।
ਗੱਲ ਭਾਬੀਆਂ ਏਹੁ ਬਣਾਇ ਛੱਡੀ, ਮਗਰ ਜੱਟ ਦੇ ਫੱਕੜੀ ਲਾਈਆ ਈ।2।



Downloaded from https:// www.studiestoday.com

Downloaded from https:// www.studiestoday.com



## ਰਾਂਝੇ ਦਾ ਮਸੀਤ ਵਿੱਚ ਜਾਣਾ

ਵਾਹ ਲਾਇ ਰਹੇ ਭਾਈ, ਭਾਬੀਆਂ ਵੀ, ਰਾਂਝਾ ਉੱਠਿ ਹਜ਼ਾਰਿਓਂ ਧਾਇਆ ਈ।
ਭੁੱਖ ਨੰਗ ਨੂੰ ਝਾਗ ਕੇ ਪੰਧ ਕਰਦਾ, ਰਾਤੀਂ ਵਿੱਚ ਮਸੀਤ ਦੇ ਆਇਆ ਈ।
ਹੱਥ ਵੰਝਲੀ ਪਕੜ ਕੇ ਰਾਤ ਅੱਧੀ, ਰਾਂਝੇ ਮਜ਼ਾ ਭੀ ਖ਼ੂਬ ਬਣਾਇਆ ਈ।
ਰੰਨ ਮਰਦ ਨਾ ਪਿੰਡ ਵਿੱਚ ਰਹਿਆ ਕੋਈ, ਸੱਭੇ ਗਿਰਦ ਮਸੀਤ ਦੇ ਧਾਇਆ ਈ।
ਵਾਰਿਸ ਸ਼ਾਹ ਮੀਆਂ ਪੰਡ ਝਗੜਿਆਂ ਦੀ ਪਿੱਛੋਂ ਮੁੱਲਾਂ ਮਸੀਤ ਦਾ ਆਇਆ ਈ ।

(32)

## ਰਾਂਝੇ ਉੱਤੇ ਹੀਰ ਦਾ ਮੋਹਿਤ ਹੋਣਾ

ਕੂਕੇ ਮਾਰ ਹੀ ਮਾਰ ਤੇ ਪਕੜ ਛੰਮਕਾਂ,ਪਰੀ ਆਦਮੀ ਤੇ ਕਹਿਰਵਾਨ ਹੋਈ।
ਰਾਂਝੇ ਉੱਠ ਕੇ ਆਖਿਆ, 'ਵਾਹ ਸੱਜਣ ! ਹੀਰ ਹੱਸ ਕੇ ਤੇ ਮਿਹਰਬਾਨ ਹੋਈ।
ਕੱਛੇ ਵੰਝਲੀ ਕੰਨਾਂ ਦੇ ਵਿੱਚ ਵਾਲੇ, ਜ਼ੁਲਫ ਮੁੱਖੜੇ 'ਤੇ ਪਰੇਸ਼ਾਨ ਹੋਈ।
ਸੂਰਤ ਯੂਸਫ਼ ਦੀ ਵੇਖ ਤੈਮੂਸ ਬੇਟੀ, ਸਣੇ ਮਾਲਕੇ ਬਹੁਤ ਹੈਰਾਨ ਹੋਈ।
ਨੈਣ ਮਸਤ ਕਲੇਜੜੇ ਵਿੱਚ ਧਾਣੇ, ਹੀਰ ਘੋਲ-ਘੱਤੀ ਕੁਰਬਾਨ ਹੋਈ।
'ਭਲਾ ਹੋਇਆ ਮੈਂ ਤੈਨੂੰ ਨਾ ਮਾਰ ਬੈਠੀ, ਕਾਈ ਨਹੀਂ ਊ ਗੱਲ ਬੇਸ਼ਾਨ ਹੋਈ।

(59)

## ਹੀਰ ਦਾ ਸਿਦਕ

ਹੀਰ ਆਖਦੀ, 'ਜੋਗੀਆ। ਝੂਠ ਬੋਲੇਂ, ਕੌਣ ਵਿੱਛੜੇ ਯਾਰ ਮਿਲਾਉਂਦਾ ਈ।
ਏਹਾ ਕੋਈ ਨਾ ਮਿਲਿਆ ਮੈਂ ਢੂੰਡ ਥੱਕੀ. ਜਿਹੜਾ ਗਿਆਂ ਨੂੰ ਮੋੜ ਲਿਆਉਂਦਾ ਈ।
ਸਾਡੇ ਚੰਮ ਦੀਆਂ ਜੁੱਤੀਆਂ ਕਰੇ ਕੋਈ, ਜਿਹੜਾ ਜੀਉ ਦਾ ਰੋਗ ਗਵਾਉਂਦਾ ਈ।
ਭਲਾ ਦੱਸ ਖਾਂ ਚਿਰੀਂ ਵਿਛੁੰਨਿਆਂ ਨੂੰ, ਕਦੋਂ ਰੱਬ ਸੱਚਾ ਘਰੀਂ ਲਿਆਉਂਦਾ ਈ।

(387)

## ਕਿੱਸੇ ਦੀ ਸਮਾਪਤੀ

ਖ਼ਤਮ ਰੱਬ ਦੇ ਕਰਮ ਦੇ ਨਾਲ ਹੋਈ, ਫ਼ਰਮਾਇਸ਼, ਪਿਆਰੜੇ ਯਾਰ ਦੀ ਸੀ।
ਐਸਾ ਸ਼ਿਅਰ ਕੀਤਾ ਪੁਰ-ਮਗਜ਼, ਮੌਜੀ, ਜੇਹੀ ਮੋਤੀਆਂ-ਲੜੀ ਸਵਾਰ ਦੀ ਸੀ।
ਤੂਲ ਖੋਲ੍ਹ ਕੇ ਜ਼ਿਕਰ ਬਿਆਨ ਕਹਿਆ, ਜਿਹਾ ਰੰਗ ਦੇ ਖ਼ੂਬ ਬਹਾਰ ਦੀ ਸੀ।
ਤਫ਼ਸੀਲ ਦੇ ਨਾਲ ਬਿਆਨ ਕੀਤਾ, ਜੇਹੀ ਜ਼ੀਨਤ ਲਾਲ ਦੇ ਹਾਰ ਦੀ ਸੀ।
ਜੇ ਕੋਈ ਪੜ੍ਹੇ ਸੋ ਬਹੁਤ ਪ੍ਰਸੰਨ ਹੋਵੇ, ਵਾਹਵਾ ਸਭ ਖ਼ਲਕ ਪੁਕਾਰ ਦੀ ਸੀ।
ਵਾਰਿਸ ਸ਼ਾਹ ਨੂੰ ਸਿੱਕ ਦੀਦਾਰ ਦੀ ਸੀ, ਜੇਹੀ ਹੀਰ ਨੂੰ ਭੜਕਨਾ ਯਾਰ ਦੀ ਸੀ।

(622)

Downloaded from https:// www.studiestoday.com

Downloaded from https:// www.studiestoday.com



**ਅਰਥਾਵਲੀ :**

**ਤਖਤ ਹਜ਼ਾਰਾ**-ਰਾਂਝੇ ਦਾ ਪਿੰਡ। **ਰਾਂਝਿਆ ਨੇ**-ਰਾਂਝਾ ਇੱਕ ਜਾਤ ਹੈ। ਕਿੱਸੇ ਵਿਚਲੇ ਰਾਂਝੇ ਦਾ ਨਾਂ ਧੀਦੋ ਸੀ। **ਰੰਗ ਮਚਾਇਆ**-ਰੌਣਕ ਲਾਈ ਹੋਈ। **ਅਲਬੇਲੜਾ**-ਮੌਜੀ। **ਮੰਝ**-ਲੱਕ ਦੁਆਲੇ, ਤੇੜ। **ਇੱਕ ਥੀਂ ਇੱਕ ਸਵਾਇਆ**-ਇੱਕ ਤੋਂ ਵਧ ਕੇ ਇੱਕ। **ਗੋਇਆ**-ਮਾਨੋ, ਜਿਵੇਂ। **ਬਹਿਸ਼ਤ**-ਸਵਰਗ। **ਬਾਬ**-ਬੁਰੀ ਹਾਲਤ। **ਫੱਕੜੀ**-ਭੰਡੀ, ਬਦਨਾਮੀ। **ਧਾਇਆ**-ਦੌੜਿਆ। **ਪੰਧ**-ਰਸਤਾ। **ਯੂਸਫ਼**-ਹਜ਼ਰਤ ਯਾਕੂਬ ਦਾ ਪੁੱਤਰ ਹਜ਼ਰਤ ਯੂਸਫ਼, ਜੋ ਸੁੰਦਰਤਾ ਲਈ ਪ੍ਰਸਿੱਧ ਸੀ। ਜ਼ੁਲੈਖਾਂ ਉਸ ਉੱਤੇ ਮੋਹਿਤ ਹੋ ਗਈ ਸੀ। **ਤੈਮੂਸ ਬੇਟੀ**-ਜ਼ੁਲੈਖਾਂ। **ਮਾਲਕੇ**-ਇੱਕ ਸੌਦਾਗਰ, ਜਿਸ ਨੇ ਯੂਸਫ਼ ਨੂੰ ਖਰੀਦਿਆ ਸੀ। **ਜੀਉ**-ਦਿਲ, ਮਨ। **ਚਿਰੀਂ ਵਿਛੁੰਨਿਆ ਨੂੰ**-ਚਿਰ ਦੇ ਵਿੱਛੜਿਆਂ ਨੂੰ। **ਤਫ਼ਸੀਲ**-ਨਿਖੇੜ ਕੇ ਦੱਸਣਾ। **ਤੂਲ ਖੋਲ੍ਹ ਕੇ**-ਸਾਰਾ ਖੋਲ੍ਹ ਕੇ ਬਿਆਨ ਕਰਨਾ। **ਜ਼ੀਨਤ**-ਸ਼ੋਭਾ, ਸੁੰਦਰਤਾ। **ਖ਼ਲਕ**-ਸ੍ਰਿਸ਼ਟੀ, ਦੁਨੀਆ। **ਦੀਦਾਰ**-ਦਰਸ਼ਨ।

## ਪਾਠ-ਅਭਿਆਸ

1. ਕਿੱਸਾਕਾਰ ਤਖਤ ਹਜ਼ਾਰੇ ਦੀ ਸਿਫ਼ਤ ਕਿਵੇਂ ਕਰਦਾ ਹੈ ?
2. ਰਾਂਝੇ ਦੇ ਭਾਈਆਂ ਨੇ ਕਿਹੋ-ਜਿਹੀ ਜ਼ਮੀਨ ਰਾਂਝੇ ਨੂੰ ਦਿੱਤੀ ?
3. ਰਾਂਝੇ ਉੱਠ ਕੇ ਆਖਿਆ 'ਵਾਹ ਸੱਜਣ।' ਹੀਰ ਹੱਸ ਕੇ ਤੇ ਮਿਹਰਬਾਨ ਹੋਈ।' ਇਸ ਤੁਕ ਦੇ ਆਧਾਰ 'ਤੇ ਹੀਰ-ਰਾਂਝੇ ਦੇ ਮਿਲਾਪ ਦੀ ਘਟਨਾ ਲਿਖੋ।
4. ਹੀਰ ਜੋਗੀ ਕੋਲ ਆਪਣੇ ਮਨ ਦੀ ਅਵਸਥਾ ਕਿਵੇਂ ਪ੍ਰਗਟ ਕਰਦੀ ਹੈ?
5. 'ਹੀਰ ਦਾ ਸਿਦਕ' ਕਵਿਤਾ ਦਾ ਕੇਂਦਰੀ ਭਾਵ ਲਿਖੋ।
6. ਹੇਠ ਲਿਖੇ ਕਾਵਿ-ਟੋਟਿਆਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:

(ੳ) ਭੁੱਖ ਨੰਗ ਨੂੰ ਝਾਗ ਕੇ ਪੰਧ ਕਰਦਾ, ਰਾਤੀਂ ਵਿੱਚ ਮਸੀਤ ਦੇ ਆਇਆ ਈ।
ਹੱਥ ਵੰਝਲੀ ਪਕੜ ਕੇ ਰਾਤ ਅੱਧੀ, ਰਾਂਝੇ ਮਜ਼ਾ ਭੀ ਖੂਬ ਬਣਾਇਆ ਈ।
ਰੰਨ ਮਰਦ ਨਾ ਪਿੰਡ ਵਿੱਚ ਰਹਿਆ ਕੋਈ, ਸੱਭੇ ਗਿਰਦ ਮਸੀਤ ਦੇ ਧਾਇਆ ਈ।
ਵਾਰਿਸ ਸ਼ਾਹ ਮੀਆਂ ਪੰਡ ਝਗੜਿਆਂ ਦੀ, ਪਿਛੋਂ ਮੁੱਲਾਂ ਮਸੀਤ ਦਾ ਆਇਆ ਈ।

(ਅ) ਕੱਢੇ ਵੰਝਲੀ ਕੰਨਾਂ ਦੇ ਵਿੱਚ ਵਾਲੇ, ਜ਼ੁਲਫ ਮੁੱਖੜੇ 'ਤੇ ਪਰੇਸ਼ਾਨ ਹੋਈ।
ਸੂਰਤ ਯੂਸਫ਼ ਦੀ ਵੇਖ ਤੈਮੂਸ ਬੇਟੀ, ਸਣੇ ਮਾਲਕੇ ਬਹੁਤ ਹੈਰਾਨ ਹੋਈ।
ਨੈਣ ਮਸਤ ਕਲੇਜੜੇ ਵਿੱਚ ਧਾਣੇ, ਹੀਰ ਘੋਲ-ਘੱਤੀ ਕੁਰਬਾਨ ਹੋਈ।
'ਭਲਾ ਹੋਇਆ ਮੈਂ ਤੈਨੂੰ ਨਾ ਮਾਰ ਬੈਠੀ, ਕਾਈ ਨਹੀਂ ਉ ਗੱਲ ਬੇਸ਼ਾਨ ਹੋਈ।'

Downloaded from https:// www.studiestoday.com

Downloaded from https:// www.studiestoday.com

# ਹਾਸ਼ਮ ਸ਼ਾਹ

(1752-1821)

ਹਾਸ਼ਮ ਦੇ ਜੀਵਨ ਕਾਲ-ਸੰਬੰਧੀ ਪੰਜਾਬੀ ਵਿਦਵਾਨਾਂ ਵਿੱਚ ਮੱਤ-ਭੇਦ ਹਨ। ਕਈ ਵਿਦਵਾਨ ਉਸ ਦਾ ਜੀਵਨ-ਕਾਲ 1752-53 ਤੋਂ 1821 ਤੱਕ ਮੰਨਦੇ ਹਨ ਤੇ ਕਈ ਵਿਦਵਾਨ 1735-1843 ਤੱਕ ਮੰਨਦੇ ਹਨ। ਫਿਰ ਵੀ ਮੰਨਿਆ ਜਾਂਦਾ ਹੈ ਕਿ ਹਾਸ਼ਮ ਸ਼ਾਹ, ਮਹਾਰਾਜਾ ਰਣਜੀਤ ਸਿੰਘ ਕਾਲ ਦਾ ਕਿੱਸਾਕਾਰ ਹੈ। ਉਸ ਨੇ 'ਸੱਸੀ ਪੁੰਨੂੰ', 'ਸੋਹਣੀ ਮਹੀਵਾਲ' ਤੇ 'ਸ਼ੀਰੀ ਫ਼ਰਿਹਾਦ' ਆਦਿ ਕਿੱਸੇ ਲਿਖੇ।

ਕਿੱਸਿਆਂ ਤੋਂ ਬਿਨਾਂ ਹਾਸ਼ਮ ਨੇ ਦੋਹੜੇ ਅਤੇ ਡਿਉਢਾਂ ਵੀ ਲਿਖੀਆਂ। ਸੰਜਮ ਅਤੇ ਸੰਖੇਪਤਾ ਇਸ ਕਵੀ ਦਾ ਸਭ ਤੋਂ ਵੱਡਾ ਗੁਣ ਹੈ। ਹਾਸ਼ਮ ਦਾ ਕਿੱਸਾ 'ਸੱਸੀ ਪੁੰਨੂੰ' ਬਹੁਤ ਹਰਮਨ ਪਿਆਰਾ ਹੋਇਆ ਹੈ।

## ਕਿੱਸਾ ਸੱਸੀ ਪੁੰਨੂੰ

ਤੁਰਸਾਂ ਮੂਲ ਨਾ ਮੁੜਸਾਂ ਰਾਹੋਂ, ਜਾਨ ਤਲੀ ਪੁਰ ਧਰਸਾਂ।
ਜਬ ਲਗ ਸਾਸ ਨਿਰਾਸ ਨਾ ਹੋਵਾਂ, ਮਰਨੋਂ ਮੂਲ ਨ ਡਰਸਾਂ।
ਜੇ ਰੱਬ ਕੂਕ ਸੱਸੀ ਦੀ ਸੁਣਸੀ, ਜਾਇ ਮਿਲਾਂ ਪਗ ਪਰਸਾਂ।
ਹਾਸ਼ਮ ਨਹੀਂ ਸ਼ਹੀਦ ਹੋ ਵੈਸਾਂ, ਥਲ ਮਾਰੂ ਵਿੱਚ ਮਰਸਾਂ। 94।

ਫੜਿਆ ਪੰਧ ਹੋਈ ਤਦ ਪਾਂਧਣ, ਟੁੱਟ ਗਈ ਡੋਰ ਪਤੰਗੋਂ।
ਸੱਸੀ ਉਹ ਨਾ ਧਰਦੀ ਆਹੀ, ਭੁਇੰ ਪਰ ਪੈਰ ਪਲੰਘੋਂ।
ਦਿਲ ਤੋਂ ਖ਼ੌਫ਼ ਉਤਾਰ ਸਿਧਾਈ, ਵਾਂਗੂੰ ਸ਼ੇਰ ਪਲੰਗੋਂ।
ਹਾਸ਼ਮ ਜੇ ਦਮ ਜਾਣ ਖਲਾਸੀ, ਹੋਗਸੁ ਕੈਦ ਫ਼ਿਰੰਗੋਂ। 95।

ਕਰ ਅਸਬਾਬ ਲਇਆ ਸ਼ਹਿਜ਼ਾਦੀ, ਫੜਿਆ ਰਾਹੁ ਸ਼ੁਤਰ ਦਾ।
ਪਾਣੀ ਖ਼ੂਨ, ਖ਼ੁਰਾਕ ਕਲੇਜਾ, ਰਹਿਬਰੁ ਦਰਦੁ ਹਿਜਰ ਦਾ।
ਗਲ ਵਿੱਚ ਵਾਲ, ਅੱਖੀਂ ਵਿੱਚ ਸੁਰਖੀ, ਸੋਜ਼ ਜਨੂੰਨ ਕਹਿਰ ਦਾ।
ਹਾਸ਼ਮ ਵੇਖ ਹਵਾਲ ਕਲੇਜਾ, ਘਾਇਲ ਸ਼ਮਸ ਕਮਰ ਦਾ। 96।

ਚਮਕੀ ਆਣ ਦੁਪਹਿਰੀਂ ਵੇਲੇ, ਗਰਮੀ ਗਰਮ ਬਹਾਰੇ।
ਤਪਦੀ ਵਾਉ ਵਗੇ ਅਸਮਾਨੋਂ, ਪੰਛੀ ਮਾਰਿ ਉਤਾਰੇ।



Downloaded from https:// www.studiestoday.com

Downloaded from https:// www.studiestoday.com



ਆਤਸ਼ ਦਾ ਦਰਿਆਉ ਖਲੋਤਾ, ਥਲ ਮਾਰੂ ਵਲਿ ਚਾਰੇ।
ਹਾਸ਼ਮ ਫੇਰ ਪਿਛਾਂਹ ਨਾ ਮੁੜਦੀ, ਲੂੰ ਲੂੰ 'ਹੋਤ' ਪੁਕਾਰੇ। 97।

ਨਾਜ਼ਕ ਪੈਰ ਗੁਲਾਬ ਸੱਸੀ ਦੇ, ਮਹਿੰਦੀ ਨਾਲ ਸ਼ਿੰਗਾਰੇ।
ਆਸ਼ਕ ਵੇਖ ਬਹੇ ਇੱਕ ਵਾਰੀ, ਜੀਉ ਤਿਨ੍ਹਾ ਪਰ ਵਾਰੇ।
ਬਾਲੂ ਰੇਤ ਤਪੇ ਵਿੱਚ ਥਲ ਦੇ, ਭੁੰਨਣ ਜੌਂ ਭਠਿਆਰੇ।
ਹਾਸ਼ਮ ਵੇਖ ਯਕੀਨ ਸੱਸੀ ਦਾ, ਫੇਰ ਨਹੀਂ ਦਿਲ ਹਾਰੇ। 98।

ਦਿਲ ਵਿੱਚ ਤਪਸ਼ ਥਲਾਂ ਦੀ ਗਰਮੀ, ਆਣ ਫਿਰਾਕ ਰੰਞਾਣੀ।
ਕਿਚਰਕੁ ਨੈਣ ਦੇਣ ਦਿਲਬਰੀਆਂ, ਚੋਣ ਲਬਾਂ ਵਿੱਚ ਪਾਣੀ।
ਫਿਰ ਫਿਰ ਡਾਢ ਕਰੇ ਹਠ ਦਿਲ ਦਾ, ਪਰ ਜਦ ਬਹੁਤ ਵਿਹਾਣੀ।
ਹਾਸ਼ਮ ਯਾਦ ਭੰਬੋਰ ਪਇਓ ਸੂ, ਟੁੱਟ ਗਿਆ ਮਾਣ ਨਿਮਾਣੀ। 99।

ਜੇ ਜਾਣਾ ਛਡ ਜਾਣ ਸੁੱਤੀ ਨੂੰ, ਇਕ ਪਲ ਪਲਕ ਨਾ ਝਮਕਾਂ।
ਗਰਦ ਹੋਇ ਵਿੱਚ ਗਰਦ ਥਲਾਂ ਦੀ, ਵਾਂਗ ਜਵਾਹਰ ਦਮਕਾਂ।
ਜਲ ਵਾਂਗੁਰ ਰਲ ਦੇਣ ਦਿਖਾਲੀ, ਥਲ ਮਾਰੂ ਦੀਆਂ ਚਮਕਾਂ।
ਹਾਸ਼ਮ ਕੌਣ ਸੱਸੀ ਬਿਨ ਵੇਖੇ, ਏਸ ਇਸ਼ਕ ਦੀਆਂ ਰਮਕਾਂ। 100।

ਕੁਛ ਡਿਗਦੀ ਕੁਛ ਢਹਿੰਦੀ ਉਠਦੀ, ਬਹਿੰਦੀ ਤੇ ਦਮ ਲੈਂਦੀ।
ਜਿਉਂ ਕਰ ਤੋਟ ਸ਼ਰਾਬੋਂ ਆਵੇ, ਫੇਰ ਉਤੇ ਵਲ ਵੈਂਦੀ।
ਢੂਡੇ ਖੋਜ ਸ਼ੁਤਰ ਦਾ ਕਿਤ ਵਲ, ਹਰਗਿਜ਼ ਭਾਲ ਨਾ ਪੈਂਦੀ।
ਹਾਸ਼ਮ ਜਗਤ ਨਾ ਕਿਉਂ ਕਰ ਗਾਵੇ, ਪ੍ਰੀਤ ਸੰਪੂਰਨ ਜੈਂਦੀ।102।

ਸਿਰ ਧਰ ਖੋਜ ਉੱਤੇ ਗ਼ਸ਼ ਆਈਆ, ਮੌਤ ਸੱਸੀ ਦੀ ਆਈ।
ਖ਼ੁਸ਼ ਰਹੁ ਯਾਰ ਅਸਾਂ ਤੁਧ ਕਾਰਣ, ਥਲ ਵਿੱਚ ਜਾਨ ਗਵਾਈ।
ਡਿਗਦੀ ਸਾਰ ਗਿਆ ਦਮ ਨਿਕਲ, ਤਨ 'ਥੋਂ ਜਾਨ ਸਿਧਾਈ।
ਹਾਸ਼ਮ ਕਰ ਲੱਖ ਲੱਖ ਸ਼ੁਕਰਾਨੇ, ਇਸ਼ਕ ਵਲੋਂ ਰਹਿ ਆਈ। 111।

Downloaded from https:// www.studiestoday.com

Downloaded from https:// www.studiestoday.com



**ਅਰਥਾਵਲੀ :**

**ਮੂਲ ਨ ਮੁੜਸਾਂ**-ਕਦੇ ਵਾਪਸ ਨ ਆਵਾਂ। **ਪਗ**-ਪੈਰ। **ਪੰਧ**-ਰਸਤਾ। **ਪਾਂਧਣ**-ਰਾਹੀ। **ਖ਼ਉਫ਼**-ਡਰ। **ਸਿਧਾਈ**-ਤੁਰ ਪਈ। **ਪਲੰਗੋਂ**-ਚੀਤਾ। **ਅਸਬਾਬ**-ਸਮਾਨ। **ਲਇਆ**-ਤਿਆਰੀ ਕਰ ਲਈ। **ਸ਼ੁਤਰ** -ਊਠ। **ਰਹਿਬਰੁ**-ਰਾਹ ਦੱਸਣ ਵਾਲਾ। **ਸੁਰਖੀ**-ਲਾਲੀ। **ਜਨੂੰਨ**-ਦਿਵਾਨਗੀ। **ਸ਼ਮਸ**—ਸੂਰਜ। **ਕਮਰ**-ਚੰਦਰਮਾ। **ਆਤਸ਼**-ਅੱਗ। **ਕਿਚਰਕੁ**-ਕਦੋਂ ਤੱਕ। **ਲਬਾਂ**-ਬੁੱਲ੍ਹਾਂ। **ਵਿਹਾਣੀ**-ਬੀਤ ਗਈ। **ਹੋਤ**-ਪੁੰਨੂੰ। **ਗਰਦ**-ਧੂੜ। **ਦਮਕਾਂ**-ਚਮਕਾਂ। **ਰਮਕਾਂ**-ਧਮਕਾਂ। **ਵੈਂਦੀ**-ਜਾਂਦੀ। **ਹਰਗਿਜ਼**-ਬਿਲਕੁਲ। **ਸੰਪੂਰਨ**-ਪੂਰਨ, ਪੂਰੀ। **ਜੈਂਦੀ**-ਜਿਸ ਦੀ। **ਸਿਧਾਈ**-ਚਲੀ ਗਈ। **ਸ਼ੁਕਰਾਨਾ**-ਧੰਨਵਾਦ। **ਰਹਿ ਆਈ**—ਨਿਭ ਗਈ।

## ਪਾਠ-ਅਭਿਆਸ

1. ਸੱਸੀ ਆਪਣੇ ਪ੍ਰੇਮੀ ਪੁੰਨੂੰ ਨੂੰ ਮਿਲਣ ਲਈ ਕਿਹੋ-ਜਿਹਾ ਇਰਾਦਾ ਰੱਖਦੀ ਹੈ? ਬਿਆਨ ਕਰੋ।
2. ਕਵੀ ਨੇ ਮਾਰੂਥਲ ਵਿੱਚ ਜਾ ਰਹੀ ਸੱਸੀ ਦਾ ਸ਼ਬਦ-ਚਿੱਤਰ ਕਿਵੇਂ ਪੇਸ਼ ਕੀਤਾ ਹੈ?
3. 'ਕਿੱਸਾ ਸੱਸੀ ਪੁੰਨੂੰ' ਕਵਿਤਾ ਦਾ ਕੇਂਦਰੀ ਭਾਵ ਲਿਖੋ।
4. ਹੇਠ ਲਿਖੇ ਕਾਵਿ-ਟੋਟਿਆਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:

(ੳ) ਨਾਜ਼ਕ ਪੈਰ ਗੁਲਾਬ ਸੱਸੀ ਦੇ, ਮਹਿੰਦੀ ਨਾਲ ਸ਼ਿੰਗਾਰੇ।
ਆਸ਼ਕ ਵੇਖ ਬਹੇ ਇੱਕ ਵਾਰੀ ਜੀਉ ਤਿਨ੍ਹਾ ਪਰ ਵਾਰੇ।
ਬਾਲੂ ਰੇਤ ਤਪੇ ਵਿੱਚ ਥਲ ਦੇ, ਭੁੰਨਣ ਜੌਂ ਭਠਿਆਰੇ।
ਹਾਸ਼ਮ ਵੇਖ ਯਕੀਨ ਸੱਸੀ ਦਾ, ਫੇਰ ਨਹੀਂ ਦਿਲ ਹਾਰੇ।

(ਅ) ਕੁਝ ਡਿਗਦੀ ਕੁਝ ਢਹਿੰਦੀ ਉਠਦੀ, ਬਹਿੰਦੀ ਤੇ ਦਮ ਲੈਂਦੀ।
ਜਿਉਂ ਕਰ ਤੋਟ ਸ਼ਰਾਬੋਂ ਆਵੇ, ਫੇਰ ਉੱਤੇ ਵਲ ਵੈਂਦੀ।
ਢੂਡੇ ਖੋਜ ਸ਼ੁਤਰ ਦਾ ਕਿਤ ਵਲ, ਹਰਗਿਜ਼ ਭਾਲ ਨਾ ਪੈਂਦੀ।
ਹਾਸ਼ਮ ਜਗਤ ਨਾ ਕਿਉਂ ਕਰ ਗਾਵੇ, ਪ੍ਰੀਤ ਸੰਪੂਰਨ ਜੈਂਦੀ।

Downloaded from https:// www.studiestoday.com

Downloaded from https:// www.studiestoday.com

# ਕਾਦਰਯਾਰ

ਕਾਦਰਯਾਰ ਦੇ ਜਨਮ ਤੇ ਜਨਮ ਸਥਾਨ ਬਾਰੇ ਬਹੁਤੀ ਜਾਣਕਾਰੀ ਨਹੀਂ ਮਿਲਦੀ। ਪੂਰਨ ਭਗਤ ਦੇ ਕਿੱਸੇ ਦੇ ਅੰਤ ਵਿੱਚ ਉਸ ਨੇ ਲਿਖਿਆ ਹੈ;

ਮੌਜ਼ਹ ਮਾਛੀਕੇ ਪਿੰਡ ਹੈ ਜਗਹ ਮੇਰੀ,
ਸੰਧੂ ਜਾਤ ਹੈ ਆਖ ਸੁਣਾਇਆ ਮੈਂ।

ਸਭ ਤੋਂ ਪਹਿਲਾਂ 'ਪੂਰਨ ਭਗਤ' ਤੇ 'ਰਾਜਾ ਰਸਾਲੂ' ਦੇ ਕਿੱਸੇ ਲਿਖਣ ਵਾਲਾ ਕਵੀ ਕਾਦਰਯਾਰ ਹੀ ਹੈ। ਉਸ ਦੀਆਂ ਪ੍ਰਸਿੱਧ ਰਚਨਾਵਾਂ ਇਹ ਹਨ-'ਮਹਿਰਾਜਨਾਮਾ', 'ਰੋਜ਼ਨਾਮਾ ਸੋਹਣੀ' ਅਤੇ 'ਹਰੀ ਸਿੰਘ ਨਲੂਆ'। ਕਾਦਰਯਾਰ ਪੂਰਨ ਭਗਤ ਦਾ ਕਿੱਸਾ ਲਿਖਣ ਕਰ ਕੇ ਵਧੇਰੇ ਪ੍ਰਸਿੱਧ ਹੋਇਆ ਹੈ। ਉਸ ਨੂੰ ਆਪਣੇ ਸਮੇਂ ਦੇ ਹਾਕਮਾਂ ਕੋਲੋਂ ਇਨਾਮ ਵੀ ਮਿਲੇ। ਪੂਰਨ ਦੀ ਕਥਾ ਲਿਖਣ ਕਰ ਕੇ ਉਸ ਨੂੰ ਖੂਹ ਇਨਾਮ ਵਜੋਂ ਮਿਲਿਆ ਸੀ:

'ਪੂਰਨ ਭਗਤ ਦੀ ਗੱਲ ਸੁਣਾਇਕੇ ਜੀ,
ਇਕ ਖੂਹ ਇਨਾਮ ਲਿਖਾਇਆ ਮੈਂ।'

# ਕਿੱਸਾ ਪੂਰਨ ਭਗਤ

## ਪੂਰਨ ਦਾ ਜਨਮ

ਅਲਫ਼ ਆਖ ਸਖੀ ਸਿਆਲਕੋਟ ਅੰਦਰ,
ਪੂਰਨ ਪੁਤ ਸਲਵਾਨ ਨੇ ਜਾਇਆ ਈ।
ਜਦੋਂ ਜੰਮਿਆਂ ਰਾਜੇ ਨੂੰ ਖ਼ਬਰ ਹੋਈ,
ਸਦ ਪੰਡਤਾਂ ਵੇਦ ਪੜ੍ਹਾਇਆ ਈ।1।

ਬੇ ਬੇਦ ਉਤੇ ਜਿਵੇਂ ਲਿਖਿਆ ਸੀ,
ਤਿਵੇਂ ਪੰਡਤਾਂ ਆਖਿ ਸੁਣਾਇ ਦਿਤਾ।
ਪੂਰਨ ਇਕ ਹਨੇਰਿਉਂ ਨਿਕਲਿਆ ਸੀ,
ਦੂਜੀ ਕੋਠੜੀ ਦੇ ਵਿਚ ਪਾਇ ਦਿਤਾ। 2।



Downloaded from https:// www.studiestoday.com

Downloaded from https:// www.studiestoday.com



## ਇਛਰਾਂ ਨੂੰ ਪੂਰਨ ਦੀ ਸਜ਼ਾ ਦਾ ਪਤਾ ਲੱਗਣਾ

ਖ਼ੇ ਖ਼ਬਰ ਹੋਈ ਰਾਣੀ ਇਛਰਾਂ ਨੂੰ
ਜਿਸ ਜਾਇਆ ਪੂਰਨ ਪੁਤ ਸਾਈ।
ਚੂੜਾ ਭੰਨ ਤੇ ਤੋੜ ਹਮੇਲ ਬੀੜੇ,
ਵਾਲ ਪੁਟ ਰਾਣੀ ਸਿਰ ਖ਼ਾਕ ਪਾਈ।
ਮੰਦਾ ਘਾਓ ਪਿਆਰਿਆਂ ਪੁਤਰਾਂ ਦਾ,
ਰਾਣੀ ਭਜ ਕੇ ਰਾਜੇ ਦੇ ਪਾਸ ਆਈ।
ਕਾਦਰਯਾਰ ਖੜੋਇ ਪੁਕਾਰ ਕਰਦੀ,
ਇਹਦੇ ਨਾਲ ਕੀ ਰਾਜਿਆ ਵੈਰ ਸਾਈ ।7।

ਗ਼ੈਨ ਗ਼ਮ ਖਾਧਾ ਰਾਣੀ ਹੋਈ ਅੰਨ੍ਹੀ,
ਆਹੀਂ ਮਾਰਦੀ ਰਬ ਦੇ ਦੇਖ ਬੂਹੇ।
ਪੁਤਰ ਪਕੜ ਬਿਗਾਨਿਆ ਮਾਪਿਆਂ ਦੇ,
ਪੂਰਨ ਭਗਤ ਨੂੰ ਲੈ ਗਏ ਬਾਹਰ ਜੂਹੇ।
ਓਹਦੇ ਦਸਤ ਸਹਿਕਾਇ ਕੇ ਵਢਿਓ ਨੇ,
ਓਹਦੀ ਲੋਥ ਵਹਾਂਵਦੇ ਵਿੱਚ ਖੂਹੇ
ਕਾਦਰਯਾਰ ਆ ਲੂਣਾ ਨੂੰ ਦੇਣ ਰਤੂ,
ਵੇਖ ਲਾਂਵਦੀ ਹਾਰ ਸ਼ਿੰਗਾਰ ਸੂਹੇ । 19 ।

## ਮਾਂ ਪੁੱਤਰ ਦਾ ਮੇਲ

ਮੀਮ ਮਿਲਣ ਆਈ ਮਾਤਾ ਇਛਰਾਂ ਏ,
ਦਸੋ ਮੈਨੂੰ ਲੋਕੋ ਆਇਆ ਸਾਧ ਕੋਈ।
ਮੇਰੇ ਪੁਤਰ ਦਾ ਬਾਗ ਵੈਰਾਨ ਪਇਆ,
ਫੇਰ ਲਗਾ ਹੈ ਕਰਨ ਆਬਾਦ ਕੋਈ।
ਮੈਂ ਭੀ ਲੈ ਆਵਾਂ ਦਾਰੂ ਅਖੀਆਂ ਦਾ,
ਪੂਰਨ ਛਡ ਨਾ ਗਿਆ ਸੁਆਦ ਕੋਈ।
ਕਾਦਰਯਾਰ ਮੈਂ ਤਾਂ ਲਖ ਵਟਨੀ ਹਾਂ,
ਦਾਰੂ ਦੇਇ ਫਕੀਰ ਮੁਰਾਦ ਕੋਈ।24।

Downloaded from https:// www.studiestoday.com

Downloaded from https:// www.studiestoday.com



ਨੂਨ ਨਜ਼ਰ ਕੀਤੀ ਪੂਰਨ ਪਰਤ ਡਿਠਾ,
ਮਾਤਾ ਆਂਵਦੀ ਏ ਕਿਸੇ ਹਾਲ ਮੰਦੇ।
ਅਡੀ ਖੋੜਿਆਂ ਨਾਲ ਬਿਹੋਸ਼ ਹੋਈ,
ਉਹਨੂੰ ਨਜ਼ਰ ਨਾ ਆਂਵਦੇ ਖਾਰ ਕੰਡੇ।
ਪੂਰਨ ਵੇਖ ਕੇ ਸਹਿ ਨਾ ਸਕਿਆ ਈ,
ਰੋਏ ਉਠਿਆ ਹੋਇ ਹੈਰਾਨ ਬੰਦੇ।
ਕਾਦਰਯਾਰ ਮੀਆਂ ਅਗੋਂ ਉਠ ਪੂਰਨ,
ਦੇਖਾਂ ਕਿਸ ਤਰ੍ਹਾਂ ਮਾਉਂ ਦੇ ਦਰਦ ਵੰਡੇ। 25।

ਵਾਉ ਵਰਤਿਆ ਕੀ ਤੇਰੇ ਨਾਲ ਮਾਤਾ,
ਪੂਰਨ ਆਖਦਾ ਦਸ ਖਾਂ ਸਾਰ ਮੈਨੂੰ।
ਤੇਰੇ ਰੋਂਦੀ ਦੇ ਨੈਣ ਬਿਸੀਰ ਹੋਏ,
ਨਜ਼ਰ ਆਂਵਦਾ ਏ ਅਜ਼ਾਰ ਮੈਨੂੰ।
ਮਾਤਾ ਆਖਦੀ ਦੁਖ ਨਾ ਫੋਲ ਬੇਟਾ,
ਪਿਆ ਪੁਤਰ ਬੈਰਾਗ ਗੁਬਾਰ ਮੈਨੂੰ।
ਕਾਦਰਯਾਰ ਬੁਰੇ ਦੁਖ ਪੁੱਤਰਾਂ ਦੇ,
ਗਿਆ ਦਰਦ ਵਿਛੋੜੇ ਦਾ ਮਾਰ ਮੈਨੂੰ। 26।

ਹੇ ਹਥ ਨਹੀਂ ਆਂਵਦੇ ਮੋਏ ਮਾਤਾ,
ਪੂਰਨ ਆਖਦਾ ਮਾਇ ਤੂੰ ਰੋਇ ਨਾਹੀ।
ਅਰਜਨ ਦਾਸ ਜਹੇ ਢਾਹੀਂ ਮਾਰ ਗਏ,
ਬਣਿਆ ਇੱਕ ਅਭਿਮਨੋ ਕੋਇ ਨਾਹੀ।
ਕੈਨੂੰ ਨਹੀਂ ਲਗੇ ਸਲ ਪੁਤਰਾਂ ਦੇ,
ਮਾਤਾ ਤੂੰ ਦਿਲਗੀਰ ਭੀ ਹੋਇ ਨਾਹੀ।
ਕਾਦਰਯਾਰ ਦਿਲੇਰੀਆਂ ਦੇ ਪੂਰਨ,
ਗ਼ਮ ਖਾਹ ਮਾਏ ਖਫ਼ਤਨ ਹੋਇ ਨਾਹੀ। 27।

ਲਾਮ ਲਈ ਅਵਾਜ਼ ਪਛਾਣ ਮਾਤਾ,
ਸਚ ਆਖ ਬੇਟਾ ਕਿਥੋਂ ਆਇਆ ਹੈਂ।

Downloaded from https:// www.studiestoday.com

Downloaded from https:// www.studiestoday.com



ਕਿਹੜਾ ਮੁਲਖ ਤੇਰਾ ਕੈਂਧਾ ਪੁੱਤ ਹੈ ਤੂੰ,
ਕਿਹੜੀ ਮਾਇ ਕਰਮਾਂ ਵਾਲੀ ਜਾਇਆ ਹੈਂ।
ਅਖੀਂ ਦਿਸੇ ਤਾਂ ਸੂਰਤੋਂ ਲਭ ਲਵਾਂ,
ਬੋਲੀ ਵਲੋਂ ਤਾਂ ਪੁਤਰ ਪਰਤਾਇਆ ਹੈਂ।
ਕਾਦਰਯਾਰ ਆਖੇ ਦੱਸ ਭੇਤ ਮੈਨੂੰ,
ਜਾਂ ਮੈਂ ਭੁਲੀ ਜਾਂ ਰਬ ਮਿਲਾਇਆ ਹੈ।28।

**ਅਰਥਾਵਲੀ :**

**ਹਮੇਲ**-ਸੋਨੇ ਦੀ ਮਾਲਾ। **ਜੂਹੇ**- ਹੱਦ, ਸੀਮਾ, ਘਾਹ ਵਾਲੀ ਡੂੰਘੀ ਥਾਂ। **ਦਸਤ**-ਹੱਥ। **ਬਿਸੀਰ**-ਕਮਜ਼ੋਰ। **ਅਜ਼ਾਰ**-ਦੁੱਖ, ਕਲੇਸ਼। **ਦਿਲਗੀਰ**-ਉਦਾਸ। **ਖਫ਼ਤਨ**-ਖਫ਼ਾ।

## ਪਾਠ-ਅਭਿਆਸ

1. ਪੂਰਨ ਦਾ ਜਨਮ ਕਿੱਥੇ ਅਤੇ ਕਿਸ ਘਰ ਵਿੱਚ ਹੋਇਆ ਸੀ? ਉਸ ਨੂੰ ਭੋਰੇ ਵਿੱਚ ਕਿਉਂ ਪਾ ਦਿੱਤਾ ਗਿਆ ਸੀ?
2. ਮਾਂ ਇੱਛਰਾਂ ਨੂੰ ਜਦੋਂ ਪੂਰਨ ਦੀ ਸਜ਼ਾ ਦਾ ਪਤਾ ਲੱਗਾ ਤਾਂ ਉਸ ਦਾ ਕੀ ਹਾਲ ਹੋਇਆ?
3. ਪੁੱਤਰ-ਵਿਛੋੜੇ ਵਿੱਚ ਰੋ ਰਹੀ ਮਾਤਾ ਇੱਛਰਾਂ ਨੂੰ ਪੂਰਨ ਨੇ ਕੀ ਕਹਿ ਕੇ ਹੌਸਲਾ ਦਿੱਤਾ?
4. 'ਮਾਂ ਪੁੱਤਰ ਦਾ ਮੇਲ ' ਕਵਿਤਾ ਦਾ ਕੇਂਦਰੀ ਭਾਵ ਲਿਖੋ ?
5. ਹੇਠ ਲਿਖੇ ਕਾਵਿ -ਟੋਟੇ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:

ਲਾਮ ਲਈ ਅਵਾਜ਼ ਪਛਾਣ ਮਾਤਾ,
ਸਚ ਆਖ ਬੇਟਾ ਕਿਥੋਂ ਆਇਆ ਹੈਂ।
ਕਿਹੜਾ ਮੁਲਖ ਤੇਰਾ ਕੈਂਧਾ ਪੁੱਤ ਹੈਂ ਤੂੰ
ਕਿਹੜੀ ਮਾਇ ਕਰਮਾਂ ਵਾਲੀ ਜਾਇਆ ਹੈਂ ।
ਅਖੀਂ ਦਿਸੇ ਤਾਂ ਸੂਰਤੋਂ ਲਭ ਲਵਾਂ ,
ਬੋਲੀ ਵਲੋਂ ਤਾਂ ਪੁਤਰ ਪਰਤਾਇਆ ਹੈਂ।
ਕਾਦਰਯਾਰ ਆਖੇ ਦੱਸ ਭੇਤ ਮੈਨੂੰ ,
ਜਾਂ ਮੈਂ ਭੁਲੀ ਜਾਂ ਰਬ ਮਿਲਾਇਆ ਹੈ।

Downloaded from https:// www.studiestoday.com

Downloaded from https:// www.studiestoday.com

## ਬੀਰ-ਕਾਵਿ

# ਗੁਰੂ ਗੋਬਿੰਦ ਸਿੰਘ ਜੀ

(1666-1708)

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ 42 ਵਰ੍ਹਿਆਂ ਦੇ ਜੀਵਨ-ਕਾਲ ਵਿੱਚ ਲੋਕਾਂ ਦੇ ਜੀਵਨ ਦੀ ਨੁਹਾਰ ਬਦਲ ਦਿੱਤੀ। ਉਹਨਾਂ ਖ਼ਾਲਸਾ ਪੰਥ ਸਜਾਇਆ, ਜ਼ੁਲਮ ਦੇ ਖ਼ਿਲਾਫ਼ ਕਈ ਲੜਾਈਆਂ ਲੜੀਆਂ। ਇਸ ਕੰਮ ਲਈ ਆਪ ਦੇ ਮਾਤਾ-ਪਿਤਾ ਅਤੇ ਬੱਚੇ ਸ਼ਹੀਦ ਹੋ ਗਏ ਪਰ ਇਸ ਦੇ ਨਾਲ-ਨਾਲ ਉਹਨਾਂ ਸਾਹਿਤ ਦੇ ਖੇਤਰ ਵਿੱਚ ਵੀ ਮਹਾਨ ਹਿੱਸਾ ਪਾਇਆ। ਆਪ ਨੇ ਬ੍ਰਿਜ ਭਾਸ਼ਾ,ਪੰਜਾਬੀ ਅਤੇ ਫ਼ਾਰਸੀ ਵਿੱਚ ਰਚਨਾ ਕੀਤੀ। ਆਪ ਦੀਆਂ ਪ੍ਰਸਿੱਧ ਰਚਨਾਵਾਂ ਹੇਠ ਲਿਖੀਆਂ ਹਨ:-

'ਜਾਪੁ ਸਾਹਿਬ', 'ਅਕਾਲ ਉਸਤਤਿ', 'ਬਚਿਤ੍ਰ ਨਾਟਕ', 'ਗਿਆਨ ਪ੍ਰਬੋਧ', 'ਸ਼ਸਤ੍ਰਨਾਮਾ', 'ਸਵੱਈਏ', 'ਚੰਡੀ ਚਰਿਤ੍ਰ', 'ਚੌਪਈ', 'ਚੰਡੀ ਦੀ ਵਾਰ', 'ਖ਼ਿਆਲ' ਤੇ 'ਜ਼ਫ਼ਰਨਾਮਾ' ਆਦਿ।

## ਚੰਡੀ ਦੀ ਵਾਰ

ਚੋਟ ਪਈ ਦਮਾਮੇ ਦਲਾਂ ਮੁਕਾਬਲਾ॥
ਦੇਵੀ ਦਸਤ ਨਚਾਈ ਸੀਹਣਿ ਸਾਰ ਦੀ॥
ਪੇਟ ਮਲੰਦੇ ਲਾਈ ਮਹਖੇ ਦੈਂਤ ਨੂੰ॥
ਗੁਰਦੇ ਆਂਦਾਂ ਖਾਈ ਨਾਲੇ ਰੁੱਕੜੇ॥
ਜੇਹੀ ਦਿਲ ਵਿੱਚ ਆਈ ਕਹੀ ਸੁਣਾਇਕੇ॥
ਚੋਟੀ ਜਾਣੁ ਦਿਖਾਈ ਤਾਰੇ ਧੂਮ ਕੇਤ॥10॥

**ਅਰਥਾਵਲੀ :**

**ਦਮਾਮੇ**-ਨਗਾਰੇ। **ਸੀਹਣਿ**-ਸ਼ੇਰਨੀ। **ਸਾਰ ਦੀ**-ਫ਼ੌਲਾਦੀ ਅਸਪਾਤ ਦੀ। **ਮਹਖੇ ਦੈਂਤ**-ਮਹਿਖਾਸੁਰ ਦੈਂਤ। **ਆਂਦਾਂ**-ਆਂਦਰਾਂ। **ਰੁੱਕੜੇ**-ਗੁਰਦੇ, ਪਸਲੀ। **ਧੂਮਕੇਤ**-ਬੋਦੀ ਵਾਲਾ ਤਾਰਾ।

**ਅਰਥ :**

ਜੰਗ ਦਾ ਧੌਂਸਾ ਵੱਜਿਆ ਤੇ ਦੋਹਾਂ ਪਾਸਿਆਂ ਦੀਆਂ ਫ਼ੌਜਾਂ ਦਾ ਟਾਕਰਾ ਸ਼ੁਰੂ ਹੋਇਆ। ਫ਼ੌਜਾਂ ਦਾ ਭੇੜ ਹੁੰਦਾ ਵੇਖ ਕੇ ਦੇਵੀ ਦੁਰਗਾ ਨੇ ਆਪਣੇ ਹੱਥ ਵਾਲੀ ਫ਼ੌਲਾਦੀ



Downloaded from https:// www.studiestoday.com

Downloaded from https:// www.studiestoday.com



ਤਲਵਾਰ ਨੂੰ ਘੁੰਮਾਇਆ। ਦੁਰਗਾ ਨੇ ਬੜ੍ਹਕਾਂ ਮਾਰ ਰਹੇ ਮਹਿਖਾਸੁਰ ਦੈਂਤ ਦੇ ਢਿੱਡ ਵਿੱਚ ਤਲਵਾਰ ਮਾਰੀ। ਦੇਵੀ ਨੇ ਇੰਨੇ ਜ਼ੋਰ ਨਾਲ਼ ਤਲਵਾਰ ਮਾਰੀ ਕਿ ਉਸ ਰਾਖਸ਼ ਦੇ ਗੁਰਦੇ, ਆਂਦਰਾਂ ਤੇ ਪੱਸਲੀਆਂ ਚੀਰੀਆਂ ਗਈਆਂ। ਦੁਰਗਾ ਦੀ ਚੱਲ ਰਹੀ ਤਲਵਾਰ ਦੀ ਜਿਹੋ-ਜਿਹੀ ਸੋਭਾ (ਉਪਮਾ) ਮੇਰੇ ਮਨ ਵਿੱਚ ਆਈ ਹੈ, ਉਹ ਮੈਂ ਆਖ ਦਿੱਤੀ ਹੈ। ਇਹ ਤਲਵਾਰ ਨਹੀਂ, ਸਗੋਂ ਇਉਂ ਜਾਣੋ ਕਿ ਇਹ ਬੋਦੀ ਵਾਲ਼ੇ ਤਾਰੇ ਨੇ ਆਪਣੀ ਚੋਟੀ (ਬੋਦੀ) ਵਿਖਾਈ ਹੈ।

ਚੋਟਾਂ ਪਵਨ ਨਗਾਰੇ ਅਣੀਆਂ ਜੁਟੀਆਂ ॥  
ਧੂਹ ਲਈਆਂ ਤਰਵਾਰੀ ਦੇਵਾਂ ਦਾਨਵੀ॥  
ਵਾਹਨ ਵਾਰੋ ਵਾਰੀ ਸੂਰੇ ਸੰਘਰੇ॥  
ਵੱਗੇ ਰੱਤੁ ਝੁਲਾਰੀ ਜਿਉ ਗੇਰੂ ਬਾਬੁਤ੍ਰਾ॥  
ਦੇਖਨ ਬੈਠ ਅਟਾਰੀ ਨਾਰੀ ਰਾਕਸ਼ਾਂ॥  
ਪਾਈ ਧੂਮ ਸਵਾਰੀ ਦੁਰਗਾ ਦਾਨਵੀ॥11॥

**ਅਰਥਾਵਲੀ :**

**ਅਣੀਆਂ**-ਫ਼ੌਜਾਂ। **ਸੰਘਰੇ**-ਬਹਾਦਰ। **ਗੇਰੂ ਬਾਬੁਤ੍ਰਾ**-ਗੇਰੂ ਰੰਗਿਆ ਪਾਣੀ ਵਗਣਾ। **ਅਟਾਰੀ**-ਚੁਬਾਰੇ। **ਧੂਮ**-ਸ਼ੋਰ, ਰੌਲ਼ਾ। **ਸਵਾਰੀ**-ਵਾਹਣ, ਘੋੜੇ।

**ਅਰਥ:**

ਨਗਾਰਿਆਂ 'ਤੇ ਚੋਟਾਂ ਲੱਗਣ ਨਾਲ਼ ਦੋਂਹਾਂ ਪਾਸਿਆਂ ਦੀਆਂ ਫ਼ੌਜਾਂ ਜੰਗ ਵਿੱਚ ਜੁੱਟ ਪਈਆਂ। ਦੇਵਤਿਆਂ ਤੇ ਰਾਖਸ਼ਾਂ ਨੇ ਜੰਗ ਕਰਨ ਲਈ ਤਲਵਾਰਾਂ ਮਿਆਨਾਂ ਵਿੱਚੋਂ ਕੱਢ ਲਈਆਂ। ਰਣ-ਭੂਮੀ ਵਿੱਚ ਸੂਰਮੇ(ਆਹਮੋ-ਸਾਹਮਣੇ ਹੋ ਕੇ) ਵਾਰੋ-ਵਾਰੀ ਤਲਵਾਰਾਂ ਚਲਾ ਰਹੇ ਹਨ। ਲਹੂ ਦੀਆਂ ਝਲਾਰਾਂ (ਪਰਨਾਲੇ) ਇਉਂ ਵਗਦੀਆਂ ਹਨ ਜਿਵੇਂ ਪਹਾੜਾਂ ਤੋਂ ਲਾਲ ਰੰਗ ਦਾ ਪਾਣੀ ਵਗਦਾ ਹੈ। ਰਾਖਸ਼ਾਂ ਦੀਆਂ ਇਸਤਰੀਆਂ ਆਪਣੇ ਮਹਿਲਾਂ ਦੀਆਂ ਉੱਚੀਆਂ ਅਟਾਰੀਆਂ 'ਤੇ ਬੈਠ ਕੇ ਇਸ ਜੰਗ ਨੂੰ ਵੇਖ ਰਹੀਆਂ ਹਨ। ਰਣ-ਭੂਮੀ ਵਿੱਚ ਦੁਰਗਾ ਤੇ ਰਾਖਸ਼ਾਂ ਦੀਆਂ ਸਵਾਰੀਆਂ-(ਰਥਾਂ ਤੇ ਘੋੜਿਆਂ) ਦਾ ਬਹੁਤ ਸ਼ੋਰ ਮਚ ਰਿਹਾ ਹੈ।

ਲੱਖ ਨਗਾਰੇ ਵੱਜਣ ਆਹਮੋ ਸਾਹਮ੍ਹਣੇ॥  
ਰਾਕਸ਼ ਰਣੋ ਨ ਭੱਜਣ ਰੋਹੇ ਰੋਹਲੇ॥  
ਸੀਹਾਂ ਵਾਂਗੂ ਗੱਜਣ ਸੱਭੇ ਸੂਰਮੇ॥  
ਤਣਿ-ਤਣਿ ਕੈਬਰ ਛੱਡਣ ਦੁਰਗਾ ਸਾਹਮਣੇ॥12॥

Downloaded from https:// www.studiestoday.com

Downloaded from https:// www.studiestoday.com



**ਅਰਥਾਵਲੀ :**

**ਸੀਹਾਂ**-ਸ਼ੇਰਾਂ। **ਤਣਿ ਤਣਿ**-ਖਿੱਚ ਕੇ। **ਕੈਬਰ**-ਤੀਰ।

**ਅਰਥ :**

ਰਣ-ਭੂਮੀ ਵਿੱਚ ਆਹਮੋ-ਸਾਹਮਣੇ ਦੋਂਹਾਂ ਪਾਸਿਆਂ ਤੋਂ ਲੱਖਾਂ ਧੌਂਸੇ ਵੱਜ ਰਹੇ ਹਨ। ਰਾਖਸ਼ ਬੜੇ ਗੁੱਸੇ ਵਿੱਚ ਭਰੇ ਹੋਏ ਹਨ ਤੇ ਉਹ ਏਨੇ ਘਮਸਾਣ ਦਾ ਜੰਗ ਹੋਣ 'ਤੇ ਵੀ ਮੈਦਾਨ ਵਿੱਚ ਡਟੇ ਹੋਏ ਹਨ। ਸੂਰਮੇ ਸ਼ੇਰਾਂ ਵਾਂਗ ਗੱਜ ਰਹੇ ਹਨ। ਰਾਖਸ਼ ਖਿੱਚ-ਖਿੱਚ ਕੇ ਦੁਰਗਾ ਵੱਲ ਤੀਰ ਛੱਡ ਰਹੇ ਹਨ।

ਉੱਖਲੀਆਂ ਨਾਸਾਂ ਜਿਨਾ ਮੁਹਿ ਜਾਪਨ ਆਲੇ॥
ਧਾਏ ਦੇਵੀ ਸਾਹਮਣੇ ਬੀਰ ਮੁਛਲੀਆਲੇ॥
ਸੁਰਪਤ ਜੇਹੇ ਲੜ ਹਟੇ ਬੀਰ ਟਲੇ ਨ ਟਾਲੇ॥
ਗੱਜੇ ਦੁਰਗਾ ਘੇਰ ਕੈ ਜਣੁ ਘਣੀਅਰ ਕਾਲੇ॥13॥

**ਅਰਥਾਵਲੀ :**

**ਮੁਛਲੀਆਲੇ**-ਮੁੱਛਾਂ ਵਾਲੇ। **ਸੁਰਪਤ**-ਇੰਦਰ। **ਘਣੀਅਰ**-ਬੱਦਲ।

**ਅਰਥ :**

ਉਹਨਾਂ ਰਾਖਸ਼ਾਂ ਦੀਆਂ ਨਾਸਾਂ ਇਉਂ ਲਗਦੀਆਂ ਹਨ, ਜਿਵੇਂ ਉੱਖਲੀਆਂ ਹੁੰਦੀਆਂ ਹਨ ਤੇ ਮੂੰਹ ਆਲ਼ਿਆਂ ਵਰਗੇ ਹਨ। ਵੱਡੀਆਂ ਵੱਡੀਆਂ ਮੁੱਛਾਂ ਵਾਲੇ ਸੂਰਬੀਰ ਰਾਖਸ਼ ਜੰਗ ਕਰਨ ਲਈ ਦੁਰਗਾ ਦੇ ਸਾਹਮਣੇ ਆਏ। ਉਹ ਇਹੋ-ਜਿਹੇ ਬਲਵਾਨ ਸੂਰਮੇ ਹਨ, ਜਿਨ੍ਹਾਂ ਕੋਲੋਂ ਇੰਦਰ ਵੀ ਹਾਰ ਮੰਨ ਚੁੱਕਾ ਹੈ, ਉਹ ਕਿਸੇ ਦੇ ਹਟਾਇਆਂ ਪਿੱਛੇ ਨਹੀਂ ਹਟਦੇ। ਉਹ ਰਾਖਸ਼ ਦੁਰਗਾ ਨੂੰ ਘੇਰ ਕੇ ਇਉਂ ਗੱਜ ਰਹੇ ਹਨ ਜਿਵੇਂ ਕਾਲ਼ੇ ਬੱਦਲ ਗੱਜਦੇ ਹਨ।

ਚੋਟ ਪਈ ਖਰਚਾਮੀ ਦਲਾਂ ਮੁਕਾਬਲਾ॥
ਘੇਰ ਲਈ ਵਰਿਆਮੀ ਦੁਰਗਾ ਆਇਕੈ॥
ਰਾਕਸ਼ ਵਡੇ ਅਲਾਮੀ ਭੱਜ ਨ ਜਾਣਦੇ॥
ਅੰਤ ਹੋਏ ਸੁਰਗਾਮੀ ਮਾਰੇ ਦੇਵਤਾ॥14॥

**ਅਰਥਾਵਲੀ :**

**ਖਰਚਾਮੀ**-ਖੋਤੇ ਦੇ ਚੰਮ ਨਾਲ਼ ਮੜ੍ਹਿਆ ਧੌਂਸਾ। **ਵਰਿਆਮੀ**-ਬਹਾਦਰਾਂ ਨੇ। **ਅਲਾਮੀ**-ਜਗਤ-ਪ੍ਰਸਿੱਧ। **ਸੁਰਗਾਮੀ**-ਸੁਰਗਾਂ ਦੇ ਰਾਹ, ਮੌਤ ਦੇ ਹਵਾਲੇ।

Downloaded from https:// www.studiestoday.com

Downloaded from https:// www.studiestoday.com



**ਅਰਥ :**

ਖੋਤੇ ਦੇ ਚੰਮ ਨਾਲ ਮੜ੍ਹੇ ਧੌਂਸਿਆਂ 'ਤੇ ਚੋਟਾਂ ਪਈਆਂ ਤੇ ਦੋਂਹਾਂ ਪਾਸਿਆਂ ਦੀਆਂ ਫ਼ੌਜਾਂ ਦਾ ਟਾਕਰਾ ਸ਼ੁਰੂ ਹੋ ਗਿਆ। ਬਹਾਦਰ ਰਾਖਸ਼ਾਂ ਨੇ ਦੁਰਗਾ ਨੂੰ (ਚਹੁੰਆਂ ਪਾਸਿਆਂ ਤੋਂ) ਘੇਰੇ ਵਿੱਚ ਲੈ ਲਿਆ। ਇਹ ਰਾਖਸ਼ ਬੜੇ ਪ੍ਰਸਿੱਧ ਹਨ ਭਾਵ ਤਜਰਬੇਕਾਰ ਤੇ ਸਿਆਣੇ ਹਨ (ਇਹ ਜੰਗ ਵਿੱਚੋਂ ਪਿੱਠ ਕਰ ਕੇ) ਨੱਸਣਾ ਤਾਂ ਜਾਣਦੇ ਹੀ ਨਹੀਂ। ਦੇਵੀ ਨੇ ਏਨਾ ਘਮਸਾਣ ਦਾ ਯੁੱਧ ਕੀਤਾ ਤੇ ਰਾਖਸ਼ਾਂ ਨੂੰ ਐਨੀ ਮਾਰ ਮਾਰੀ ਕਿ ਉਹ ਮਰ-ਮਰ ਕੇ ਸੁਰਗਾਂ ਨੂੰ ਜਾਣ ਲੱਗੇ।

ਦੁਹਾਂ ਕੰਧਾਰਾਂ ਮੁਹ ਜੁੜੇ ਦਲ ਘੁਰੇ ਨਗਾਰੇ॥
ਓਰੜ ਆਏ ਸੂਰਮੇ ਸਿਰਦਾਰ ਰਣਿਆਰੇ॥
ਲੈ ਕੇ ਤੇਗਾਂ ਬਰਛੀਆਂ ਹਥਿਆਰ ਉਭਾਰੇ॥
ਟੋਪ ਪਟੇਲਾ ਪਾਖਰਾਂ ਗਲਿ ਸੰਜ ਸਵਾਰੇ॥
ਲੈ ਕੇ ਬਰਛੀ ਦੁਰਗਸ਼ਾਹ ਬਹੁ ਦਾਨਵ ਮਾਰੇ॥
ਚੜੇ ਰਥੀ ਗਜ ਘੋੜਿਈਂ ਮਾਰ ਭੁਇ ਤੇ ਡਾਰੇ॥
ਜਣੁ ਹਲਵਾਈ ਸੀਖ ਨਾਲ ਵਿੰਨ੍ਹ ਵੜੇ ਉਤਾਰੇ॥52॥

**ਅਰਥਾਵਲੀ :**

**ਰਣਿਆਰੇ**-ਰਣ ਵਿੱਚ ਜੂਝਣ ਵਾਲੇ। **ਟੋਪ**-ਕੁਲਾਹ। **ਪਟੇਲਾ**-ਲੋਹੇ ਦੀ ਜਾਲੀ ਜੋ ਅੱਖਾਂ ਦੀ ਰੱਖਿਆ ਲਈ ਯੋਧੇ ਕਵਚ ਦੇ ਨਾਲ ਪਾਉਂਦੇ ਹਨ। **ਪਾਖਰਾਂ**-ਹਾਥੀ, ਘੋੜੇ ਦਾ ਝੁਲ, ਜਿਸ ਨਾਲ ਜੰਗ ਵਿੱਚ ਰੱਖਿਆ ਹੁੰਦੀ ਹੈ। **ਗਜ**-ਹਾਥੀ।

**ਅਰਥ :**

ਰਣ-ਭੂਮੀ ਵਿੱਚ ਨਗਾਰਾ ਵੱਜਣ ਨਾਲ ਦੋਂਹਾਂ ਪਾਸਿਆਂ ਦੀਆਂ ਫ਼ੌਜਾਂ ਨੇ ਜੰਗ ਅਰੰਭ ਕਰ ਦਿੱਤਾ। ਦੋਂਹਾਂ ਪਾਸਿਆਂ ਦੀਆਂ ਫ਼ੌਜਾਂ ਦੇ ਵੱਡੇ-ਵੱਡੇ ਸਰਦਾਰ ਜੰਗ ਕਰਨ ਲਈ ਰਣ-ਭੂਮੀ ਵਿੱਚ ਆ ਗਏ। ਉਹਨਾਂ ਨੇ ਆਪਣੇ ਹੱਥਾਂ ਵਿੱਚ ਤਲਵਾਰਾਂ, ਬਰਛੀਆਂ ਤੇ ਹੋਰ ਸ਼ਸਤਰ ਲੈ ਕੇ ਉੱਚੇ ਕੀਤੇ। ਉਹਨਾਂ ਯੋਧਿਆਂ ਨੇ ਸਿਰ 'ਤੇ ਟੋਪ, ਲੋਹੇ ਦੀਆਂ ਜਾਲੀਆਂ, ਘੋੜਿਆਂ 'ਤੇ ਕਾਠੀਆਂ ਤੇ ਆਪਣੇ ਸਰੀਰਾਂ 'ਤੇ ਸੰਜੋਆਂ ਪਹਿਨੀਆਂ ਹੋਈਆਂ ਸਨ। ਦੁਰਗਾ ਨੇ ਆਪਣੀ ਬਰਛੀ ਨਾਲ ਬਹੁਤ ਸਾਰੇ ਰਾਖਸ਼ ਮਾਰ ਦਿੱਤੇ। ਰੱਥਾਂ, ਹਾਥੀਆਂ 'ਤੇ ਚੜ੍ਹੇ ਸੂਰਮਿਆਂ ਨੂੰ ਦੁਰਗਾ ਨੇ ਮਾਰ ਕੇ ਧਰਤੀ 'ਤੇ ਸੁੱਟ ਦਿੱਤਾ। ਦੁਰਗਾ ਦੀ ਬਰਛੀ ਨਾਲ ਵਿੰਨ੍ਹੇ ਹੋਏ ਸੂਰਮੇ ਇਉਂ ਪ੍ਰਤੀਤ ਹੋ ਰਹੇ ਸਨ, ਜਿਸ ਤਰ੍ਹਾਂ ਹਲਵਾਈ ਨੇ ਵੜਿਆਂ ਨੂੰ ਸੀਖ 'ਤੇ ਪ੍ਰੋਇਆ ਹੁੰਦਾ ਹੈ।

Downloaded from https:// www.studiestoday.com

Downloaded from https:// www.studiestoday.com



ਦੁਹਾਂ ਕੰਧਾਰਾਂ ਮੁਹਿ ਜੁੜੇ, ਨਾਲ ਧਉਸਾ ਭਾਰੀ॥
ਲਈ ਭਗਉਤੀ ਦੁਰਗਸ਼ਾਹ ਵਰ ਜਾਗਣ ਭਾਰੀ॥
ਲਾਈ ਰਾਜੇ ਸੁੰਭ ਨੋ ਰਤੁ ਪੀਐ ਪਿਆਰੀ॥
ਸੁੰਭ ਪਲਾਣੋਂ ਡਿੱਗਿਆ ਉਪਮਾ ਬੀਚਾਰੀ ॥
ਡੁਬ ਰੱਤੂ ਨਾਲਹੁ ਨਿਕਲੀ ਬਰਛੀ ਦੁਧਾਰੀ॥
ਜਾਣ ਰਜਾਦੀ ਉਤਰੀ ਪੈਨ੍ਹ ਸੂਹੀ ਸਾਰੀ॥53।

**ਅਰਥਾਵਲੀ :**

**ਧਉਸਾ**-ਨਗਾਰਾ। **ਵਰਜਾਗਣ**-ਤਲਵਾਰ। **ਪਲਾਣੋਂ**-ਕਾਠੀ ਤੋਂ। **ਰਜਾਦੀ**-ਰਾਇਜ਼ਾਦੀ, ਸ਼ਹਿਜ਼ਾਦੀ। **ਸੂਹੀ ਸਾਰੀ**-ਲਾਲ ਸਾੜ੍ਹੀ।

**ਅਰਥ :**

ਜਦੋਂ ਰਣ-ਭੂਮੀ ਵਿੱਚ ਬੜਾ ਵੱਡਾ ਨਗਾਰਾ ਵੱਜਿਆ ਤਦੋਂ ਦੋਹਾਂ ਪਾਸਿਆਂ ਦੀਆਂ ਫ਼ੌਜਾਂ ਦਾ ਟਾਕਰਾ ਸ਼ੁਰੂ ਹੋ ਗਿਆ। ਦੇਵੀ ਦੁਰਗਾ ਨੇ ਬੜੀ ਚਮਕਦਾਰ ਤੇ ਤਿੱਖੀ ਤਲਵਾਰ ਆਪਣੇ ਹੱਥ ਵਿੱਚ ਫੜ ਲਈ। ਉਹ ਤਿੱਖੀ ਤਲਵਾਰ ਦੁਰਗਾ ਨੇ ਰਾਜੇ ਸੁੰਭ ਨੂੰ ਮਾਰੀ, ਜਿਸ ਨੇ ਉਸ ਦੇ ਲਹੂ ਨੂੰ ਪਿਆਸਿਆਂ ਵਾਂਗੂੰ ਪੀਤਾ। ਸੁੰਭ ਘੋੜੇ ਦੀ ਕਾਠੀ ਤੋਂ ਡਿਗ ਪਿਆ। ਇਸ ਦ੍ਰਿਸ਼ ਨੂੰ ਵੇਖ ਕੇ ਕਵੀ ਨੇ ਮਨ ਵਿੱਚ ਇਹ ਉਪਮਾ ਵਿਚਾਰੀ ਹੈ ਕਿ ਖ਼ੂਨ ਨਾਲ਼ ਲਿੱਬੜੀ ਦੁਰਗਾ ਦੀ ਬਰਛੀ ਸੁੰਭ ਦੇ ਸਰੀਰ ਵਿੱਚੋਂ ਇਉਂ ਨਿਕਲੀ ਜਿਵੇਂ ਕੋਈ ਸ਼ਹਿਜ਼ਾਦੀ ਲਾਲ ਸਾੜ੍ਹੀ ਪਹਿਨ ਕੇ ਆ ਰਹੀ ਹੋਵੇ।

ਦੁਰਗਾ ਅਤੇ ਦਾਨਵੀ ਭੇੜ ਪਇਆ ਸਬਾਹੀ॥
ਸ਼ਸਤ੍ਰ ਪਜੂਤੇ ਦੁਰਗਸ਼ਾਹ ਗਹ ਸਭਨੀ ਬਾਹੀਂ॥
ਸੁੰਭ ਨਿਸੁੰਭ ਸੰਘਾਰਿਆ ਵਥ ਜੇਹੇ ਸਾਹੀ॥
ਫਉਜਾਂ ਰਾਕਸਿ ਆਰੀਆਂ ਦੇਖਿ ਰੋਵਨਿ ਧਾਹੀ॥
ਮੁਹਿ ਕੁੜੂਚੇ ਘਾਹ ਦੇ ਛੱਡ ਘੋੜੇ ਰਾਹੀ॥
ਭੱਜਦੇ ਹੋਏ ਮਾਰੀਅਨ ਮੁੜ ਝਾਕਨ ਨਾਹੀ॥54॥

**ਅਰਥਾਵਲੀ :**

**ਸਬਾਹੀ**-ਸਵੇਰ ਵੇਲੇ ਤੋਂ। **ਪਜੂਤੇ**- ਪਹਿਨੇ, ਪਕੜ ਲਏ। **ਗਹ**-ਮਜ਼ਬੂਤੀ ਨਾਲ਼। **ਸੰਘਾਰਿਆ**-ਕਤਲ ਕੀਤਾ। **ਵਥ**-ਵਸਤੂ, ਵੱਡੇ। **ਸਾਹੀ**-ਸ਼ਾਹਾਂ ਵਰਗੇ। **ਕੁੜੂਚੇ**-ਪੂਲੇ, ਘਾਹ ਦੇ ਕੂਚੇ।

Downloaded from https:// www.studiestoday.com

Downloaded from https:// www.studiestoday.com



**ਅਰਥ :**

ਦੁਰਗਾ ਅਤੇ ਰਾਖਸ਼ਾਂ ਦਾ ਸਵੇਰ ਤੋਂ ਜੰਗ ਸ਼ੁਰੂ ਹੋ ਗਿਆ। ਦੇਵੀ ਦੁਰਗਾ ਨੇ ਸਾਰੀਆਂ ਬਾਂਹਾਂ ਵਿੱਚ ਸ਼ਸਤਰ ਫੜ ਲਏ। ਸੁੰਭ ਅਤੇ ਨਿਸੁੰਭ ਜੋ ਸ਼ਾਹਾਂ ਵਾਂਗ ਬੇਸ਼ੁਮਾਰ ਵਸਤੂਆਂ ਦੇ ਮਾਲਕ ਸਨ, ਉਹਨਾਂ ਨੂੰ ਦੁਰਗਾ ਨੇ ਖ਼ਤਮ ਕਰ ਦਿੱਤਾ। ਰਾਖਸ਼ਾਂ ਦੀਆਂ ਫ਼ੌਜਾਂ ਧਾਹਾਂ ਮਾਰ ਕੇ ਰੋਣ ਲੱਗ ਗਈਆਂ। ਰਾਖਸ਼ਾਂ ਦੇ ਫ਼ੌਜੀ ਆਪਣਿਆਂ ਮੂੰਹਾਂ ਵਿੱਚ ਘਾਹ ਦੇ ਕੂਚੇ ਫੜ ਕੇ ਆਪਣਿਆਂ ਘੋੜਿਆਂ ਨੂੰ ਮੈਦਾਨ ਵਿੱਚ ਛੱਡ ਕੇ ਭੱਜ ਗਏ। ਭੱਜਦੇ ਜਾਂਦੇ ਰਾਖਸ਼ਾਂ ਨੂੰ ਦੁਰਗਾ ਨੇ ਅਜਿਹੀ ਮਾਰ ਮਾਰੀ ਕਿ ਉਹਨਾਂ ਵਿੱਚ ਪਿੱਛੇ ਮੁੜ ਕੇ ਦੇਖਣ ਦੀ ਹਿੰਮਤ ਨਹੀਂ ਸੀ।

ਸੁੰਭ ਨਿਸੁੰਭ ਪਠਾਇਆ ਜਮ ਦੇ ਧਾਮ ਨੋ।।
ਇੰਦ੍ਰ ਸੱਦ ਬੁਲਾਇਆ ਰਾਜ ਅਭਖੇਖ ਨੋ।।
ਸਿਰ ਪਰ ਛਤ੍ਰ ਫਿਰਾਇਆ ਰਾਜੇ ਇੰਦ੍ਰ ਦੈ।।
ਚਉਦਹ ਲੋਕਾਂ ਛਾਇਆ ਜਸੁ ਜਗਮਾਤ ਦਾ।।
ਦੁਰਗਾ ਪਾਠ ਬਣਾਇਆ ਸਭੇ ਪਉੜੀਆ।।
ਫੇਰ ਨ ਜੂਨੀ ਆਇਆ ਜਿਨਿ ਇਹ ਗਾਇਆ।।55।।

**ਅਰਥਾਵਲੀ :**

ਪਠਾਇਆ-ਭੇਜ ਦਿੱਤਾ। ਅਭਖੇਖ-ਰਾਜ ਤਿਲਕ।

**ਅਰਥ :**

ਦੁਰਗਾ ਨੇ ਸੁੰਭ ਅਤੇ ਨਿਸੁੰਭ ਨੂੰ ਮਾਰ ਕੇ ਜਮ-ਲੋਕ ਨੂੰ ਭੇਜ ਦਿੱਤਾ। ਰਾਜੇ ਇੰਦਰ ਨੂੰ ਰਾਜ-ਤਿਲਕ ਦੇਣ ਲਈ ਵੀ ਬੁਲਾ ਲਿਆ। ਰਾਜੇ ਇੰਦਰ ਨੂੰ ਸੁਰਗ-ਲੋਕ ਦਾ ਰਾਜ ਸੌਂਪ ਕੇ ਉਸ ਦੇ ਸਿਰ 'ਤੇ ਛਤਰ ਝੁਲਾਇਆ। ਦੁਰਗਾ ਦਾ ਜਸ ਚੌਦਾਂ ਲੋਕਾਂ ਵਿੱਚ ਛਾ ਗਿਆ।

ਗੁਰੂ ਸਾਹਿਬ ਕਹਿੰਦੇ ਹਨ ਕਿ ਦੁਰਗਾ ਦੀ ਇਸ ਜਿੱਤ ਦਾ ਜਸ ਅਸਾਂ ਪਉੜੀਆਂ ਵਿੱਚ ਰਚਿਆ ਹੈ। ਜਿਸ ਨੇ ਵੀ ਦੁਰਗਾ ਦੀ ਇਸ ਵਾਰ ਨੂੰ ਗਾਇਆ ਹੈ, ਉਹ ਫਿਰ ਜਨਮ ਵਿੱਚ ਨਹੀਂ ਆਇਆ ਭਾਵ ਇਸ ਸੰਸਾਰ ਤੋਂ ਉਹ ਮੁਕਤ ਹੋ ਗਿਆ ਹੈ।

Downloaded from https:// www.studiestoday.com

Downloaded from https:// www.studiestoday.com



## ਪਾਠ-ਅਭਿਆਸ

1. ਚੰਡੀ ਦੀ ਵਾਰ ਵਿੱਚ ਜਿਹੜੇ ਯੁੱਧ ਦਾ ਵਰਨਣ ਇਹਨਾਂ ਪਉੜੀਆਂ ਵਿੱਚ ਅੰਕਿਤ ਹੈ, ਉਹਨੂੰ ਆਪਣੇ ਸ਼ਬਦਾਂ ਵਿੱਚ ਬਿਆਨ ਕਰੋ?
2. 'ਚੰਡੀ ਦੀ ਵਾਰ' ਕਵਿਤਾ ਦਾ ਕੇਂਦਰੀ ਭਾਵ ਲਿਖੋ ?
3. ਹੇਠ ਲਿਖੀਆਂ ਪਉੜੀਆਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:

   ਦੁਹਾਂ ਕੰਧਾਰਾਂ ਮੁਹਿ ਜੁੜੇ ਦਲ ਘੁਰੇ ਨਗਾਰੇ।
   ਓਰੜ ਆਏ ਸੂਰਮੇ ਸਿਰਦਾਰ ਰਣਿਆਰੇ।
   ਲੈ ਕੇ ਤੇਗਾਂ ਬਰਛੀਆਂ ਹਥਿਆਰ ਉਭਾਰੇ।
   ਟੋਪ ਪਟੇਲਾਂ ਪਾਖਰਾਂ ਗਲਿ ਸੰਜ ਸਵਾਰੇ।
   ਲੈ ਕੇ ਬਰਛੀ ਦੁਰਗਸ਼ਾਹ ਬਹੁ ਦਾਨਵ ਮਾਰੇ।
   ਚੜੇ ਰਥੀ ਗਜ ਘੋੜਿਈਂ ਮਾਰ ਭੁਇ ਤੇ ਡਾਰੇ।
   ਜਣੁ ਹਲਵਾਈ ਸੀਖ ਨਾਲ ਵਿੰਨ੍ਹ ਵੜੇ ਉਤਾਰੇ।

4. ਆਪਣੀ ਸਕੂਲ-ਲਾਇਬ੍ਰੇਰੀ ਵਿੱਚੋਂ 'ਚੰਡੀ ਦੀ ਵਾਰ' ਲੈ ਕੇ ਪੜ੍ਹੋ ਤੇ ਆਪਣੇ ਅਧਿਆਪਕ ਜੀ ਤੋਂ ਇਸ ਬਾਰੇ ਹੋਰ ਵਧੇਰੇ ਜਾਣਕਾਰੀ ਪ੍ਰਾਪਤ ਕਰੋ।

Downloaded from https:// www.studiestoday.com

Downloaded from https:// www.studiestoday.com

# ਸ਼ਾਹ ਮੁਹੰਮਦ

(1782-1862)

ਸ਼ਾਹ ਮੁਹੰਮਦ ਦਾ ਜਨਮ ਪਿੰਡ ਵਡਾਲਾ ਵੀਰਮ, ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੋਇਆ। ਸ਼ਾਹ ਮੁਹੰਮਦ ਦੀਆਂ ਦੋ ਰਚਨਾਵਾਂ ਮਿਲ਼ਦੀਆਂ ਹਨ।

1. ਕਿੱਸਾ ਸੱਸੀ ਪੁੰਨੂੰ 2. ਜੰਗਨਾਮਾ ਸਿੰਘਾਂ ਤੇ ਫ਼ਰੰਗੀਆਂ

ਉਸ ਨੇ ਪੰਜਾਬ ਦੇਸ ਨੂੰ ਪਿਆਰ ਕਰਨ ਵਾਲ਼ੇ ਕਵੀ ਵਜੋਂ ਜੰਗਨਾਮਾ ਲਿਖਿਆ। ਇਸ ਜੰਗਨਾਮੇ ਵਿੱਚ ਸਿੰਘਾਂ ਦੀ ਹਾਰ ਨੂੰ ਵਿਖਾਉਂਦਿਆਂ ਵੀ ਉਹਨਾਂ ਦੀ ਬਹਾਦਰੀ ਦਾ ਜ਼ਿਕਰ ਬੜੇ ਭਾਵਪੂਰਤ ਢੰਗ ਨਾਲ਼ ਕੀਤਾ ਗਿਆ ਹੈ। ਸ਼ਾਹ ਮੁਹੰਮਦ ਦੀ ਇਹ ਸ਼ਾਹਕਾਰ ਰਚਨਾ ਮੰਨੀ ਜਾਂਦੀ ਹੈ ਜਿਹੜੀ ਲੋਕ-ਪ੍ਰਿਯ ਹੋਈ। ਜਿਸ ਸੰਖੇਪਤਾ ਨਾਲ਼ ਇਤਿਹਾਸਿਕ ਤੱਥਾਂ ਨੂੰ ਕਾਵਿ-ਛੰਦ ਵਿੱਚ ਪੇਸ਼ ਕੀਤਾ ਹੈ, ਉਸ ਦੀ ਮਿਸਾਲ ਮਿਲਣੀ ਮੁਸ਼ਕਲ ਹੈ। ਇਸ ਜੰਗਨਾਮੇ ਵਿੱਚ ਕਵੀ ਦਾ ਪੰਜਾਬ ਲਈ-ਦਰਦ ਵੀ ਉਜਾਗਰ ਹੁੰਦਾ ਹੈ।

## ਜੰਗਨਾਮਾ ਸਿੰਘਾਂ ਤੇ ਫਿਰੰਗੀਆਂ

### ਸਿੰਘਾਂ ਦਾ ਜੰਗ ਲਈ ਗੁਰਮਤਾ

ਸਿੰਘਾਂ ਸਾਰਿਆਂ ਬੈਠ ਗੁਰਮਤਾ ਕੀਤਾ,
'ਚੱਲੋ ਹੁਣੇ ਫ਼ਰੰਗੀ ਨੂੰ ਮਾਰੀਏ ਜੀ।
ਇੱਕ ਵਾਰ ਜੇ ਸਾਹਮਣੇ ਹੋਇ ਸਾਡੇ,
ਇੱਕ ਘੜੀ ਵਿੱਚ ਮਾਰ ਉਖਾੜੀਏ ਜੀ।
ਬੀਰ ਸਿੰਘ ਜੇਹੇ ਅਸੀਂ ਨਹੀਂ ਛੱਡੇ,
ਅਸੀਂ ਕਾਸ ਤੇ ਓਸ ਤੋਂ ਹਾਰੀਏ ਜੀ।
ਸ਼ਾਹ ਮੁਹੰਮਦਾ ਮਾਰ ਕੇ ਲੁਦਿਹਾਣਾ,
ਫ਼ੌਜਾਂ ਦਿੱਲੀ ਦੇ ਵਿੱਚ ਉਤਾਰੀਏ ਜੀ। 56।

### ਸਿੰਘਾਂ ਦੀ ਚੜ੍ਹਤ

ਧੌਂਸਾ ਵੱਜਿਆ ਕੂਚ ਦਾ ਹੁਕਮ ਹੋਇਆ,
ਚੜ੍ਹੇ ਸੂਰਮੇ ਸਿੰਘ ਦਲੇਰ ਮੀਆਂ।
ਚੜ੍ਹੇ ਪੁਤ੍ਰ ਸਰਦਾਰਾਂ ਦੇ ਛੈਲ ਬਾਂਕੇ,



Downloaded from https:// www.studiestoday.com

Downloaded from https:// www.studiestoday.com



ਜੈਸੇ ਬੇਲਿਓਂ ਨਿਕਲਦੇ ਸ਼ੇਰ ਮੀਆਂ।
ਚੜ੍ਹੇ ਸਭ ਮਝੈਲ ਦੁਆਬੀਏ ਜੀ,
ਜਿਨ੍ਹਾਂ ਕਿਲ੍ਹੇ ਨਿਵਾਏ ਸੀ ਢੇਰ ਮੀਆਂ।
ਸ਼ਾਹ ਮੁਹੰਮਦਾ ਤੁਰੇ ਜ਼ੰਬੂਰ ਖ਼ਾਨੇ,
ਹੋਇਆ ਹੁਕਮ ਨਾ ਲਾਂਵਦੇ ਦੇਰ ਮੀਆਂ।58।

## ਜੰਗ ਦਾ ਹਾਲ

ਫੇਰੂ ਸ਼ਹਿਰ ਦੇ ਹੇਠ ਜਾ ਖੇਤ ਰੁੱਧੇ,
ਤੋਪਾਂ ਚਲੀਆਂ ਨੀ ਵਾਂਗ ਤੋੜਿਆਂ ਦੇ.
ਸਿੰਘ ਸੂਰਮੇ ਆਣ ਮੈਦਾਨ ਲੱਥੇ,
ਗੰਜ ਲਾਹ ਸੁੱਟੇ ਉਹਨਾਂ ਗੋਰਿਆਂ ਦੇ।
ਟੁੰਡੇ ਲਾਟ ਨੇ ਅੰਤ ਨੂੰ ਖਾਇ ਗੁੱਸਾ,
ਫੇਰ ਦਿੱਤੇ ਨੀ ਲੱਖ ਢੰਡੋਰਿਆਂ ਦੇ।
ਸ਼ਾਹ ਮੁਹੰਮਦਾ ਰੰਡ ਬਿਠਾਇ ਨੰਦਨ,
ਸਿੰਘ ਜਾਣ ਸੱਭੇ ਨਾਲ ਜ਼ੋਰਿਆਂ ਦੇ।71।

ਹੋਇਆ ਹੁਕਮ ਅੰਗਰੇਜ਼ ਦਾ ਤੁਰਤ ਜਲਦੀ,
ਤੋਪਾਂ ਮਾਰੀਆਂ ਨੀਰ ਦੇ ਆਇ ਵਲੇ।
ਫੂਕ ਸੁੱਟੀਆਂ ਸਾਰੀਆਂ ਮੇਖਜ਼ੀਨਾਂ।
ਸਿੰਘ ਉੱਡ ਕੇ ਪਤਰਾ ਹੋਇ ਚੱਲੇ,
ਛੋਲਦਾਰੀਆਂ, ਤੰਬੂਆਂ ਛੱਡ ਦੌੜੇ,
ਕੋਈ ਚੀਜ਼ ਨਾ ਲਈ ਏ ਬੰਨ੍ਹ ਪੱਲੇ।
ਓੜਕ ਲਿਆ ਮੈਦਾਨ ਫ਼ਿਰੰਗੀਆਂ ਨੇ,
ਸ਼ਾਹ ਮੁਹੰਮਦਾ ਰਣੋਂ ਨਾ ਮੂਲ ਹੱਲੇ।73।

ਜੰਗ ਹਿੰਦ ਪੰਜਾਬ ਦਾ ਹੋਣ ਲੱਗਾ,
ਦੋਵੇਂ ਪਾਦਸ਼ਾਹੀ ਫ਼ੌਜਾਂ ਭਾਰੀਆਂ ਨੀ।

Downloaded from https:// www.studiestoday.com

Downloaded from https:// www.studiestoday.com



ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ,
ਜੇੜ੍ਹੀਆਂ ਖ਼ਾਲਸੇ ਨੇ ਤੇਗਾਂ ਮਾਰੀਆਂ ਨੀ।
ਘੋੜੇ ਆਦਮੀ ਗੋਲਿਆਂ ਨਾਲ ਉੱਡਣ,
ਹਾਥੀ ਢਹਿੰਦੇ ਸਣੇ ਅੰਬਾਰੀਆਂ ਨੀ।
ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ,
ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ। 92।

**ਅਰਥਾਵਲੀ :**

**ਗੁਰਮਤਾ**-ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਕੀਤਾ ਫ਼ੈਸਲਾ। **ਫਰੰਗੀ**-ਅੰਗਰੇਜ਼। **ਧੌਂਸਾ**-ਨਗਾਰਾ। **ਤੋੜਾ**-ਬੰਦੂਕ ਅਤੇ ਤੋਪ ਨੂੰ ਅੱਗ ਦੇਣ ਦਾ ਡੋਰਾ ਜਾਂ ਪਲੀਤਾ। **ਟੁੰਡਾਲਾਟ**-ਲਾਰਡ ਹਾਰਡਿੰਗ,ਜਿਸ ਨੇ ਨੈਪੋਲੀਅਨ ਨਾਲ ਲੜਾਈ ਕਰਦੇ ਸਮੇਂ ਆਪਣਾ ਖੱਬਾ ਹੱਥ ਗੁਆਇਆ ਸੀ। ਇਸ ਕਰ ਕੇ ਪੰਜਾਬੀ ਉਸ ਨੂੰ ਟੁੰਡਾ ਲਾਟ ਕਹਿੰਦੇ ਹਨ। **ਮੇਖਜੀਨਾਂ**-ਸ਼ਸਤਰ-ਘਰ। **ਅੰਬਾਰੀਆਂ**- ਹੌਦਿਆਂ (ਹਾਥੀ ਦੇ ਛੱਤਦਾਰ ਹੌਦਿਆਂ)। **ਸਰਕਾਰ**-ਮਹਾਰਾਜਾ ਰਣਜੀਤ ਸਿੰਘ।

## ਪਾਠ-ਅਭਿਆਸ

1. 'ਜੰਗਨਾਮਾ ਸਿੰਘਾਂ ਤੇ ਫਿਰੰਗੀਆਂ' ਦਾ ਲੇਖਕ ਕੌਣ ਹੈ? ਪਾਠ-ਪੁਸਤਕ ਦੇ ਆਧਾਰ 'ਤੇ ਲਿਖੋ ਕਿ ਕਵੀ ਨੇ ਲੜਾਈ ਦਾ ਚਿੱਤਰ ਕਿਵੇਂ ਉਲੀਕਿਆ ਹੈ?
2. 'ਸਿੰਘਾਂ ਦੀ ਚੜ੍ਹਤ' ਕਵਿਤਾ ਦਾ ਕੇਂਦਰੀ ਭਾਵ ਲਿਖੋ।
3. ਹੇਠ ਲਿਖੇ ਕਾਵਿ-ਟੋਟੇ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:

ਜੰਗ ਹਿੰਦ ਪੰਜਾਬ ਦਾ ਹੋਣ ਲੱਗਾ,
ਦੋਵੇਂ ਪਾਦਸ਼ਾਹੀ ਫ਼ੌਜਾਂ ਭਾਰੀਆਂ ਨੀ।
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ,
ਜੇੜ੍ਹੀਆਂ ਖ਼ਾਲਸੇ ਨੇ ਤੇਗਾਂ ਮਾਰੀਆਂ ਨੀ।
ਘੋੜੇ ਆਦਮੀ ਗੋਲਿਆਂ ਨਾਲ ਉੱਡਣ,
ਹਾਥੀ ਢਹਿੰਦੇ ਸਣੇ ਅੰਬਾਰੀਆਂ ਨੀ।
ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ,
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।

**"ਭਲਾਈ ਵਿਭਾਗ, ਪੰਜਾਬ"**

Downloaded from https:// www.studiestoday.com

Downloaded from https:// www.studiestoday.com

# ਭੂਮਿਕਾ

## ਵਾਰਤਕ - ਭਾਗ

ਵਾਰਤਕ ਸਾਹਿਤ ਦਾ ਉਹ ਰੂਪ ਹੈ ਜਿਸ ਵਿੱਚ ਵਿਸ਼ੇ-ਵਸਤੂ ਦੀ ਪੇਸ਼ਕਾਰੀ ਸਮੇਂ ਪ੍ਰਮੁੱਖਤਾ ਤਰਕ ਜਾਂ ਦਲੀਲ ਨੂੰ ਦਿੱਤੀ ਜਾਂਦੀ ਹੈ। ਮਿਸਾਲ ਵਜੋਂ ਇੱਕ ਵਿਸ਼ਾ ਹੈ-ਮਜ਼ਦੂਰ ਦੀ ਜ਼ਿੰਦਗੀ। ਇਸ ਵਿਸ਼ੇ ਬਾਰੇ ਕਵਿਤਾ, ਕਹਾਣੀ, ਨਾਵਲ, ਨਾਟਕ, ਵਾਰਤਕ ਆਦਿ ਸਭ ਰੂਪਾਂ ਵਿੱਚ ਲਿਖਿਆ ਜਾ ਸਕਦਾ ਹੈ। ਕਵਿਤਾ ਲਿਖਣ ਵੇਲ਼ੇ ਮਜ਼ਦੂਰ ਦੀ ਜ਼ਿੰਦਗੀ ਦਾ ਕੋਈ ਇੱਕ ਤੀਬਰ ਪਲ, ਜਿਹੜਾ ਉਸ ਦੀ ਖ਼ੁਸ਼ੀ, ਉਦਾਸੀ, ਗੁੱਸਾ, ਉਪਰਾਮਤਾ, ਪਿਆਰ, ਨਫ਼ਰਤ-ਕੋਈ ਵੀ ਹੋ ਸਕਦਾ ਹੈ-ਕਵਿਤਾ ਦਾ ਵਸਤੂ ਬਣੇਗਾ ਤੇ ਉਹ ਵੀ ਲੇਖਕ ਦੇ ਅਨੁਭਵ ਦੀ ਪੱਧਰ 'ਤੇ। ਕਹਾਣੀ ਵਿੱਚ ਉਸ ਦੀ ਜ਼ਿੰਦਗੀ ਦਾ ਕੋਈ ਇੱਕ ਪਹਿਲੂ ਜਾਂ ਘਟਨਾ ਹੋ ਸਕਦੀ ਹੈ ਤੇ ਨਾਵਲ ਵਿੱਚ ਉਹਦੀ ਸਮੁੱਚੀ ਜ਼ਿੰਦਗੀ ਤੇ ਆਲ਼ੇ-ਦੁਆਲ਼ੇ ਦਾ ਸਾਰਾ ਸਮਾਜਿਕ ਪ੍ਰਸੰਗ ਵੀ, ਜਿਸ ਵਿੱਚ ਕਿ ਉਹ ਰਹਿੰਦਾ ਹੈ। ਇੰਞ ਹੀ ਉਸ ਦੀ ਜ਼ਿੰਦਗੀ ਦਾ ਚਿਤਰਨ ਨਾਟਕ ਦੇ ਰੂਪ ਵਿੱਚ ਕਰਨ ਵੇਲ਼ੇ ਕੇਵਲ ਉਹੋ ਪੱਖ ਹੀ ਨਾਟਕਕਾਰ ਦੀ ਪਕੜ ਵਿੱਚ ਆਉਣਗੇ ਜਿਨ੍ਹਾਂ ਵਿੱਚ ਨਾਟਕੀਅਤਾ ਹੋਵੇਗੀ ਅਰਥਾਤ ਕੁਝ ਚੋਣਵੇਂ ਪਹਿਲੂ, ਜਿਨ੍ਹਾਂ ਨੂੰ ਮੰਚ ਉੱਤੇ ਦਰਸਾਇਆ ਜਾ ਸਕਣਾ ਸੰਭਵ ਹੋਵੇਗਾ। ਇਹਨਾਂ ਸਾਰੀਆਂ ਹੀ ਵੰਨਗੀਆਂ ਦੀ ਇੱਕ ਸੀਮਾ ਹੈ ਕਿ ਸਾਰੀਆਂ ਹੀ ਵੰਨਗੀਆਂ ਵਿੱਚੋਂ ਮਜ਼ਦੂਰ ਦੀ ਜ਼ਿੰਦਗੀ ਦਾ ਜੋ ਚਿੱਤਰ ਉੱਭਰ ਕੇ ਆਵੇਗਾ ਉਹ ਨਾਵਲ ਨੂੰ ਛੱਡ ਕੇ, ਬਾਕੀ ਵੰਨਗੀਆਂ ਵਿੱਚ 'ਅਧੂਰਾ' ਹੋਵੇਗਾ। ਅਧੂਰਾ ਇਸ ਕਾਰਨ ਕਿ ਇਹਨਾਂ ਰੂਪਾਂ ਵਿੱਚ ਮਜ਼ਦੂਰ ਦੀ ਜ਼ਿੰਦਗੀ ਦਾ ਇੱਕ ਪਲ, ਪਹਿਲੂ, ਘਟਨਾ ਜਾਂ ਕੁਝ ਚੋਣਵੀਆਂ ਘਟਨਾਵਾਂ ਹੀ ਸਮੋਈਆਂ ਜਾ ਸਕਦੀਆਂ ਹਨ ਜਦ ਕਿ ਨਾਵਲ ਵਿੱਚ ਇਹਨਾਂ ਦਾ ਪੂਰਾ ਚਿੱਤਰ ਉੱਘੜ ਕੇ ਆ ਸਕਦਾ ਹੈ। ਨਾਵਲ ਵਾਂਗ ਹੀ ਉਸ ਦੀ ਜ਼ਿੰਦਗੀ ਦਾ ਪੂਰਾ ਚਿੱਤਰ ਉਘਾੜਨ ਲਈ ਦੂਜਾ ਸਫ਼ਲ ਮਾਧਿਅਮ ਵਾਰਤਕ ਹੈ। ਜੋ ਕੁਝ ਨਾਵਲਕਾਰ ਦੋ-ਤਿੰਨ ਸੌ ਸਫ਼ਿਆਂ ਦੇ ਨਾਵਲ ਵਿੱਚ ਉਭਾਰੇਗਾ ਉਸ ਨੂੰ ਵਾਰਤਕ-ਲੇਖਕ ਦਸਾਂ-ਪੰਦ੍ਰਾਂ ਸਫ਼ਿਆਂ ਵਿੱਚ ਵੀ ਦੱਸ ਸਕਦਾ ਹੈ।

ਇਸ ਦਾ ਅਰਥ ਇਹ ਉੱਕਾ ਨਹੀਂ ਕਿ ਨਾਵਲਕਾਰ ਦੇ ਦੋ-ਤਿੰਨ ਸੌ ਸਫ਼ੇ ਫ਼ਜ਼ੂਲ ਹਨ ਸਗੋਂ ਇਸ ਤੋਂ ਉਲਟ ਇਹ ਹੈ ਕਿ ਨਾਵਲ ਮਾਧਿਅਮ ਹੀ ਅਜਿਹਾ ਹੈ ਜਿਸ ਵਿੱਚ ਨਾਵਲਕਾਰ ਨੂੰ ਜ਼ਿੰਦਗੀ ਵਿੱਚ 'ਵਾਪਰਦੇ', 'ਵਾਪਰ ਗਏ', 'ਵਾਪਰਨ ਵਾਲ਼ੇ', ਨੂੰ 'ਹੁੰਦਾ', 'ਹੋਇਆ', ਜਾਂ 'ਹੋਣ ਵਾਲ਼ਾ' ਕਰਕੇ ਦਿਖਾਉਣਾ ਹੁੰਦਾ ਹੈ ਤੇ ਵਾਰਤਕਕਾਰ ਨੇ ਇਹ ਸਭ ਕੁਝ 'ਦੱਸਣਾ' ਹੁੰਦਾ ਹੈ। 'ਦੱਸਣ' 'ਤੇ 'ਵਾਪਰਦਾ ਦਰਸਾਉਣ' ਵਿੱਚ ਹੀ ਇਹ ਭੇਦ ਹੈ ਕਿ ਇੱਕੋ ਗੱਲ ਇੱਕ ਮਾਧਿਅਮ ਵਿੱਚ ਤਿੰਨ ਸੌ ਸਫ਼ਿਆਂ ਵਿੱਚ ਸਮੇਟੀ ਜਾਂਦੀ ਹੈ, ਉਹੋ ਗੱਲ ਦੂਜੇ ਮਾਧਿਅਮ ਵਿੱਚ ਪੰਦ੍ਰਾਂ ਸਫ਼ਿਆਂ ਵਿੱਚ। ਏਥੇ ਇੱਕ ਦਿਲਚਸਪ ਤੇ ਠੋਸ



Downloaded from https:// www.studiestoday.com

Downloaded from https:// www.studiestoday.com



ਉਦਾਹਰਨ ਦੇਣੀ ਯੋਗ ਹੋਵੇਗੀ। ਦੋ ਵਾਕ-ਹਨ– 'ਇੱਕ ਆਦਮੀ ਸਵੇਰੇ ਘਰੋਂ ਤਿਆਰ ਹੋ ਕੇ ਨੌਂ ਵਜੇ ਦਫ਼ਤਰ ਗਿਆ। ਦਿਨ-ਭਰ ਦਫ਼ਤਰੀ ਕੰਮ ਕਰ ਕੇ ਉਹ ਪੰਜ ਵਜੇ ਆਪਣੇ ਘਰ ਪਰਤ ਆਇਆ, 'ਇਹਨਾਂ ਦੋਂਹਾਂ ਵਾਕਾਂ ਤੋਂ ਉਸ ਆਦਮੀ ਦੇ ਤਿਆਰ ਹੋਣ, ਦਫ਼ਤਰ ਜਾ ਕੇ ਕੰਮ ਕਰਨ ਤੇ ਘਰ ਪਰਤ ਆਉਣ ਦਾ ਪਤਾ ਲੱਗ ਜਾਂਦਾ ਹੈ। ਪਰ ਸੋਚੋ ਕਿ ਸਵੇਰੇ ਤਿਆਰ ਹੋਣ ਤੋਂ ਲੈ ਕੇ 9-10 ਘੰਟੇ ਦਾ ਸਾਰਾ ਸਮਾਂ ਜੋ ਉਸ ਨੂੰ, ਜੋ ਕੁਝ ਉਸ ਨੇ ਇਸ ਸਮੇਂ ਵਿੱਚ ਕੀਤਾ, ਕਰਦਿਆਂ ਦਿਖਾਇਆ ਜਾਵੇ ਤਾਂ ਕਿੰਨੇ ਸਫ਼ੇ ਲਿਖਣੇ ਪੈਣਗੇ? ਬੱਸ, 'ਵਾਪਰਦਾ ਦਰਸਾਉਣ' ਤੇ 'ਦੱਸਣ' ਵਿੱਚ ਇਹੋ ਫ਼ਰਕ ਹੈ। ਇੰਵ ਵਾਪਰਦਾ ਦਰਸਾਉਣ ਤੇ ਦੱਸਣ ਦੇ ਮਾਧਿਅਮਾਂ ਵਿੱਚ ਵੀ ਫ਼ਰਕ ਹੈ। ਕਹਾਣੀ, ਨਾਵਲ, ਨਾਟਕ ਬਹੁਤਾ ਕਰਕੇ ਵਾਪਰਦਾ ਦਰਸਾਉਣ ਦੇ ਮਾਧਿਅਮ ਹਨ ਤੇ ਵਾਰਤਕ ਵਾਪਰੇ ਹੋਏ ਜਾਂ ਵਾਪਰਨ ਵਾਲ਼ੇ ਨੂੰ ਦੱਸਣ ਦਾ ਮਾਧਿਅਮ। 'ਦਰਸਾਉਣ' ਵਿੱਚ ਦਲੀਲ ਨੂੰ ਥਾਂ ਘੱਟ ਹੁੰਦਾ ਹੈ 'ਦੱਸਣ' ਵਿੱਚ ਦਲੀਲ ਹੀ ਮੁੱਖ ਹੁੰਦੀ ਹੈ। ਇਸੇ ਕਰਕੇ ਵਾਰਤਕ ਦਾ ਧੁਰਾ 'ਦਲੀਲ' ਹੁੰਦੀ ਹੈ।

'ਦਲੀਲ' ਤੋਂ ਭਾਵ ਇਹ ਵੀ ਨਹੀਂ ਲੈ ਲਿਆ ਜਾਣਾ ਚਾਹੀਦਾ ਕਿ ਵਾਰਤਕ ਵਿੱਚ ਨਿਰੋਲ ਦਲੀਲ ਹੀ ਹੁੰਦੀ ਹੈ। ਸਾਹਿਤਿਕ ਵਾਰਤਕ ਵਿੱਚ ਦਲੀਲ ਦੇ ਨਾਲ਼-ਨਾਲ 'ਦਰਸਾਉਣ' ਦੇ ਮਾਧਿਅਮਾਂ ਦੇ ਅੰਸ਼ ਵੀ ਹੁੰਦੇ ਹਨ। ਇਸੇ ਕਰਕੇ ਵਾਰਤਕ ਵਿੱਚ ਕਹਾਣੀ, ਨਾਟਕੀਅਤਾ ਆਦਿ ਦੇ ਗੁਣ ਵੀ ਹੁੰਦੇ ਹਨ।

ਹੁਣ ਤੱਕ ਵਧੇਰੇ ਆਲੋਚਕਾਂ ਨੇ ਨਿਬੰਧ ਨੂੰ ਹੀ ਵਾਰਤਕ ਦਾ ਵਿਸ਼ੇਸ਼ ਰੂਪ ਮੰਨਿਆ ਹੈ। ਇਹ ਕਈ ਪ੍ਰਕਾਰ ਦਾ ਹੋ ਸਕਦਾ ਹੈ-ਵਰਨਣਾਤਮਿਕ, ਕਥਾਤਮਿਕ, ਭਾਵਾਤਮਿਕ ਤੇ ਵਿਚਾਰਾਤਮਿਕ ਜਾਂ ਆਲੋਚਨਾਤਮਿਕ। ਇਸ ਤੋਂ ਇਲਾਵਾ ਜੀਵਨੀ, ਸਫ਼ਰਨਾਮਾ, ਰੇਖਾ-ਚਿੱਤਰ, ਡਾਇਰੀ, ਰਿਪੋਰਤਾਜ ਆਦਿ ਨੂੰ ਵੀ ਵਾਰਤਕ ਰਚਨਾਵਾਂ ਮੰਨਿਆ ਗਿਆ ਹੈ। ਹਥਲੇ ਸੰਗ੍ਰਹਿ ਵਿੱਚ ਵਾਰਤਕ ਦੀਆਂ ਇਹਨਾਂ ਵੰਨਗੀਆਂ 'ਤੇ ਆਧਾਰਿਤ ਨਿਬੰਧ ਸੰਕਲਿਤ ਕੀਤੇ ਗਏ ਹਨ।

## ਵਾਰਤਕ ਦੇ ਤੱਤ

ਮੋਟੇ ਤੌਰ 'ਤੇ ਵਿਦਵਾਨਾਂ ਨੇ ਵਾਰਤਕ-ਰਚਨਾ ਅਰਥਾਤ ਨਿਬੰਧ ਦੇ ਤਿੰਨ ਪ੍ਰਮੁੱਖ ਤੱਤ ਮੰਨੇ ਹਨ :

1. ਵਿਸ਼ਾ-ਵਸਤੂ
2. ਸ਼ੈਲੀ
3. ਮਨੋਰਥ

Downloaded from https:// www.studiestoday.com

Downloaded from https:// www.studiestoday.com



**ਵਿਸ਼ਾ-ਵਸਤੂ**

ਵਿਸ਼ਾ-ਵਸਤੂ ਭਾਵੇਂ ਹਰ ਸਾਹਿਤਿਕ- ਰਚਨਾ ਵਿੱਚ ਮੂਲ ਗੱਲ ਹੁੰਦੀ ਹੈ ਪਰ ਇਸ ਦੀ ਪੇਸ਼ਕਾਰੀ ਵੱਖ-ਵੱਖ ਵੰਨਗੀਆਂ ਵਿੱਚ ਵੱਖ-ਵੱਖ ਤਰ੍ਹਾਂ ਹੁੰਦੀ ਹੈ। ਮਿਸਾਲ ਵਜੋਂ ਨਾਵਲ, ਨਾਟਕ, ਕਹਾਣੀ ਤੇ ਨਿਬੰਧ ਦਾ ਵਿਸ਼ਾ ਇੱਕ ਹੀ ਹੋ ਸਕਦਾ ਹੈ ਪਰ ਇਸ ਵਿਸ਼ੇ ਨੂੰ ਪ੍ਰਗਟਾਉਣ ਲਈ ਸਮਗਰੀ ਅਰਥਾਤ ਵਸਤੂ ਵੱਖ-ਵੱਖ ਹੋਵੇਗਾ। ਮਜ਼ਦੂਰ ਦੀ ਹਾਲਤ ਉੱਤੇ ਨਾਵਲ ਵੀ ਲਿਖਿਆ ਜਾ ਸਕਦਾ ਹੈ; ਕਹਾਣੀ, ਨਾਟਕ ਤੇ ਨਿਬੰਧ ਵੀ, ਪਰ ਜਿੱਥੇ ਨਾਵਲ ਵਿੱਚ ਮਜ਼ਦੂਰ ਦੇ ਸਮੁੱਚੇ ਜੀਵਨ ਦਾ ਸਾਂਸਕ੍ਰਿਤਕ ਪਿਛੋਕੜ ਤੇ ਉਸ ਦੇ ਆਲੇ-ਦੁਆਲੇ ਦੇ ਪ੍ਰਸੰਗ ਵਿੱਚ ਬਿਆਨ ਜਾਂ ਵਰਨਣ ਹੋਏਗਾ ਉੱਥੇ ਨਾਟਕ ਵਿੱਚ ਇਹੀ ਸਭ ਕੁਝ ਦੀ ਉਸਾਰੀ ਮਜ਼ਦੂਰ ਦੀ ਜ਼ਿੰਦਗੀ ਵਿੱਚ ਆਉਣ ਵਾਲ਼ੇ ਹੋਰ ਪਾਤਰਾਂ ਨਾਲ਼ ਉਸ ਦੇ ਵਾਰਤਾਲਾਪ ਰਾਹੀਂ ਕੀਤੀ ਜਾਏਗੀ ਤੇ ਕਹਾਣੀ ਵਿੱਚ ਉਸ ਦੇ ਜੀਵਨ ਦੇ ਕਿਸੇ ਇੱਕ ਪਹਿਲੂ ਨੂੰ ਮਾਨਸਿਕ-ਸਮਾਜਿਕ ਵਿਸ਼ੇਸ਼ਤਾ ਵਿੱਚ ਪ੍ਰਗਟ ਕੀਤਾ ਜਾਏਗਾ। ਪਰ ਨਿਬੰਧ ਵਿੱਚ ਇਸੇ ਵਿਸ਼ੇ ਬਾਰੇ ਤਰਕ-ਪੂਰਨ ਵਿਚਾਰ ਪੇਸ਼ ਕੀਤਾ ਜਾਏਗਾ। ਅਜਿਹਾ ਕਰਨ ਸਮੇਂ ਭਾਵੇਂ ਮਾਨਸਿਕਤਾ ਤੇ ਨਿੱਜੀ-ਪੁੱਠ ਨੂੰ ਛੱਡ ਨਹੀਂ ਦਿੱਤਾ ਜਾਂਦਾ ਪਰ ਮੁੱਖ ਜ਼ੋਰ ਇੱਕ ਸਿਲਸਿਲੇਵਾਰ ਵਿਚਾਰ ਉੱਤੇ ਹੁੰਦਾ ਹੈ। ਇਹੋ ਵਿਸ਼ੇਸ਼ਤਾ ਇਸ ਕਿਸਮ ਦੀ ਰਚਨਾ ਨੂੰ ਨਿਬੰਧ ਬਣਾਉਂਦੀ ਹੈ। ਸ਼ੁਰੂ-ਸ਼ੁਰੂ ਵਿੱਚ ਖ਼ਾਸ ਕਰਕੇ ਯੂਰਪ ਵਿੱਚ ਜਦੋਂ ਨਿਬੰਧ ਨਾਂ ਦੀ ਸਾਹਿਤਿਕ-ਵੰਨਗੀ ਹੋਂਦ ਵਿੱਚ ਆਈ ਸੀ ਤਾਂ ਨਿਬੰਧ ਉਸੇ ਰਚਨਾ ਨੂੰ ਕਿਹਾ ਜਾਂਦਾ ਸੀ, ਜਿਸ ਵਿੱਚ ਨਿੱਜੀ-ਰੰਗਣ ਵਧੇਰੇ ਹੁੰਦੀ ਸੀ ਪਰ ਅੱਜ-ਕੱਲ੍ਹ ਵਸਤੂ ਦੇ ਪੱਖੋਂ ਨਿਬੰਧ ਦੀ ਮੁੱਖ ਵਿਸ਼ੇਸ਼ਤਾ ਉਸ ਦਾ ਵਿਚਾਰ-ਪ੍ਰਧਾਨ ਹੋਣਾ ਹੀ ਮੰਨਿਆ ਜਾਂਦਾ ਹੈ। ਨਿੱਜੀ ਰੰਗ ਦੂਜੀ ਥਾਂ 'ਤੇ ਚਲਾ ਗਿਆ ਹੈ।

**ਸ਼ੈਲੀ:**

ਸ਼ੈਲੀ ਮੁੱਖ ਤੌਰ 'ਤੇ ਨਿੱਜੀ ਬਿਆਨ-ਢੰਗ ਨੂੰ ਹੀ ਕਿਹਾ ਜਾਂਦਾ ਹੈ, ਭਾਵੇਂ ਵੱਖ-ਵੱਖ ਸਾਹਿਤਿਕ ਵੰਨਗੀਆਂ ਅਨੁਸਾਰ ਬਿਆਨ-ਢੰਗ ਵੀ ਵੱਖ-ਵੱਖ ਹੁੰਦੇ ਹਨ ਪਰ ਨਿੱਜੀ ਗੁਣ ਸਭਨਾਂ ਥਾਂਵਾਂ ਤੇ ਨਿੱਜੀ ਹੀ ਰਹਿੰਦਾ ਹੈ। ਮਿਸਾਲ ਵਜੋਂ ਨਾਵਲ, ਨਾਟਕ, ਕਹਾਣੀ, ਵਾਰਤਕ ਆਦਿ ਦੀ ਇੱਕ ਬਾਹਰੀ ਹੋਂਦ ਹੈ। ਬਾਹਰੀ ਹੋਂਦ ਤੋਂ ਭਾਵ, ਇਹਨਾਂ ਵੰਨਗੀਆਂ ਦੀ ਬਣਤਰ, ਇਹਨਾਂ ਦਾ ਸੰਜਮ, ਘਟਨਾਵਾਂ ਜਾਂ ਵਿਚਾਰਾਂ ਦੀ ਵੱਖ਼ੋ-ਵੱਖਰੀ ਤਰਤੀਬ ਹੈ। ਇਹੋ ਸਭ ਕੁਝ ਇੱਕ ਵੰਨਗੀ ਨੂੰ ਦੂਜੀ ਵੰਨਗੀ ਤੋਂ ਵੱਖਰਿਆਉਂਦਾ ਹੈ। ਇਸੇ ਕਰਕੇ ਹੀ ਸਭ ਤਰ੍ਹਾਂ ਦੇ ਨਾਵਲ, ਚਾਹੇ ਉਹ ਕਿਸੇ ਵੀ ਸ਼ੈਲੀ ਵਿੱਚ ਲਿਖੇ ਹੋਣ, ਨਾਵਲ, ਹੀ ਅਖਵਾਉਂਦੇ ਹਨ ਤੇ ਇਸੇ ਤਰ੍ਹਾਂ ਬਾਕੀ ਸਾਹਿਤਿਕ ਵੰਨਗੀਆਂ ਵੀ। ਇਹੋ ਤੱਤ ਵਾਰਤਕ ਉੱਤੇ ਵੀ ਲਾਗੂ ਹੁੰਦਾ ਹੈ। ਉੱਪਰ ਕਈ ਤਰ੍ਹਾਂ ਦੀ ਵਾਰਤਕ ਦਾ ਜ਼ਿਕਰ ਕੀਤਾ ਗਿਆ

Downloaded from https:// www.studiestoday.com

Downloaded from https:// www.studiestoday.com



ਹੈ-ਨਿਬੰਧ ਦੀ ਵਾਰਤਕ, ਜੀਵਨੀ ਦੀ ਵਾਰਤਕ, ਸਫ਼ਰਨਾਮੇ ਦੀ ਵਾਰਤਕ, ਰੇਖਾ-ਚਿੱਤਰ ਦੀ ਵਾਰਤਕ, ਡਾਇਰੀ ਦੀ ਵਾਰਤਕ ਜਾਂ ਰਿਪੋਰਤਾਜ ਦੀ ਵਾਰਤਕ, ਪਰ ਇਹ ਸਾਰੇ ਵਾਰਤਕ-ਰੂਪ ਇੱਕੋ-ਜਿਹੇ ਨਹੀਂ ਹੁੰਦੇ। ਕੋਈ ਵਾਰਤਕ ਲੇਖਕ ਨਾ ਕੇਵਲ ਵਿਚਾਰ ਵਿਚਲੀ ਤਰਕ ਨੂੰ ਹੀ ਪਹਿਲ ਦਿੰਦਾ ਹੈ ਸਗੋਂ ਉਹ ਬੋਲੀ ਵਿਚਲੇ ਤਰਕ ਨੂੰ ਵੀ ਮੁੱਖ ਰੱਖਦਾ ਹੈ। ਅਜਿਹੇ ਵਾਰਤਕਕਾਰ ਦੀ ਰਚਨਾ ਵਿੱਚ ਵਿਆਕਰਨ ਦੇ ਪੱਖੋਂ ਕੋਈ ਫ਼ਿਕਰਾ ਬੇਤਰਤੀਬਾ ਨਹੀਂ ਹੁੰਦਾ, ਸ਼ਬਦਾਂ ਦੀ ਠੀਕ ਵਰਤੋਂ ਹੁੰਦੀ ਹੈ। ਆਮ ਤੌਰ 'ਤੇ ਵਿਗਿਆਨ ਦੇ ਵਿਸ਼ਿਆਂ ਬਾਰੇ ਲਿਖੀ ਵਾਰਤਕ ਇਸ ਲੜੀ ਵਿੱਚ ਆਉਂਦੀ ਹੈ। ਪਰ ਕਈ ਵਾਰਤਕ ਲਿਖਣ ਵਾਲੇ (ਆਮ ਤੌਰ ਤੇ ਅਜਿਹਾ ਲਿਖਣ ਵਾਲ਼ਿਆਂ ਦੀ ਗਿਣਤੀ ਹੀ ਸਭ ਤੋਂ ਵੱਧ ਹੈ) ਵਾਰਤਕ-ਰਚਨਾ ਕਰਨ ਸਮੇਂ ਕਲਪਨਾ ਗਲਪ ਜਾਂ ਵਾਰਤਾਲਾਪਾਂ ਦਾ ਸਹਾਰਾ ਵੀ ਲੈਂਦੇ ਹਨ। ਇਸ ਕਾਰਨ, ਵਾਰਤਕ ਵਿੱਚ ਵੰਨਗੀ ਦਾ ਗੁਣ ਆ ਜਾਂਦਾ ਹੈ ਤੇ ਸ਼ਾਇਦ ਇਸੇ ਕਰ ਕੇ ਕੁਝ ਵਿਦਵਾਨਾਂ ਨੇ ਨਾਵਲ, ਨਾਟਕ ਤੇ ਕਹਾਣੀ ਨੂੰ ਵੀ ਵਾਰਤਕ ਹੀ ਮੰਨਿਆ ਹੈ। ਅਸਲ ਵਿੱਚ ਉਪਰੋਕਤ ਸਾਹਿਤ-ਰੂਪਾਂ ਦਾ ਭਾਸ਼ਾ-ਮਾਧਿਅਮ ਵਾਰਤਕ ਹੈ। ਉਂਵ ਇਹਨਾਂ ਰੂਪਾਂ ਦੀ ਇੱਕ ਸੁਤੰਤਰ ਸਾਹਿਤਿਕ ਹੋਂਦ ਹੈ। ਇਹਨਾਂ ਹੋਰ ਸਾਹਿਤਿਕ ਵੰਨਗੀਆਂ ਨੂੰ ਸਹਾਇਕ ਰੂਪ ਵਿੱਚ ਵਰਤ ਕੇ ਵਾਰਤਕ ਲਿਖਣ ਵਾਲ਼ਿਆਂ ਨੇ ਹੀ ਵਾਰਤਕ ਵਿੱਚ ਵੱਖ-ਵੱਖ ਕਿਸਮ ਦੀ ਸ਼ੈਲੀ ਨੂੰ ਜਨਮ ਦਿੱਤਾ ਹੈ। ਪਰ ਇਸ ਤੋਂ ਇਲਾਵਾ ਸ਼ੈਲੀਆਂ ਦੇ ਵਖਰੇਵੇਂ ਦਾ ਇੱਕ ਹੋਰ ਕਾਰਨ ਲੇਖਕ ਦੀ ਆਪਣੀ ਮਾਨਸਿਕਤਾ ਵੀ ਹੈ ਅਰਥਾਤ ਲੇਖਕ ਇੱਕੋ ਹੀ ਵਾਰਤਕ-ਰਚਨਾ ਵਿੱਚ ਖ਼ਾਸ ਕਿਸਮ ਦੇ ਸ਼ਬਦਾਂ ਜਾਂ ਵਾਕਾਂਸ਼ਾਂ ਦਾ ਦੁਹਰਾਅ ਜਾਂ ਵਰਤੋਂ ਕਰਦਾ ਹੈ; ਇੱਕੋ ਹੀ ਸ਼ਬਦ ਨੂੰ ਉਸ ਦੇ ਅਰਥਾਂ ਦੇ ਵਿਸਤਾਰ ਮੁਤਾਬਕ ਵਰਤਦਾ ਹੈ; ਵਾਕ ਲੰਮੇ ਜਾਂ ਛੋਟੇ ਬਣਾਉਂਦਾ ਹੈ; ਗੱਲ ਨੂੰ ਸਿੱਧੇ ਜਾਂ ਲੁਕਵੇਂ ਢੰਗ ਨਾਲ ਅਰਥਾਤ ਬਿੰਬਾਂ, ਅਲੰਕਾਰਾਂ ਰਾਹੀਂ ਕਹਿੰਦਾ ਹੈ। ਇੰਵ ਹੀ ਵੱਖ-ਵੱਖ ਲੇਖਕਾਂ ਦਾ ਆਪਣਾ-ਆਪਣਾ ਲਿਖਣ ਢੰਗ ਹੈ। ਇਹੋ ਲਿਖਣ ਢੰਗ ਸ਼ੈਲੀ ਅਖਵਾਉਂਦਾ ਹੈ। ਵਿਦਿਆਰਥੀ ਇਸ ਪਾਠ-ਪੁਸਤਕ ਵਿੱਚ ਵੱਖ-ਵੱਖ ਕਿਸਮ ਦੀ ਵਾਰਤਕ-ਸ਼ੈਲੀ ਨੂੰ ਪਛਾਣ ਸਕਣਗੇ।

**ਮਨੋਰਥ :**

ਹਰ ਸਾਹਿਤਿਕ ਰਚਨਾ ਦਾ ਕੋਈ ਮਨੋਰਥ ਹੁੰਦਾ ਹੈ। ਨਿਰਾਰਥਕ ਜਾਂ ਮੰਤਵਹੀਣ ਕਹੀਆਂ ਜਾਂਦੀਆਂ ਰਚਨਾਵਾਂ ਦਾ ਵੀ ਕੋਈ ਮੰਤਵ ਹੁੰਦਾ ਹੈ। ਹੋਰ ਤਾਂ ਹੋਰ ਜੇ ਉਹ ਪਾਠਕ ਨੂੰ ਕੋਈ ਸੇਧ ਜਾਂ ਅਗਵਾਈ ਨਹੀਂ ਦਿੰਦੀਆਂ ਤਾਂ ਉਸ ਨੂੰ ਕਿਸੇ ਸੇਧ ਵਿੱਚ ਜਾਣ ਜਾਂ ਉਸਾਰੂ ਪ੍ਰੇਰਨਾ ਗ੍ਰਹਿਣ ਕਰਨ ਵਿੱਚ ਰੋਕ ਜ਼ਰੂਰ ਬਣਦੀਆਂ ਹਨ। ਇੰਵ ਇਹ ਵੀ ਕੋਈ ਮਨੋਰਥ ਹੀ ਹੁੰਦਾ ਹੈ। ਸੰਸਾਰ ਵਿੱਚ ਦਿਮਾਗ਼ੀ ਅੱਯਾਸ਼ੀ ਜਾਂ ਕਾਮ-ਰੁਚੀਆਂ ਨੂੰ ਉਕਸਾਉਣ ਵਾਲਾ ਤੇ ਜਾਸੂਸੀ ਕਿਸਮ ਦਾ ਸਾਹਿਤ ਜਨਤਾ ਨੂੰ ਕੁਰਾਹੇ ਪਾਉਂਦਾ ਹੈ। ਇਸ ਪਿੱਛੇ ਵੀ

Downloaded from https:// www.studiestoday.com

Downloaded from https:// www.studiestoday.com



ਇੱਕ ਸੋਚੀ-ਸਮਝੀ ਚਾਲ (ਕਿਸੇ ਇੱਕ ਸ਼੍ਰੇਣੀ ਦੀ) ਕੰਮ ਕਰ ਰਹੀ ਹੁੰਦੀ ਹੈ। ਇੰਵ ਅਜਿਹੇ ਸਾਹਿਤ ਦਾ ਮੰਤਵ ਚੰਗੇ-ਭਲੇ ਮਨੁੱਖ ਨੂੰ ਕੁਰਾਹੇ ਪਾਉਣ ਦਾ ਹੋਇਆ।

ਹੋਰ ਸਾਹਿਤਿਕ ਵੰਨਗੀਆਂ ਵਾਂਗ ਵਾਰਤਕ ਦਾ ਵੀ ਇੱਕ ਮਨੋਰਥ ਹੈ। ਫ਼ਰਕ ਕੇਵਲ ਇੰਨਾ ਹੈ ਕਿ ਰਚਨਾ ਦੇ ਆਪਣੇ ਸੰਜਮ ਤੇ ਬਣਤਰ ਅਨੁਸਾਰ ਇਸ ਮਨੋਰਥ ਨੂੰ ਪ੍ਰਗਟ ਕਿਵੇਂ ਕੀਤਾ ਜਾਂਦਾ ਹੈ। ਜਿਥੇ ਨਾਵਲ, ਨਾਟਕ ਜਾਂ ਕਹਾਣੀ ਵਿੱਚ ਘਟਨਾ ਜਾਂ ਸਮੁੱਚੇ ਵਸਤੂ ਨੂੰ ਇੰਵ ਉਸਾਰਿਆ ਜਾਂਦਾ ਹੈ ਕਿ ਉਸ ਵਿੱਚ ਪ੍ਰਗਟ ਕੀਤਾ ਜਾਣ ਵਾਲਾ ਮਨੋਰਥ ਸਿੱਧਾ ਪ੍ਰਗਟ ਨਹੀਂ ਹੁੰਦਾ ਸਗੋਂ ਪਾਠਕ ਖ਼ੁਦ ਉਸ ਤਾਣੇ-ਬਾਣੇ ਦਾ ਭਾਗ ਬਣ ਕੇ ਪੇਸ਼ ਕੀਤੇ ਗਏ ਵਸਤੂ ਵਿੱਚੋਂ ਅਸਲੀ ਮਨੋਰਥ ਲੱਭਦਾ ਹੈ, ਉੱਥੇ ਵਾਰਤਕ-ਰਚਨਾ ਵਿੱਚ ਇਹ ਮਨੋਰਥ ਸਪਸ਼ਟ ਹੁੰਦਾ ਹੈ ਤੇ ਇਸ ਦੀ ਉਸਾਰੀ ਵਿਰੋਧੀ ਤੇ ਸਮਰਥਕ ਵਿਚਾਰਾਂ ਦੀ ਸਿਲਸਿਲੇਵਾਰ ਪਰਸਪਰ ਟੱਕਰ ਰਾਹੀਂ ਕੀਤੀ ਜਾਂਦੀ ਹੈ। ਇੰਵ ਪਾਠਕ ਕਿਸੇ ਤੱਥ ਦੇ ਦੋਵੇਂ-ਹਾਂ-ਪੱਖੀ ਤੇ ਨਾਂਹ-ਪੱਖੀ ਪਹਿਲੂਆਂ ਬਾਰੇ ਜਾਣਕਾਰੀ ਪ੍ਰਾਪਤ ਕਰਦਾ ਹੋਇਆ ਤੇ ਉਹਨਾਂ ਤੱਥਾਂ ਨੂੰ ਸਵੀਕਾਰਦਾ ਜਾਂ ਨਕਾਰਦਾ ਹੋਇਆ ਕੋਈ ਅੰਤਿਮ ਰਾਏ ਬਣਾਉਣ ਦੇ ਕਾਬਲ ਹੁੰਦਾ ਹੈ। ਸ਼ਾਇਦ ਇਸੇ ਕਰਕੇ ਵਾਰਤਕ ਵਿੱਚ ਭਾਵਕਤਾ ਦੀ ਕੋਈ ਬਹੁਤੀ ਥਾਂ ਨਹੀਂ ਕਿਉਂ ਜੁ ਭਾਵਕਤਾ-ਵੱਸ ਹੋ ਕੇ ਪਾਠਕ ਇੱਕ ਪਾਸੜ ਰਵੱਈਆ ਅਖ਼ਤਿਆਰ ਕਰ ਸਕਦਾ ਹੈ ਤੇ ਵਾਰਤਕ ਦਾ ਮਨੋਰਥ ਪਾਠਕ ਨੂੰ ਜੀਵਨ ਬਾਰੇ ਇੱਕ ਸੰਤੁਲਿਤ ਰਵੱਈਆ ਅਪਣਾਉਣ ਵੱਲ ਪ੍ਰੇਰਿਤ ਕਰਨਾ ਹੁੰਦਾ ਹੈ।

## ਚੰਗੀ ਵਾਰਤਕ ਕਿਹੜੀ ਹੁੰਦੀ ਹੈ?

ਉਪਰੋਕਤ ਤੱਤਾਂ ਤੋਂ ਹੀ ਇਹ ਨਿਸਚਿਤ ਕੀਤਾ ਜਾ ਸਕਦਾ ਹੈ ਕਿ ਚੰਗੀ ਵਾਰਤਕ ਕਿਹੜੀ ਹੁੰਦੀ ਹੈ? ਉੱਪਰ ਦਿੱਤੇ ਤਿੰਨਾਂ ਤੱਤਾਂ ਦੇ ਬਾਵਜੂਦ ਵੀ ਕੋਈ ਰਚਨਾ ਚੰਗੀ ਜਾਂ ਮਾੜੀ ਹੋ ਸਕਦੀ ਹੈ ਪਰ ਫੇਰ ਵੀ ਇਹ ਜ਼ਰੂਰ ਸੋਚਿਆ ਜਾ ਸਕਦਾ ਹੈ ਕਿ ਇੱਕ ਚੰਗੀ ਵਾਰਤਕ ਦੇ ਕੀ ਗੁਣ ਹੁੰਦੇ ਹਨ? ਮਿਸਾਲ ਵਜੋਂ ਉਹ ਵਾਰਤਕ ਚੰਗੀ ਹੈ ਜਿਸ ਵਿੱਚ:

(ੳ) ਵਿਸ਼ੇ ਦੇ ਅਨੁਕੂਲ ਵਸਤੂ ਨੂੰ ਉਸਾਰਿਆ ਗਿਆ ਹੋਵੇ।

(ਅ) ਵਸਤੂ ਦੀ ਸਾਰੀ ਸਮਗਰੀ ਵਿਚਲੇ ਤੱਥ, ਘਟਨਾਵਾਂ ਦੀ ਲੜੀ ਇੱਕ ਸਿਲਸਿਲੇ ਵਿੱਚ ਬੰਨ੍ਹੀ ਹੋਈ ਹੋਵੇ।

(ੲ) ਉਪਰੋਕਤ ਦੋਂਹਾਂ ਗੁਣਾਂ ਦੇ ਅਨੁਕੂਲ ਵਰਤੀ ਗਈ ਬੋਲੀ ਸਪਸ਼ਟ ਹੋਵੇ।

Downloaded from https:// www.studiestoday.com

Downloaded from https:// www.studiestoday.com



(ਸ) ਰਚਨਾ ਵਿੱਚ ਵਰਤੀ ਗਈ ਭਾਸ਼ਾ ਵਿਆਕਰਨਿਕ ਪੱਖੋਂ ਠੀਕ ਹੋਵੇ। ਵਿਆਕਰਨਿਕ ਪੱਖੋਂ ਸ਼ੁੱਧ ਭਾਸ਼ਾ ਦਾ ਅਰਥ ਕਿਸੇ ਕ੍ਰਮ-ਬੱਧ ਅਰਥਾਤ ਪੰਜਾਬੀ ਦੇ ਸੰਬੰਧ ਵਿੱਚ ਕਰਤਾ, ਕਰਮ, ਕਿਰਿਆ ਦੀ ਬਾਤਰਤੀਬ ਵਰਤੋਂ ਤੋਂ ਨਹੀਂ ਸਗੋਂ ਜੇ ਕੋਈ ਸਥਾਨਿਕ ਰੰਗਣ ਦੀ ਵਰਤੋਂ ਹੁੰਦੀ ਹੈ ਤਾਂ ਵਾਰਤਕ ਵਿੱਚ ਉਸੇ ਸਥਾਨਿਕ ਰੰਗਣ ਨੂੰ (ਜਿਵੇਂ ਉਸ ਸਥਾਨ ਦੇ ਲੋਕ ਬੋਲਦੇ ਹਨ) ਉਸੇ ਅਨੁਕੂਲ ਪ੍ਰਗਟ ਕੀਤਾ ਗਿਆ ਹੋਵੇ।

(ਹ) ਵੱਡੇ-ਵੱਡੇ ਜਾਂ ਔਖੇ ਸ਼ਬਦ ਕਿਸੇ ਵਾਰਤਕ-ਰਚਨਾ ਦਾ ਗੁਣ ਨਹੀਂ, ਔਗੁਣ ਹੁੰਦੇ ਹਨ। ਸੰਸਾਰ ਦੀ ਕੋਈ ਭਾਸ਼ਾ ਅਜਿਹੀ ਨਹੀਂ ਜਿਸ ਵਿੱਚ ਸਧਾਰਨ ਤੋਂ ਸਧਾਰਨ ਢੰਗ ਨਾਲ ਕੋਈ ਗੱਲ, ਵਿਚਾਰ ਜਾਂ ਚਿੰਤਨ ਨਾ ਪ੍ਰਗਟ ਕੀਤਾ ਜਾ ਸਕੇ। ਗੁੰਝਲਦਾਰ ਵਾਕ-ਬਣਤਰ ਜਾਂ ਔਖੀ ਸ਼ਬਦਾਵਲੀ ਅਸਲ ਵਿੱਚ ਲਿਖਣ ਵਾਲੇ ਦੀ ਆਪਣੀ ਮਾਨਸਿਕਤਾ ਨੂੰ ਪ੍ਰਗਟ ਕਰਦੀ ਹੈ। ਅਸਲ ਵਿੱਚ ਕੋਈ ਰਚਨਾ ਉਦੋਂ ਹੀ ਗੁੰਝਲਦਾਰ ਤੇ ਅਸਪਸ਼ਟ ਹੁੰਦੀ ਹੈ, ਜਦੋਂ ਰਚਨਾ ਕਰਨ ਵਾਲਾ ਆਪ ਉਸ ਬਾਰੇ ਸਪਸ਼ਟ ਨਾ ਹੋਵੇ। ਕੋਈ ਵਿਚਾਰ ਜਾਂ ਸੰਕਲਪ ਬੋਲੀ ਤੋਂ ਬਿਨਾਂ ਤਾਂ ਸੋਚਿਆ ਹੀ ਨਹੀਂ ਜਾ ਸਕਦਾ। ਇਸੇ ਲਈ ਜਿਹੋ-ਜਿਹਾ ਸਪਸ਼ਟ ਵਿਚਾਰ ਲੇਖਕ ਦੇ ਜ਼ਿਹਨ ਵਿੱਚ ਹੋਵੇਗਾ, ਉਸ ਦਾ ਉਹੋ-ਜਿਹਾ ਭਾਸ਼ਾ-ਰੂਪ ਪ੍ਰਗਟ ਹੋਵੇਗਾ। ਮੋਟੇ ਤੌਰ 'ਤੇ ਇਹੋ ਗੁਣ ਇੱਕ ਚੰਗੀ ਵਾਰਤਕ ਦੀ ਕਸਵੱਟੀ ਹੁੰਦੇ ਹਨ।

## ਪੰਜਾਬੀ ਵਿੱਚ ਵਾਰਤਕ

ਪੰਜਾਬੀ ਕਵਿਤਾ ਵਾਂਗ ਪੰਜਾਬੀ ਵਾਰਤਕ ਦਾ ਇਤਿਹਾਸ ਬੜਾ ਪੁਰਾਣਾ ਹੈ। ਲਿਖਤੀ ਰੂਪ ਵਿੱਚ ਵਾਰਤਕ ਗੁਰੂ-ਕਾਲ ਵਿੱਚ ਹੀ ਲਿਖੀ ਜਾਣੀ ਸ਼ੁਰੂ ਹੋ ਗਈ ਸੀ। ਸੋਲ੍ਹਵੀਂ ਸਦੀ ਦੇ ਪਹਿਲੇ ਅੱਧ ਤੋਂ ਲੈ ਕੇ ਉੱਨ੍ਹੀਵੀਂ ਸਦੀ ਦੇ ਅੱਧ ਤੱਕ ਦੇ ਸਮੇਂ ਵਿੱਚ ਜਿਹੜੀ ਵਾਰਤਕ ਸਾਨੂੰ ਮਿਲਦੀ ਹੈ ਉਹ ਮੁੱਖ ਤੌਰ 'ਤੇ ਸਾਖੀਆਂ ਦੇ ਰੂਪ ਵਿੱਚ ਹੈ। ਅਜਿਹੀ ਪਹਿਲੀ ਵਾਰਤਕ ਰਚਨਾ 'ਪੁਰਾਤਨ ਜਨਮ ਸਾਖੀ' ਹੈ ਜੋ ਗੁਰੂ ਨਾਨਕ ਦੇਵ ਜੀ ਦੇ ਜੀਵਨ ਬਾਰੇ ਹੈ। ਇਸ ਪੁਸਤਕ ਵਿੱਚ ਸੰਸਕ੍ਰਿਤ ਤੇ ਫ਼ਾਰਸੀ ਦੀ ਪੁਰਾਤਨ ਵਾਰਤਕ ਵਾਂਗ ਕਹਾਣੀਆਂ, ਗੋਸ਼ਟਾਂ, ਵਿਆਖਿਆਵਾਂ ਤੇ ਕਲਪਿਤ ਦ੍ਰਿਸ਼ਾਂ ਦੇ ਵਰਨਣ ਦੇ ਸਭ ਰੰਗ ਮਿਲਦੇ ਹਨ। ਮੋਟੇ ਤੌਰ 'ਤੇ ਇਸ ਕਾਲ ਦੀ ਵਾਰਤਕ ਵਿੱਚ ਜਨਮ-ਸਾਖੀਆਂ, ਬਚਨ, ਪਰਚੀਆਂ ਆਦਿ ਵਾਰਤਕ ਰੂਪ ਮਿਲਦੇ ਹਨ। ਉੱਨ੍ਹੀਵੀਂ ਸਦੀ ਦੇ ਪਹਿਲੇ ਅੱਧ ਵਿੱਚ ਜਦੋਂ ਕਿ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸੀ, ਗੁਰਬਾਣੀ ਦੇ ਕੁਝ ਭਾਗਾਂ ਦੇ ਟੀਕੇ ਵੀ ਵਾਰਤਕ ਵਿੱਚ ਕੀਤੇ ਗਏ। ਮਿਸਾਲ ਵਜੋਂ 'ਅੰਜੀਲ ਦੇ ਇੱਕ ਭਾਗ ਦਾ

Downloaded from https:// www.studiestoday.com

Downloaded from https:// www.studiestoday.com



ਅਨੁਵਾਦ 1815 ਵਿੱਚ ਹੋ ਚੁੱਕਾ ਸੀ ਤੇ ਇਸੇ ਤਰ੍ਹਾਂ 'ਅਦਲੇ ਅਕਬਰੀ' ਤੇ 'ਅਕਬਰਨਾਮਾ' ਆਦਿ ਫ਼ਾਰਸੀ ਪੁਸਤਕਾਂ ਦੇ ਕੁਝ ਭਾਗਾਂ ਦਾ ਅਨੁਵਾਦ ਵੀ ਇਸ ਸਮੇਂ ਹੋ ਗਿਆ ਸੀ।

ਸਦੀ ਦੇ ਦੂਜੇ ਅੱਧ ਤੋਂ ਵੀਹਵੀਂ ਸਦੀ ਦੇ ਪਹਿਲੇ ਦੋ-ਤਿੰਨ ਦਹਾਕਿਆਂ ਵਿੱਚ ਢੇਰ ਸਾਰੀ ਵਾਰਤਕ-ਰਚਨਾ ਹੋਈ। ਇਸ ਕਾਲ ਦੀ ਵਾਰਤਕ ਵਿੱਚ ਗੁਰਬਾਣੀ ਦੇ ਟੀਕਿਆਂ ਜਾਂ ਸਿੱਖ ਧਰਮ ਨਾਲ ਸੰਬੰਧਿਤ ਰਚਨਾਵਾਂ ਦੀ ਪ੍ਰਧਾਨਤਾ ਹੈ। ਗਿਆਨੀ ਗਿਆਨ ਸਿੰਘ, ਭਾਈ ਦਿੱਤ ਸਿੰਘ, ਆਦਿ ਨੇ ਸਿੱਖੀ ਅਸੂਲਾਂ ਦਾ ਪ੍ਰਸਾਰ ਤੇ ਵਿਆਖਿਆ ਕਰਨ ਦੇ ਨਾਲ-ਨਾਲ ਸਿੱਖ-ਧਰਮ ਤੇ ਖ਼ਾਸ ਕਰਕੇ ਖ਼ਾਲਸਾ-ਪੰਥ ਦਾ ਇਤਿਹਾਸ ਲਿਖਿਆ। ਇਹਨਾਂ ਦੀ ਬੋਲੀ ਉੱਤੇ ਪੁਰਾਤਨ ਪੰਜਾਬੀ ਤੇ ਬ੍ਰਿਜ ਭਾਸ਼ਾ ਦਾ ਖ਼ਾਸ ਅਸਰ ਹੈ। ਇਸ ਵੇਲੇ ਤੱਕ (ਭਾਵ 1849 ਈਸਵੀ ਤੱਕ) ਅੰਗਰੇਜ਼ ਪੰਜਾਬ ਉੱਤੇ ਆਪਣਾ ਰਾਜ੍ਹ ਪੂਰੀ ਤਰ੍ਹਾਂ ਕਾਇਮ ਕਰ ਚੁੱਕੇ ਸਨ ਤੇ ਉਹਨਾਂ ਨੇ ਪੰਜਾਬ ਵਿੱਚ ਆਪਣੀਆਂ ਜੜ੍ਹਾਂ ਪੱਕੀਆਂ ਕਰਨ ਲਈ ਪੰਜਾਬੀ ਸੰਸਕ੍ਰਿਤੀ ਵਿੱਚ ਘੁਸ-ਪੈਠ ਕਰਨੀ ਅਰੰਭ ਕਰ ਦਿੱਤੀ ਸੀ। ਸਿੱਟੇ ਵੱਜੋਂ ਉਹਨਾਂ ਨੇ ਅੰਗਰੇਜ਼ੀ ਦੀ ਤਾਲੀਮ ਦੇਣ ਵਾਸਤੇ ਕਈ ਸਕੂਲ ਖੋਲ੍ਹੇ ਤੇ ਈਸਾਈ ਮਿਸ਼ਨ ਨੂੰ ਆਮ ਲੋਕਾਂ ਤੱਕ ਪਹੁੰਚਾਣ ਲਈ ਬਾਈਬਲ ਦਾ ਅਨੁਵਾਦ ਪੰਜਾਬੀ ਵਿੱਚ ਕਰਵਾਇਆ। ਈਸਾਈ ਮਿਸ਼ਨ ਦੇ ਪ੍ਰਭਾਵ ਨੂੰ ਰੋਕਣ ਲਈ ਹੀ ਪੰਜਾਬੀਆਂ ਨੇ ਜਿੱਥੇ ਰਾਜਨੀਤਿਕ ਪੱਧਰ ਉੱਤੇ ਮਾੜੇ-ਮੋਟੇ ਉੱਦਮ ਕਰਨ ਦੇ ਜਤਨ ਅਰੰਭੇ ਉੱਥੇ ਆਪਣੇ ਵਿਰਸੇ ਨੂੰ ਫਰੋਲਿਆ ਤੇ ਸਿੱਟੇ ਵੱਜੋਂ ਸਿੱਖੀ-ਅਸੂਲਾਂ ਅਤੇ ਗੁਰਬਾਣੀ ਨਾਲ ਸੰਬੰਧਿਤ ਬਹੁਤ ਸਾਰਾ ਸਾਹਿਤ ਰਚਿਆ। ਇਹ ਜਤਨ ਭਾਈ ਵੀਰ ਸਿੰਘ ਤੱਕ ਜਾਰੀ ਰਿਹਾ। ਇਸ ਦੇ ਨਾਲ ਹੀ ਅੰਗਰੇਜ਼ੀ ਵਿੱਚ ਵਿਕਾਸ ਕਰ ਚੁੱਕੀ ਵਾਰਤਕ ਦੇ ਸੁਤੰਤਰ ਅਨੁਵਾਦ ਵੀ ਕੀਤੇ ਗਏ, ਜਿਨ੍ਹਾਂ ਵਿੱਚੋਂ ਭਾਈ ਮੋਹਨ ਸਿੰਘ ਵੈਦ ਦੁਆਰਾ ਕੀਤਾ 'ਬੇਕਨ' ਦੇ ਨਿਬੰਧਾਂ ਦਾ ਅਨੁਵਾਦ ਵਰਨਣਯੋਗ ਹੈ। ਇਸ ਸਮੇਂ 'ਐਮਰਸਨ' ਦੇ ਨਿਬੰਧਾਂ ਦਾ ਅਨੁਵਾਦ ਵੀ ਹੋਇਆ ਤੇ ਕੁਝ ਅਨੁਵਾਦ ਉਰਦੂ ਨਿਬੰਧਾਂ ਦੇ ਵੀ ਕੀਤੇ ਗਏ।

ਇਸ ਕਾਲ ਵਿੱਚ ਭਾਈ ਮੋਹਨ ਸਿੰਘ ਵੈਦ ਤੋਂ ਇਲਾਵਾ ਜੋਗੀ ਸ਼ਿਵ ਨਾਥ, ਭਾਈ ਬਿਸ਼ਨ ਦਾਸ ਪੁਰੀ ਤੇ ਜੀ.ਬੀ. ਸਿੰਘ ਦੇ ਨਾਂ ਵਿਸ਼ੇਸ਼ ਤੌਰ 'ਤੇ ਲਏ ਜਾ ਸਕਦੇ ਹਨ।

ਇੰਞ ਵੀਹਵੀਂ ਸਦੀ ਦੇ ਪਹਿਲੇ ਦਹਾਕਿਆਂ ਵਿੱਚ ਵੀ ਅੰਗਰੇਜ਼ੀ ਵਾਰਤਕ ਦਾ ਵਿਕਾਸ ਕਰ ਚੁੱਕਾ ਨਿਬੰਧ-ਰੂਪ ਪੰਜਾਬੀ ਵਿੱਚ ਵੀ ਅਪਣਾ ਲਿਆ ਗਿਆ।

ਮੁੱਢ ਵਿੱਚ ਪੰਡਤ ਸ਼ਰਧਾ ਰਾਮ ਫਿਲੌਰੀ, ਭਾਈ ਵੀਰ ਸਿੰਘ, ਡਾ. ਬਲਬੀਰ ਸਿੰਘ, ਡਾ. ਸ਼ੇਰ ਸਿੰਘ ਤੇ ਸਰਦੂਲ ਸਿੰਘ ਕਵੀਸ਼ਰ ਆਦਿ ਨੇ ਪੰਜਾਬੀ ਵਾਰਤਕ ਨੂੰ ਵਿਕਾਸ ਦੀਆਂ ਲੀਹਾਂ ਉੱਤੇ ਪਾਇਆ।

Downloaded from https:// www.studiestoday.com

Downloaded from https:// www.studiestoday.com



ਇਸ ਪਿੱਛੋਂ ਪੰਜਾਬੀ ਵਾਰਤਕ ਦੇ ਖੇਤਰ ਵਿੱਚ ਉਹ ਲੇਖਕ ਆਏ ਜੋ ਕਾਫ਼ੀ ਪੜ੍ਹੇ ਲਿਖੇ ਸਨ ਤੇ ਜਿਨ੍ਹਾਂ ਨੇ ਅੰਗਰੇਜ਼ੀ ਤੋਂ ਇਲਾਵਾ ਹੋਰਨਾਂ ਜ਼ਬਾਨਾਂ ਦਾ ਵੀ ਕਾਫ਼ੀ ਸਾਹਿਤ ਪੜ੍ਹਿਆ ਹੋਇਆ ਸੀ। ਅਜਿਹੇ ਲੇਖਕਾਂ ਵਿੱਚ ਪ੍ਰੋ. ਪੂਰਨ ਸਿੰਘ, ਗੁਰਬਖ਼ਸ਼ ਸਿੰਘ (ਪ੍ਰੀਤਲੜੀ), ਲਾਲ ਸਿੰਘ ਕਮਲਾ ਅਕਾਲੀ, ਪ੍ਰਿੰਸੀਪਲ ਤੇਜਾ ਸਿੰਘ, ਪ੍ਰੋ. ਸਾਹਿਬ ਸਿੰਘ, ਡਾ. ਮਹਿੰਦਰ ਸਿੰਘ ਰੰਧਾਵਾ, ਸ. ਸੂਬਾ ਸਿੰਘ ਤੇ ਹੋਰ ਬਹੁਤ ਸਾਰੇ ਲੇਖਕ ਆ ਜਾਂਦੇ ਹਨ। ਇਹਨਾਂ ਵਿੱਚੋਂ ਬਹੁਤੇ ਲੇਖਕਾਂ ਨੇ ਨਾ ਕੇਵਲ ਬਾਹਰਲੇ ਦੇਸਾਂ ਦਾ ਸਾਹਿਤ ਹੀ ਪੜ੍ਹਿਆ ਸੀ ਸਗੋਂ ਇਹ ਖ਼ੁਦ ਵੀ ਬਾਹਰਲੇ ਦੇਸਾਂ ਵਿੱਚ ਘੁੰਮੇ-ਫਿਰੇ ਸਨ। ਇਹੋ ਕਾਰਨ ਹੈ ਕਿ ਇਹਨਾਂ ਦੀ ਵਾਰਤਕ, ਅਨੁਭਵ ਤੇ ਸ਼ੈਲੀ ਦੇ ਪੱਖੋਂ ਬਹੁਤ ਅਮੀਰ ਹੈ।

ਜਿਸ ਵਾਰਤਕ-ਰੂਪ ਨੂੰ ਅਸੀਂ ਹੁਣ ਸਾਹਿਤਿਕ-ਹੋਂਦ ਵਜੋਂ ਸਵੀਕਾਰਦੇ ਹਾਂ ਉਸ ਨੂੰ ਇਹ ਹਸਤੀ ਦਿਵਾਉਣ ਵਿੱਚ ਉਪਰੋਕਤ ਸਾਹਿਤਕਾਰਾਂ ਦਾ ਹੀ ਹਿੱਸਾ ਹੈ ਤੇ ਇਸ ਦਾ ਸੁਤੰਤਰ ਮੂੰਹ-ਮੁਹਾਂਦਰਾ ਵੀਹਵੀਂ ਸਦੀ ਵਿੱਚ ਵੀ ਬਣਿਆ ਹੈ।

ਇਸ ਵੇਲ਼ੇ ਤੱਕ ਪੰਜਾਬੀ ਵਾਰਤਕ ਦੇ ਵਿਭਿੰਨ ਰੂਪ ਪੂਰੀ ਤਰ੍ਹਾਂ ਵਿਕਸਿਤ ਹੋ ਚੁੱਕੇ ਸਨ। ਨਾਵਲ, ਨਾਟਕ, ਕਹਾਣੀ ਤੋਂ ਇਲਾਵਾ ਨਿਰੋਲ ਵਾਰਤਕ ਦੀਆਂ ਹੀ ਵਿਭਿੰਨ ਵੰਨਗੀਆਂ ਆਪਣੀ ਨਿਵੇਕਲੀ ਹਸਤੀ ਬਣਾ ਚੁੱਕੀਆਂ ਹਨ। ਵਿਚਾਰਤਮਿਕ, ਆਲੋਚਨਾਤਮਿਕ ਤੇ ਦਾਰਸ਼ਨਿਕ ਨਿਬੰਧ, ਪ੍ਰਬੰਧ, ਗੰਭੀਰ ਤੇ ਹਲ਼ਕੇ-ਫੁਲਕੇ ਲੇਖ, ਜੀਵਨੀਆਂ, ਸਫ਼ਰਨਾਮੇ, ਯਾਦਾਂ, ਰਿਪੋਰਤਾਜ, ਡਾਇਰੀਆਂ, ਰੇਖਾ-ਚਿੱਤਰ ਤੇ ਹੋਰ ਕਿੰਨੇ ਹੀ ਵਾਰਤਕ-ਰੂਪ ਪੰਜਾਬੀ ਵਿੱਚ ਆਪਣੀ ਪਰੰਪਰਾ ਕਾਇਮ ਕਰ ਚੁੱਕੇ ਹਨ।

ਇਸ ਸੰਗ੍ਰਹਿ ਵਿੱਚ ਵੀਹਵੀਂ ਸਦੀ ਦੇ ਪ੍ਰਾਰੰਭ ਤੋਂ ਲੈ ਕੇ ਅਜੋਕੇ ਕਾਲ ਤੱਕ ਦੇ ਪ੍ਰਮੁੱਖ ਵਾਰਤਕਾਰਾਂ ਦੀਆਂ ਵਿਸ਼ੇਸ਼ ਰਚਨਾਵਾਂ ਨੂੰ ਸ਼ਾਮਲ ਕਰਨ ਦੀ ਕੋਸ਼ਸ਼ ਕੀਤੀ ਗਈ ਹੈ ਤਾਂ ਜੋ ਵਿਦਿਆਰਥੀਆਂ ਨੂੰ ਪੰਜਾਬੀ ਵਾਰਤਕ ਦੇ ਵਿਕਾਸ ਦੀ ਪੂਰੀ ਝਲਕ ਸਮਝ ਆ ਸਕੇ। ਮਨੁੱਖ ਦੇ ਜੀਵਨ ਨਾਲ ਸੰਬੰਧਿਤ ਸਮਾਜਿਕ ਸਰੋਕਾਰਾਂ ਦੇ ਨਜ਼ਰੀਏ ਤੋਂ ਇਹ ਨਿਬੰਧ ਵਿਦਿਆਰਥੀਆਂ ਨੂੰ ਚੰਗੇਰੇ ਸਮਾਜ ਦੇ ਸੁਪਨੇ ਸਾਕਾਰ ਕਰਨ ਲਈ ਉਤਸ਼ਾਹਤ ਕਰਨਗੇ। ਇਹਨਾਂ ਨਿਬੰਧਕਾਰਾਂ ਵਿੱਚ ਗਿਆਨੀ ਦਿੱਤ ਸਿੰਘ, ਪ੍ਰਿੰ. ਤੇਜਾ ਸਿੰਘ, ਸ. ਗੁਰਬਖਸ਼ ਸਿੰਘ, ਡਾ. ਬਲਬੀਰ ਸਿੰਘ, ਸ. ਕਪੂਰ ਸਿੰਘ, ਪ੍ਰੋ. ਪਿਆਰਾ ਸਿੰਘ ਪਦਮ, ਗਿਆਨੀ ਗੁਰਦਿੱਤ ਸਿੰਘ ਤੇ ਡਾ. ਨਰਿੰਦਰ ਸਿੰਘ ਕਪੂਰ ਸ਼ਾਮਲ ਹਨ।

Downloaded from https:// www.studiestoday.com

Downloaded from https:// www.studiestoday.com

# ਗਿਆਨੀ ਦਿੱਤ ਸਿੰਘ

(1853-1901)

ਗਿਆਨੀ ਦਿੱਤ ਸਿੰਘ ਦਾ ਜਨਮ ਪਿੰਡ ਨੰਦਪੁਰ ਕਲੌੜ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ ਵਿੱਚ ਹੋਇਆ। ਆਪ ਜੀ ਨੇ ਪੰਡਤਾਂ ਤੇ ਗਿਆਨੀਆਂ ਤੋਂ ਵਿੱਦਿਆ ਪ੍ਰਾਪਤ ਕੀਤੀ। ਓਰੀਐਂਟਲ ਕਾਲਜ ਲਾਹੌਰ ਵਿੱਚ ਆਪ ਅਧਿਆਪਕ ਰਹੇ ਤੇ ਖ਼ਾਲਸਾ ਅਖ਼ਬਾਰ ਦੇ ਐਡੀਟਰ ਵੀ ਰਹੇ।

ਗਿਆਨੀ ਦਿੱਤ ਸਿੰਘ ਜੀ ਦੀ ਜ਼ਬਾਨ ਸੁਥਰੀ, ਸਾਦਾ ਤੇ ਮਨਮੋਹਣੀ ਹੈ। ਵਰਨਣ ਕਰਨ ਦਾ ਢੰਗ ਬਹੁਤ ਸੁਆਦਲਾ ਹੈ। ਆਪ ਦੀ ਵਾਰਤਕ ਉੱਨ੍ਹੀਵੀਂ ਸਦੀ ਦੀ ਪੰਜਾਬੀ ਦਾ ਵਧੀਆ ਨਮੂਨਾ ਹੈ। ਆਪ ਦੀਆਂ ਪ੍ਰਸਿੱਧ ਪੁਸਤਕਾਂ ਹਨ– 'ਮੇਰਾ ਤੇ ਸਾਧੂ ਦਯਾ ਨੰਦ ਦਾ ਸੰਬਾਦ', 'ਦੰਭ ਵਿਦਾਰਨ', 'ਗੁੱਗਾ ਗਪੌੜਾ', 'ਦੁਰਗਾ ਪ੍ਰਬੋਧ', 'ਰਾਜ ਪ੍ਰਬੰਧ ਨਾਟਕ', 'ਜਨਮ ਸਾਖੀ ਸ੍ਰੀ ਗੁਰੂ ਨਾਨਕ ਸਾਹਿਬ ਜੀ'।

'ਜਨਮ ਸਾਖੀ ਸ੍ਰੀ ਗੁਰੂ ਨਾਨਕ ਸਾਹਿਬ ਜੀ' ਵਿੱਚ ਗੁਰੂ ਨਾਨਕ ਸਾਹਿਬ ਦੇ ਪਵਿੱਤਰ ਜੀਵਨ ਚਰਿੱਤਰ ਤੋਂ ਬਿਨਾਂ ਉਹਨਾਂ ਦੇ ਬਹੁਤ ਸੁੰਦਰ ਉਪਦੇਸ਼ ਵੀ ਦਰਜ ਹਨ।

## ਰਬਾਬ ਮੰਗਾਉਨ ਦਾ ਵਿਰਤਾਂਤ

ਜਦ ਗੁਰੂ ਜੀ ਇਸੀ ਪ੍ਰਕਾਰ ਜੰਗਲ ਵਿਚ ਬੈਠੇ ਕਰਤਾਰ ਦੇ ਗੁਣ ਗਾਉਣ ਲੱਗੇ ਤਦ ਬਹੁਤ ਲੋਕ ਜੋ ਹਿੰਦੂ ਅਤੇ ਮੁਸਲਮਾਨ ਸੇ ਸੋ ਗੁਰੂ ਨੂੰ ਕੁਰਾਹੀਆ ਸੱਦਨ ਲਗੇ ਅਰ ਆਖਨ ਕਿ ਯਾਰੋ ਇਹ ਜਾਤ ਦਾ ਵੇਦੀ ਖੱਤ੍ਰੀ ਸੀ ਅਰ ਭਲਿਆਂ ਦਾ ਪੁਤ ਪੋਤਾ ਸੀ ਸੋ ਹੁਨ ਕੁਛ ਇਸਦੀ ਅਜੇਹੀ ਬੁਧ ਫਿਰ ਗਈ ਹੈ ਜੋ ਕਿਸੇ ਦੀ ਭੀ ਨਹੀਂ ਸੁਨਦਾ। ਹਿੰਦੂ ਅਤੇ ਮੁਸਲਮਾਨਾਂ ਨਾਲੋਂ ਵਖਰੀ ਹੀ ਚਾਲ ਹੈ ਅਰ ਇਕ ਡੂਮ ਜੋ ਘਰ ਦਾ ਹੀ ਮਿਰਾਸੀ ਸੀ ਸੋ ਸਾਥੀ ਬਣਾ ਲੀਤਾ ਹੈ, ਖਾਣਾ ਪਹਰਨਾ ਭੁਲਾ ਦਿਤਾ ਹੈ। ਇਸੇ ਤਰ੍ਹਾਂ ਦੀ ਚਰਚਾ ਘਰ ਘਰ ਵਿਚ ਹੋਨ ਲੱਗ ਗਈ।

ਓਧਰ ਤਾਂ ਲੋਗ ਇਸ ਤਰ੍ਹਾਂ ਆਖਦੇ ਸੇ ਅਤੇ ਏਧਰ ਗੁਰੂ ਨਾਨਕ ਜੀ ਕਰਤਾਰ ਦੇ ਰੰਗ ਵਿਚ ਰਤੇ ਹੋਏ ਮਰਦਾਨੇ ਨਾਲ ਨਿਤ ਨਵੇਂ ਥੋਂ ਨਵਾਂ ਸ਼ਬਦ ਅਕਾਲ ਪੁਰਖ ਦੀ ਪਰਾਰਥਨਾ ਦਾ ਗਾਉਂਦੇ ਸਨ ਅਰ ਸਦਾ ਉਸਦੀ ਮਸਤੀ ਵਿਚ ਮਗਨ ਰਹਿੰਦੇ ਸਨ। ਇਕ ਰੋਜ਼ ਆਖਨ ਲੱਗੇ ਕਿ ਮਰਦਾਨ੍ਹਿਆ ਕੁਝ ਸਾਜ਼ ਬਜਾਓ ਜੋ ਦਿਲ ਨੂੰ ਭਾਵੇ, ਤਦ ਮਰਦਾਨੇ ਆਖਿਆ ਕਿ ਜੀ ਆਪ ਦਾ ਕਿਹੜੇ ਸਾਜ਼ ਦੇ ਸੁਨਨ ਲਈ ਚਿੱਤ ਚਾਹੁੰਦਾ ਹੈ, ਗੁਰੂ ਜੀ ਨੇ



Downloaded from https:// www.studiestoday.com

Downloaded from https:// www.studiestoday.com


ਆਖਿਆ ਕਿ ਮਰਦਾਨਿਆ ਰਬਾਬ ਤੇ ਵਧਕੇ ਹੋਰ ਕੇਹੜਾ ਸਾਜ਼ ਹੈ ਜੋ ਅੱਛਾ ਆਖੀਏ, ਸੋ ਵਜਾਓ। ਜਿਸ ਨੂੰ ਸੁਨ ਕੇ ਮਰਦਾਨੇ ਕਿਹਾ ਜੀ ਮੇਰੇ ਪਾਸ ਤਾਂ ਨਹੀਂ ਜੋ ਬਜਾਵਾਂ ਜਿਸਨੂੰ ਸੁਨਕੇ ਬੋਲੇ ਕਿ ਭਾਈ ਨਗਰ ਵਿੱਚ ਜਾਕੇ ਕਿਸੇ ਕੋਲੋਂ ਮੰਗ ਲਿਆਓ। ਜੇ ਕੋਈ ਮੰਗਿਆਂ ਨਾ ਦੇਵੇ ਤਾਂ ਮੁਲ ਲੈ ਆਵੀਂ। ਫੇਰ ਮਰਦਾਨੇ ਕਿਹਾ ਕਿ ਜੀ ਮੇਰੇ ਪਾਸ ਤਾਂ ਧੇਲਾ ਭੀ ਨਹੀਂ ਹੈ। ਮੁਲ ਕਿਥੋਂ ਖਰਚ ਕਰਾਂ? ਇਸ ਪਰ ਗੁਰੂ ਜੀ ਬੋਲੇ, ਮਰਦਾਨਿਆਂ ਕਰਤਾਰ ਦਾ ਦਿਤਾ ਹੋਇਆ ਸੱਭੋ ਕੁਝ ਹੈ, ਐਡਾ ਉਦਾਸ ਨਾ ਹੋਹੁ, ਜਾਹ ਘਰ ਜਾ ਕੇ ਬੀਬੀ ਤੇ ਜਿਤਨੇ ਰੁਪਈਏ ਚਾਹੇ ਲੈ ਲੈ ਅਰ ਕੋਈ ਚੰਗਾ ਜਿਹਾ ਰਬਾਬ ਲੈ ਆਉ। ਇਹ ਸੁਨ ਕੇ ਮਰਦਾਨਾ ਬੀਬੀ ਪਾਸ ਆਇਆ ਅਰ ਰਬਾਬ ਲਈ ਕੁਝ ਰੁਪਏ ਮੰਗੇ। ਇਸ ਪਰ ਅਗੋਂ ਬੀਬੀ ਜੀ ਨੇ ਆਖਿਆ ਕਿ ਮਰਦਾਨਿਆਂ ਤੂੰ ਜਾ ਕੇ ਪਹਿਲਾਂ ਰਬਾਬ ਦੇਖ ਆਓ ਅਤੇ ਮੁਲ ਕਰਾਕੇ ਮੇਰੇ ਪਾਸ ਆਈਂ। ਜਿਤਨੇ ਰੁਪਏ ਨੂੰ ਚੁਕੇ ਮੈਥੋਂ ਲੈ ਜਾਈਂ। ਮਰਦਾਨਾ ਲੱਗਾ ਨਗਰ ਦੀ ਗਲੀ ਕੂਚੇ ਫਿਰਨ। ਜਿਧਰ ਜਾਵੇ ਓਧਰੋਂ ਲੋਗ ਠਠਾ ਮਖੌਲ ਕਰਨ ਅਰ ਆਖਨ ਕਿ 'ਕੁਰਾਹੀਏ ਦਾ ਡੂਮ ਆਇਆ ਹੈ।' ਨਾਲ ਕਈ ਬੁਰਾ ਬੋਲਨ ਤੇ ਕਈ ਮਿਟੀ ਚੁਕ ਕੇ ਉਤੇ ਸੁਟਨ। ਜੋ ਜਿਸਦੇ ਮਨ ਆਵੇ ਸੋ ਕਰੇ। ਇਸ ਤੇ ਮਰਦਾਨਾ ਤੰਗ ਆਇ ਗਿਆ ਅਰ ਆਖੇ ਕਿ ਇਹ ਤਾਂ ਅੱਛੀ ਹੋਣ ਲੱਗੀ ਹੈ, ਜੇ ਕੋਈ ਖੜਾ ਹੋਨ ਭੀ ਨਹੀਂ ਦਿੰਦਾ। ਬਹੁਤ ਤੰਗ ਹੋਕੇ ਪਿਛਾਂ ਮੁੜ ਆਇਆ ਅਰ ਮੂੰਹ ਬੁਰਾ ਜਿਹਾ ਕਰਕੇ ਆਨ ਬੈਠਾ ਜਿਸਦੇ ਉਦਾਸ ਜਿਹੇ ਚੇਹਰੇ ਨੂੰ ਦੇਖ ਕੇ ਗੁਰੂ ਜੀ ਨੇ ਆਖਿਆ ਕਿ ਮਰਦਾਨਿਆ ਖਾਲੀ ਕਿਉਂ ਮੁੜਿਓਂ। ਤੈਨੂੰ ਤਾਂ ਰਬਾਬ ਲੈਣ ਲਈ ਭੇਜਿਆ ਸੀ, ਸੋ ਦਸ ਸੁਖ ਹੈ। ਇਸ ਬਾਤ ਨੂੰ ਸੁਨਕੇ ਮਰਦਾਨਾ ਆਖਨ ਲੱਗਾ ਕਿ ਜੀ ਸੁਖ ਕਾਹਦੀ ਹੈ, ਤੇਰੇ ਸੰਗ ਮੈਨੂੰ ਅੱਛਾ ਫਲ ਮਿਲਿਆ ਹੈ ਜੋ ਜਿਧਰ ਜਾਂਦਾ ਹਾਂ, ਓਧਰ ਲੋਗ ਅਗੋਂ ਸੌ ਸੌ ਸੁਨਾਉਂਦੇ ਹਨ ਅਰ ਤੈਨੂੰ ਕੁਰਾਹੀਆ ਆਖਦੇ ਹਨ ਅਰ ਮੈਨੂੰ ਦੇਖਦੇ ਆਖਦੇ ਹਨ ਕਿ ਕੁਰਾਹੀਏ ਦਾ ਡੂੰਮ ਹੈ। ਸੋ ਮੈਂ ਤਾਂ ਰਬਾਬ ਦੀ ਜਗ੍ਹਾ ਖਰਾਬ ਹੋਕੇ ਆਇ ਗਿਆ ਹਾਂ ਅਰ ਤੇਰੇ ਪਿਛੇ ਮੇਰੀ ਭੀ ਇਹ ਗਤਿ ਹੋਇ ਰਹੀ ਹੈ। ਇਸ ਨੂੰ ਸੁਨ ਕੇ ਗੁਰੂ ਜੀ ਨੇ ਆਖਿਆ ਕਿ ਮਰਦਾਨਿਆ ਕੁਝ ਡਰ ਨਾ ਕਰ। ਇਹ ਲੋਕ ਐਵੇਂ ਝਖ ਮਾਰਦੇ ਹਨ। ਸੋ ਤੂੰ ਸੰਸਾਰ ਦਾ ਨਾ ਬਣ। ਤੈਨੂੰ ਮੈਂ ਕਰਤਾਰ ਦਾ ਬਨਾਇਆ ਹੈ। ਸੰਸਾਰ ਦਾ ਕੰਮ ਝੱਖ ਮਾਰਨੇ ਦਾ ਹੈ। ਪਰੰਤੂ ਪਰਮੇਸ਼ਰ ਦੇ ਪਿਆਰਿਆਂ ਦਾ ਇਸਤੇ ਕੁਝ ਨਹੀਂ ਵਿਗੜਦਾ। ਕੁੱਤੇ ਵਾਂਗਰ ਭੌਂਕ ਕੇ ਆਪੇ ਹੀ ਚੁਪ ਕਰ ਜਾਏਗਾ। ਇਹ ਸੁਨਕੇ ਮਰਦਾਨੇ ਆਖਿਆ ਕਿ ਜੀ ਤੇਰੀਆਂ ਤੂੰਹੇ ਜਾਣੇ, ਮੈਨੂੰ ਇਹ ਗਲ ਦੀ ਕਿਆ ਸਾਰ ਹੈ ਜੋ ਤੂੰ ਪਿਆ ਆਖਦਾ ਹੈਂ। ਇਸੀ ਤਰ੍ਹਾਂ ਕਰਦਿਆਂ ਜਦ ਕੁਝ ਦਿਨ ਬੀਤੇ ਤਾਂ ਮਰਦਾਨੇ ਨੂੰ ਆਖਿਆ ਕਿ ਮਰਦਾਨਿਆਂ ਐਥੋਂ ਦੇ ਲੋਗ ਤਾਂ ਤੈਨੂੰ ਰਬਾਬ ਨਹੀਂ ਦੇਂਦੇ ਸੋ ਸਤਲੁਜ ਅਤੇ ਬਿਆਸ ਦੇ ਵਿਚਕਾਰ ਜੱਟਾਂ ਦਾ ਪਿੰਡ ਹੈ। ਓਥੇ ਇਕ ਫਰਹਿੰਦਾ ਨਾਮੇ

Downloaded from https:// www.studiestoday.com

Downloaded from https:// www.studiestoday.com



ਰਬਾਬੀ ਰਹਿੰਦਾ ਹੈ, ਸੋ ਤੂੰ ਜਾ ਕੇ ਉਸ ਥੋਂ ਰਬਾਬ ਮੰਗੀਂ। ਉਹ ਤੈਨੂੰ ਦੇ ਦੇਵੇਗਾ ਅਰ ਘਰੋਂ ਜਾਕੇ ਬੀਬੀ ਨਾਨਕੀ ਤੇ ਸੱਤ ਰੁਪਏ ਲੈ ਜਾਈਂ ਜੋ ਉਸਨੂੰ ਰਬਾਬ ਦਾ ਮੁਲ ਦੇ ਦੇਵੀਂ। ਇਸ ਗੱਲ ਨੂੰ ਮੰਨ ਕੇ ਮਰਦਾਨਾ ਬੀਬੀ ਪਾਸ ਗਿਆ ਅਰ ਸੱਤ ਰੁਪਏ ਮੰਗੇ। ਉਸਨੇ ਆਖਿਆ ਕਿ ਭਾਈ ਮਰਦਾਨਾ ਜਿਤਨੇ ਲੋੜੀਦੇ ਹਨ ਉਤਨੇ ਲੈ ਜਾਹ ਪਰ ਮਰਦਾਨੇ ਨੇ ਗੁਰੂ ਜੀ ਦੀ ਆਗਿਆ ਅਨੁਸਾਰ ਸੱਤੇ ਲੈ ਕੇ ਆਪਨਾ ਰਸਤਾ ਲੀਤਾ। ਜਦ ਜਾਂਦਾ ਜਾਂਦਾ ਉਸ ਨਗਰ ਪਹੁੰਚਾ ਅਤੇ ਉਸ ਦਾ ਪਤਾ ਪੁਛਨ ਲੱਗਾ ਤਦ ਕੋਈ ਠੀਕ ਨਾ ਦੱਸੇ। ਦੋ ਦਿਨ ਓਥੇ ਖੁਆਰ ਹੋ ਕੇ ਜਦ ਤੀਜੇ ਦਿਨ ਪਿਛਾਹਾਂ ਮੁੜਨ ਲੱਗਾ ਤਾਂ ਅਗੋਂ ਕਿਆ ਦੇਖਦਾ ਹੈ ਜੋ ਕੱਛ ਵਿਚ ਰਬਾਬ ਲੀਤਾ ਹੋਇਆ ਇਕ ਆਦਮੀ ਅੱਗੋਂ ਆਉਂਦਾ ਹੈ। ਉਸਨੇ ਆਕੇ ਮਰਦਾਨੇ ਨੂੰ ਪੁਛਿਆ ਭਾਈ ਤੂੰ ਕਿਧਰੋਂ ਆਇਆ ਹੈਂ ਅਰ ਕਿਸ ਨੂੰ ਪੁਛਦਾ ਹੈਂ। ਇਸ ਗੱਲ ਨੂੰ ਸੁਨ ਕੇ ਮਰਦਾਨੇ ਨੇ ਅਪਨਾ ਅਗਲਾ ਪਿਛਲਾ ਸਾਰਾ ਹਾਲ ਸੁਨਾਇਆ ਕਿ ਮੈਂ ਰਾਇ ਭੋਏ ਦੀ ਤਲਵੰਡੀ ਤੇ ਰਹਿਨੇ ਵਾਲਾ ਹਾਂ ਅਰ ਮੇਰਾ ਨਾਉਂ ਮਰਦਾਨਾ ਹੈ। ਜਾਤ ਦਾ ਮਿਰਾਸੀ ਹਾਂ, ਪਰੰਤੂ ਅੱਜ ਕਲ ਮੈਂ ਨਾਨਕ ਪਾਸ ਰਹਿੰਦਾ ਹਾਂ ਜੋ ਕੋਈ ਬੇਦੀ ਖਤ੍ਰੀ ਸੀ, ਪਰ ਹੁਣ ਸਾਧਾਂ ਵਾਲੀ ਬਿਰਤੀ ਵਿਚ ਹੋ ਗਿਆ ਹੈ। ਉਸ ਨੂੰ ਪਰਮੇਸ਼ਰ ਪਾਸੇ ਦੀ ਲਿਵ ਲਗੀ ਰਹਿੰਦੀ ਹੈ ਅਰ ਅਪਨੇ ਮੁਖੋਂ ਅਗੰਮ ਦੀ ਬਾਣੀ ਉਚਰਦਾ ਹੈ ਜਿਸ ਨੂੰ ਉਹ ਅਪਨੇ ਮੂੰਹੋਂ ਮੈਨੂੰ ਸਖਾਉਂਦਾ ਹੈ। ਇਸ ਵਾਸਤੇ ਉਸ ਨੇ ਤੇਰੇ ਪਾਸ ਰਬਾਬ ਲਈ ਭੇਜਿਆ ਹੈ। ਇਸ ਬਾਤ ਨੂੰ ਸੁਨਕੇ ਫਰਹਿੰਦੇ ਨੇ ਰਬਾਬ ਮਰਦਾਨੇ ਦੇ ਹੱਥ ਫੜਾਇਆ ਕਿ ਚੱਲ ਭਾਈ ਮਰਦਾਨਿਆਂ ਅਸੀਂ ਭੀ ਉਸ ਪੁਜੇ ਹੋਏ ਪੁਰਖ ਦਾ ਦਰਸ਼ਨ ਕਰ ਆਈਏ। ਇਹ ਸੁਨਕੇ ਮਰਦਾਨੇ ਨੇ ਕਿਹਾ ਜੀ ਏ ਤੁਹਾਡੀ ਇਛਯਾ ਹੈ ਪਰ ਇਹ ਸੱਤ ਰੁਪਈਏ ਜੋ ਇਸ ਰਬਾਬ ਦਾ ਮੁਲ ਹੈ ਲੈ ਲਵੋ। ਇਸ ਗੱਲ ਨੂੰ ਸੁਨਦਿਆਂ ਫਰਹਿੰਦੇ ਨੇ ਕਹਿਆ ਕਿ ਭਾਈ ਮਰਦਾਨਾ, ਇਸ ਰਬਾਬ ਦਾ ਮੁਲ ਤਾਂ ਕੋਈ ਨਹੀਂ ਹੈ ਕਿਉਂਕਿ ਇਸਦਾ ਭੀ ਉਸੀ ਦੇ ਨਾਲ ਕੁਝ ਪੁਰਾਨਾ ਸਬੰਧ ਹੈ, ਜਿਸਤੇ ਇਹ ਉਸਨੇ ਯਾਦ ਕੀਤਾ ਹੈ। ਇਤਨੀ ਸੁਨ ਕੇ ਮਰਦਾਨਾ ਚੁਪ ਰਿਹਾ ਅਰ ਦੋਨੋਂ ਚਲ ਪਏ। ਜਦ ਤੀਜੇ ਦਿਨ ਗੁਰੂ ਪਾਸ ਪੁਜੇ ਅਤੇ ਪੈਰਾਂ ਤੇ ਮੱਥਾ ਟੇਕਕੇ ਬੈਠ ਗਏ ਗੁਰੂ ਜੀ ਨੇ ਮਰਦਾਨੇ ਅਤੇ ਫਰਹਿੰਦੇ ਦੀ ਸੁਖ ਸਾਂਦ ਪੁਛੀ ਅਤੇ ਆਪਸ ਵਿਚ ਕਰਤਾਰ ਪਾਸੇ ਦੀਆਂ ਬਾਤਾਂ ਕੀਤੀਆਂ, ਸੁਨਕੇ ਫਰਹਿੰਦਾ ਚਰਨਾਂ ਤੇ ਡਿੱਗਾ ਅਰ ਆਖਨ ਲੱਗਾ ਕਿ ਜੀ ਜੇਹਾ ਤੂੰ ਸੁਨੀਂਦਾ ਸੀ ਓਹੋ ਜੇਹਾ ਅਖੀਂ ਡਿਠਾ ਹੈਂ। ਕੁਝ ਦਿਨ ਗਏ ਪਿਛੋਂ ਫਰਹਿੰਦਾ ਅਪਣੇ ਵਤਨ ਨੂੰ ਮੁੜ ਗਿਆ। ਪਿਛੋਂ ਮਰਦਾਨਾ ਲੱਗਾ ਰਬਾਬ ਨੂੰ ਸੁਰ ਕਰਨ। ਪਰੰਤੂ ਉਹ ਜਿਉਂ ਜਿਉਂ ਸੁਰ ਕਰੇ ਤਿਉਂ ਤਿਉਂ ਰਬਾਬ ਬੇਸੁਰਾ ਹੁੰਦਾ ਜਾਏ। ਜਿਸ ਪਰ ਗੁਰੂ ਜੀ ਨੇ ਆਖਿਆ ਕਿ ਮਰਦਾਨਿਆਂ ਨਵਾਂ ਰਬਾਬ ਬਜਾਓ ਅਰ ਕਰਤਾਰ ਦੇ ਗੁਣ ਗਾਓ। ਇਸ ਨੂੰ ਸੁਨਕੇ ਆਖਿਨ ਲੱਗਾ ਕਿ ਜੀ ਮੈਂ ਇਸ ਨੂੰ ਠੀਕ ਕਰ

Downloaded from https:// www.studiestoday.com

Downloaded from https:// www.studiestoday.com



ਲੇਵਾਂ ਜੋ ਠਾਟ ਚੰਗਾ ਬਨ ਜਾਏ, ਜਿਸ ਪਰ ਗੁਰੂ ਜੀ ਨੇ ਕਿਹਾ ਕਿ ਭੋਲਿਆ ਤੇਰਾ ਕੰਮ ਠਾਟ ਕਰਨ ਦਾ ਨਹੀਂ ਹੈ। ਤੇਰਾ ਤਾਂ ਬਜਾਉਨ ਦਾ ਕੰਮ ਹੈ। ਸੋ ਤੂੰ ਬਜਾਓ। ਠਾਟ ਕਰਤਾਰ ਕਰਨੇ ਵਾਲਾ ਹੈ, ਸੋ ਆਪ ਹੀ ਕਰੇਗਾ। ਇਸ ਬਾਤ ਨੂੰ ਸੁਨਕੇ ਮਰਦਾਨਾ ਬਜਾਉਨ ਲੱਗਾ ਜਿਸ ਪਰ ਰਬਾਬ ਦਾ ਅਜੇਹਾ ਠਾਟ ਬਨਿਆ ਜੋ ਉਸਦੀ ਮਧਰ ਧੁਨਿ ਨੂੰ ਸੁਨਕੇ ਜੰਗਲ ਦੇ ਮ੍ਰਿਗ ਭੀ ਮਸਤ ਹੋ ਗਏ ਅਰ ਗੁਰੂ ਜੀ ਨੂੰ ਜੋ ਬਾਣੀ ਆਈ ਸੋਈ ਮਰਦਾਨੇ ਨੇ ਉਸ ਵਿੱਚ ਸੁੰਦਰ ਸੁਰ ਨਾਲ ਗਾਈ।

**ਅਰਥਾਵਲੀ :**

**ਕੁਰਾਹੀਆ**- ਰਾਹੋਂ ਭਟਕਿਆ। **ਡੂੰਮ**-ਇੱਕ ਜਾਤ। **ਫਰਹਿੰਦਾ**-ਰਬਾਬੀ ਦਾ ਨਾਂ। **ਅਰੀਮ**-ਰੱਬੀ, ਧੁਰ ਦੀ। **ਠਾਟ**-ਸੁਰਾਂ ਦਾ ਬੰਧੇਜ।

## ਪਾਠ-ਅਭਿਆਸ

1. 'ਰਬਾਬ ਮੰਗਾਉਨ ਦਾ ਵਿਰਤਾਂਤ' ਸੰਖੇਪ ਕਰ ਕੇ ਆਪਣੇ ਸ਼ਬਦਾਂ ਵਿੱਚ ਲਿਖੋ?
2. ਆਮ ਲੋਕ ਗੁਰੂ ਨਾਨਕ ਦੇਵ ਜੀ ਬਾਰੇ ਕੀ ਕੁਝ ਕਹਿੰਦੇ ਸਨ?
3. ਮਰਦਾਨਾ ਜਦੋਂ ਪਹਿਲੀ ਵਾਰ ਰਬਾਬ ਲੈਣ ਨਗਰ ਵਿੱਚ ਗਿਆ ਤਾਂ ਲੋਕਾਂ ਨੇ ਉਸ ਨਾਲ ਕੀ ਵਿਹਾਰ ਕੀਤਾ?
4. ਮਰਦਾਨੇ ਨੇ ਨਗਰ ਵਿੱਚ ਉਸ ਨਾਲ ਜੋ ਬੀਤੀ, ਜਦੋਂ ਗੁਰੂ ਨਾਨਕ ਦੇਵ ਜੀ ਨੂੰ ਸੁਣਾਈ ਤਾਂ ਗੁਰੂ ਜੀ ਨੇ ਅੱਗੋਂ ਕੀ ਕਿਹਾ?
5. ਮਰਦਾਨੇ ਅਤੇ ਫਰਹਿੰਦਾ ਰਬਾਬੀ ਦੀ ਆਪਸ ਵਿੱਚ ਹੋਈ ਵਾਰਤਾਲਾਪ ਆਪਣੇ ਸ਼ਬਦਾਂ ਵਿੱਚ ਲਿਖੋ?
6. ਹੇਠ ਲਿਖੇ ਮੁਹਾਵਰੇ ਵਾਕਾਂ ਵਿੱਚ ਵਰਤ ਕੇ ਇਹਨਾਂ ਦੇ ਅਰਥ ਸਪਸ਼ਟ ਕਰੋ:
   ਗੁਣ ਗਾਉਣਾ, ਬੁੱਧ ਫਿਰਨੀ, ਫਲ ਮਿਲਣਾ, ਸੌ-ਸੌ ਸੁਣਾਉਣਾ, ਗਤ ਹੋਣੀ, ਝੱਖ ਮਾਰਨਾ, ਆਪਣਾ ਰਸਤਾ ਲੈਣਾ/ਫੜਨਾ, ਖੁਆਰ ਹੋਣਾ।

*ਰਬਾਬ ਪੁਰਾਣਾ ਸਾਜ਼ ਹੈ। ਇਸ ਦੀ ਕਾਢ ਸਿਕੰਦਰੁਲ ਜ਼ੁਨੈਨ ਨੇ ਕੱਢੀ ਸੀ। ਰਬਾਬ ਤੋਂ ਇਲਾਵਾ ਅਨੇਕਾਂ ਹੋਰ ਸਾਜ਼ ਵੀ ਹਨ ਜਿਵੇਂ: - ਮ੍ਰਿਦੰਗ, ਝਾਂਜ, ਕਿੰਨਰੀ, ਸਰੋਦ, ਵੀਣਾ, ਸੰਖ, ਭੇਰੀ, ਸ਼ਹਿਨਾਈ, ਤੁਰੀ, ਸਾਰੰਗੀ, ਨਿਸ਼ਾਨ, ਢੋਲਕ, ਡਮਰੂ, ਢੱਡ, ਖੜਤਾਲ, ਛੈਣੇ, ਟੱਲੀਆਂ ਆਦਿ।*

Downloaded from https:// www.studiestoday.com

Downloaded from https:// www.studiestoday.com

# ਪ੍ਰਿੰ. ਤੇਜਾ ਸਿੰਘ

(1894-1958)

ਪ੍ਰਿੰ. ਤੇਜਾ ਸਿੰਘ ਜੀ ਦਾ ਜਨਮ ਭਾਈ ਭਲਾਕਰ ਸਿੰਘ ਦੇ ਘਰ, ਮਾਤਾ ਸੁਰੱਸਤੀ ਦੇ ਉਦਰੋਂ 1894 ਈ: ਨੂੰ ਪਿੰਡ ਅਡਿਆਲਾ ਜ਼ਿਲ੍ਹਾ ਰਾਵਲਪਿੰਡੀ ਵਿੱਚ ਹੋਇਆ। ਮੁਢਲੀ ਵਿੱਦਿਆ ਪਿੰਡ ਪੜ੍ਹ ਕੇ ਰਾਵਲਪਿੰਡੀ ਆ ਗਏ ਤੇ ਮਿਡਲ ਵਿੱਚੋਂ ਅੱਵਲ ਰਹਿ ਕੇ ਵਜ਼ੀਫ਼ਾ ਹਾਸਲ ਕੀਤਾ। 1910 ਵਿੱਚ ਖ਼ਾਲਸਾ ਕਾਲਜ ਸਕੂਲ ਅੰਮ੍ਰਿਤਸਰ ਤੋਂ ਮੈਟ੍ਰਿਕ ਪਾਸ ਕੀਤੀ। 1914 ਵਿੱਚ ਬੀ. ਏ. ਤੇ 1917 ਵਿੱਚ ਅੰਗਰੇਜ਼ੀ, ਦੀ ਐਮ.ਏ ਕੀਤੀ। ਖ਼ਾਲਸਾ ਕਾਲਜ ਅੰਮ੍ਰਿਤਸਰ ਵਿੱਚ ਅੰਗਰੇਜ਼ੀ, ਇਤਿਹਾਸ ਤੇ ਧਰਮ ਵਿੱਦਿਆ ਦੇ ਪ੍ਰੋਫ਼ੈਸਰ ਰਹੇ। ਦਸੰਬਰ, 1945 ਵਿੱਚ ਖ਼ਾਲਸਾ ਕਾਲਜ ਬੰਬਈ ਦੇ ਪ੍ਰਿੰਸੀਪਲ ਬਣ ਕੇ ਚਲੇ ਗਏ। ਫਿਰ ਪੰਜਾਬ ਯੂਨੀਵਰਸਿਟੀ ਦੇ ਜ਼ੋਰ ਦੇਣ 'ਤੇ 1948 ਵਿੱਚ ਸਕੱਤਰ ਪਬਲੀਕੇਸ਼ਨ ਬਿਊਰੋ ਆਣ ਲੱਗੇ। 1949 ਵਿੱਚ ਆਪ ਨੂੰ ਮਹਿੰਦਰਾ ਕਾਲਜ, ਪਟਿਆਲਾ ਦੇ ਪ੍ਰਿੰਸੀਪਲ ਲਾਇਆ ਗਿਆ।

ਪ੍ਰਿੰ. ਤੇਜਾ ਸਿੰਘ ਨੇ ਪੰਜਾਬੀ ਸਾਹਿਤ ਤੇ ਬੋਲੀ ਦੀ ਨਿੱਗਰ ਸੇਵਾ ਕੀਤੀ। ਆਪ ਦੀਆਂ ਸਾਹਿਤਿਕ ਘਾਲ੍ਹਾਂ ਦੀ ਪ੍ਰਸੰਸਾ ਵੱਜੋਂ 1951 ਵਿੱਚ ਪੈਪਸੂ ਸਰਕਾਰ ਨੇ ਸਨਮਾਨਿਆ ਤੇ ਮਾਰਚ 1956 ਵਿੱਚ ਅਭਿਨੰਦਨ ਗ੍ਰੰਥ ਵੀ ਭੇਟ ਕੀਤਾ। ਵਾਰਤਕ ਵਿੱਚ ਨਿਬੰਧਾਂ ਦੀਆਂ ਪੁਸਤਕਾਂ 'ਸਾਹਿਤ ਦਰਸ਼ਨ', 'ਨਵੀਆਂ ਸੋਚਾਂ', 'ਸਹਿਜ ਸੁਭਾ' ਤੇ 'ਘਰ ਦਾ ਪਿਆਰ' ਤੋਂ ਇਲਾਵਾ 'ਆਰਸੀ' ਨਾਂ ਦੀ ਸਾਹਿਤਿਕ ਸ੍ਵੈਜੀਵਨੀ ਵੀ ਲਿਖੀ। ਪ੍ਰਿੰਸੀਪਲ ਸਾਹਿਬ ਦੇ ਨਿਬੰਧ ਵਾਕਫ਼ੀਅਤ ਭਰਪੂਰ ਹਨ, ਪਰ ਬੋਝਲ ਨਹੀਂ ਹੁੰਦੇ।

## ਘਰ ਦਾ ਪਿਆਰ

ਘਰ ਇੱਟਾਂ ਜਾਂ ਵੱਟਿਆਂ ਦੇ ਬਣੇ ਕੋਠੇ ਨੂੰ ਨਹੀਂ ਕਹਿੰਦੇ। ਘਰ ਤੋਂ ਭਾਵ ਉਹ ਥਾਂ ਹੈ ਜਿਥੇ ਮਨੁੱਖ ਦੇ ਪਿਆਰ ਦੀਆਂ ਸਧਰਾਂ ਪਲਦੀਆਂ ਹਨ, ਜਿੱਥੇ ਬਾਲਪਨ ਵਿੱਚ ਭੈਣ ਤੇ ਭਰਾ ਕੋਲੋਂ ਲਾਡ ਲਿਆ ਹੁੰਦਾ ਹੈ । ਜਿੱਥੇ ਜਵਾਨੀ ਵਿੱਚ ਸਾਰੇ ਜਹਾਨ ਨੂੰ ਗਾਹ ਕੇ, ਲਿਤਾੜ ਕੇ ਖੱਟੀ ਕਮਾਈ ਕਰ ਕੇ ਮੁੜ ਆਉਣ ਨੂੰ ਜੀਅ ਕਰਦਾ ਹੈ, ਜਿਥੇ ਬੁਢੇਪੇ ਵਿਚ ਬਹਿ ਕੇ ਸਾਰੇ ਜੀਵਨ ਦੇ ਝਮੇਲਿਆਂ ਤੋਂ ਮਿਲੀ ਵਿਹਲ ਨੂੰ ਅਰਾਮ ਨਾਲ ਕੱਟਣ ਵਿੱਚ ਇਉਂ ਸੁਆਦ ਆਉਂਦਾ ਹੈ ਜਿਵੇਂ ਬਚਪਨ ਵਿੱਚ ਮਾਂ ਦੀ ਝੋਲੀ ਵਿੱਚ ਆਉਂਦਾ ਸੀ। ਘਰ ਮਨੁੱਖ ਦੇ ਨਿੱਜੀ ਵਲਵਲਿਆਂ ਤੇ ਸ਼ਖ਼ਸੀ ਰਹਿਣੀ ਦਾ ਕੇਂਦਰ ਹੁੰਦਾ ਹੈ। ਉਸ ਦੇ ਆਚਰਣ ਬਣਾਉਣ ਵਿੱਚ ਜਿਥੇ ਸਮਾਜਕ ਤੇ ਮੁਲਕੀ ਆਲੇ-ਦੁਆਲੇ ਦਾ ਅਸਰ ਕੰਮ



Downloaded from https:// www.studiestoday.com

Downloaded from https:// www.studiestoday.com



ਕਰਦਾ ਹੈ, ਉਥੇ ਘਰ ਦੀ ਚਾਰਦੀਵਾਰੀ ਅਤੇ ਇਸ ਦੇ ਅੰਦਰ ਦੇ ਹਾਲਾਤ ਦਾ ਅਸਰ ਵੀ ਘਟ ਕੰਮ ਨਹੀਂ ਕਰਦਾ। ਸਗੋਂ ਮਨੁੱਖ ਦਾ ਆਚਰਣ ਬਣਦਾ ਹੀ ਘਰ ਵਿਚ ਹੈ। ਇਹੋ ਉਸ ਦੀਆਂ ਰੁਚੀਆਂ ਅਤੇ ਸੁਭਾਉ ਦਾ ਸਾਂਚਾ ਹੈ । ਕਈ ਵਾਰੀ ਜਦ ਮੈਂ ਕਿਸੇ ਸੱਜਣ ਨੂੰ ਕੋਝੇ, ਸੜੀਅਲ ਜਾਂ ਖਿਝੂ ਸੁਭਾਅ ਵਾਲਾ ਦੇਖਦਾ ਹਾਂ ਤਾਂ ਮੈਂ ਦਿਲ ਵਿਚ ਕਹਿੰਦਾ ਹਾਂ, ਇਸ ਵਿਚਾਰੇ ਨੂੰ ਘਰ ਦਾ ਪਿਆਰ ਨਹੀਂ ਮਿਲਿਆ ਹੋਣਾ ।

ਇਕ ਮੇਰੇ ਜਾਣਕਾਰ ਬਿਰਧ ਬੀਬੀ ਜੀ ਹਨ, ਜੋ ਨੇਕੀ ਤੇ ਉਪਕਾਰ ਦੀ ਪੁਤਲੀ ਹਨ। ਸਵੇਰੇ ਸ਼ਾਮ ਬਿਣਾ ਨਾਗਾ ਨਿਤਨੇਮ ਕਰਦੇ ਗੁਰਦੁਆਰੇ ਦੀ ਪ੍ਰਕਰਮਾ ਕਰਦੇ ਹਨ। ਕਿਸੇ ਦੇ ਦੁੱਖ ਨੂੰ ਦੇਖ ਕੇ ਕਦੀ ਜਰ ਨਹੀਂ ਸਕਦੇ । ਵਲਵਲਾ ਉਨ੍ਹਾਂ ਦਾ ਇੰਨਾ ਕੋਮਲ ਤੇ ਪਵਿੱਤਰ ਹੈ ਕਿ ਚੱਪੇ ਚੱਪੇ ਤੇ ਹਮਦਰਦੀ ਨਾਲ ਫਿਸ ਪੈਂਦੇ ਹਨ । ਬੱਚਿਆਂ ਨੂੰ ਦੇਖ ਕੇ ਤਾਂ ਬੱਚੇ ਹੀ ਬਣ ਜਾਂਦੇ ਹਨ । ਪਰ ਸੁਭਾਅ ਉਨ੍ਹਾਂ ਦਾ ਬਹੁਤ ਖਰ੍ਹਵਾ ਹੈ। ਨਿੱਕੀ - ਨਿੱਕੀ ਗੱਲ ਤੋਂ ਖਿੱਝ ਪੈਂਦੇ ਹਨ ਅਤੇ ਗੁੱਸੇ ਵਿਚ ਆ ਕੇ ਆਪੇ ਤੋਂ ਬਾਹਰ ਹੋ ਜਾਂਦੇ ਹਨ। ਉਸ ਹਾਲਤ ਵਿਚ ਉਨ੍ਹਾਂ ਨੂੰ ਦੇਖੋ ਤਾਂ ਮਲੂਮ ਹੁੰਦਾ ਹੈ ਕਿ ਉਨ੍ਹਾਂ ਦੇ ਦਿਲ ਵਿਚ ਕੋਈ ਤਰਸ ਨਹੀਂ, ਕੋਈ ਪਿਆਰ ਨਹੀਂ, ਪਰ ਹੁੰਦੇ ਉਸ ਵਕਤ ਵੀ ਉੱਨੇ ਹੀ ਨਰਮ ਤੇ ਕੋਮਲ ਹਨ। ਕੇਵਲ ਇਹ ਕੋਮਲਤਾ ਤੇ ਨਰਮੀ ਗੁੱਸੇ ਦੇ ਪਰਦੇ ਹੇਠ ਛੁਪੀ ਹੁੰਦੀ ਹੈ। ਇਸ ਗੁੱਸੇ ਤੇ ਝੱਲਪੁਣੇ ਦਾ ਕਾਰਣ ਉਨ੍ਹਾਂ ਦੇ ਜ਼ਿੰਦਗੀ ਦਾ ਪਿੱਛਾ ਫੋਲਣ ਤੋਂ ਇਹ ਮਲੂਮ ਹੁੰਦਾ ਹੈ ਕਿ ਉਨ੍ਹਾਂ ਨੂੰ ਘਰ ਦਾ ਪਿਆਰ ਨਹੀਂ ਮਿਲਿਆ । ਪਤੀ ਜਵਾਨੀ ਵਿਚ ਹੀ ਸਾਥ ਛੱਡ ਗਿਆ ,ਅਤੇ ਝੋਲ ਪੁੱਤਰਾਂ ਧੀਆਂ ਤੋਂ ਖ਼ਾਲੀ ਰਹੀ । ਕਿਸੇ ਨੇ ਨਿੱਕੀਆਂ ਨਿੱਕੀਆਂ ਬਾਹਾਂ ਗਲ ਵਿਚ ਪਾ ਕੇ ਨਹੀਂ ਆਖਿਆ , ਬੇ ਜੀਓ। ਮੈਂ ਕਿੱਡਾ ਸੋਹਣਾ ਵਾਂ।

ਮੈਂ ਕਈ ਵੱਡੇ ਵੱਡੇ ਕਥੱਕੜ ਦੇਖੇ ਹਨ ਜੋ ਬਾਹਰ ਪੰਡਾਲਾਂ ਵਿਚ ਕਥਾ ਕਰਦਿਆਂ ਜਾਂ ਵਖਿਆਨ ਦਿੰਦਿਆਂ ਲੋਕਾਂ ਨੂੰ ਆਪਣੀ ਸਿਆਣਪ ਤੇ ਵਿੱਦਿਆ ਦੇ ਚਮਤਕਾਰ ਦੱਸ ਕੇ ਹੈਰਾਨ ਕਰ ਦਿੰਦੇ ਹਨ। ਪਰ ਜੇ ਕੋਈ ਦੁਖੀਆ ਜਾਂ ਲੋੜਵੰਦ ਉਨ੍ਹਾਂ ਦੇ ਦਰ ਤੇ ਜਾ ਖੜੋਵੇ ਤਾਂ ਚਾਰ ਚਾਰ ਘੰਟੇ ਸ਼ਾਇਦ ਮੁਲਾਕਾਤ ਲਈ ਉਡੀਕਣਾ ਪਵੇ ਅਤੇ ਜੇ ਮਿਲਣ ਵੀ ਤਾਂ ਉਨ੍ਹਾਂ ਦਾ ਦਿਲ ਹਮਦਰਦੀ ਨਾਲ ਨਹੀਂ ਪੰਘਰਦਾ , ਅੱਖਾਂ ਨਮਰੂਦ ਦੀ ਕਬਰ ਵਾਂਗ ਸਦਾ ਸੁੱਕੀਆਂ ਹੀ ਰਹਿੰਦੀਆਂ ਹਨ, ਤਰਸ ਜਾਂ ਪਿਆਰ ਨਾਲ ਸਜਲ ਨਹੀਂ ਹੋਈਆਂ । ਇੱਡੀ ਕਰੜਾਈ ਦਾ ਕਾਰਨ? ਕੇਵਲ ਇਹ ਕਿ ਇਹੋ ਜਿਹੇ ਸੱਜਣ ਦੀ ਵਹੁਟੀ ਕਿਹਾ ਕਰਦੀ ਹੈ-ਭਾਈ ਹੁਰੀਂ ਆਪਣੀ ਸਾਰੀ ਜ਼ਿੰਦਗੀ ਹੈਂਡ-ਬੈਗ ਨਾਲ ਮੋਟਰਾਂ – ਗੱਡੀਆਂ ਦੇ ਸਫ਼ਰਵਿਚ ਹੀ ਟਪਾ ਛੱਡਦੇ ਹਨ। ਉਨ੍ਹਾਂ ਵਿਚ ਘਰ ਦਾ ਪਿਆਰ ਨਹੀਂ ਹੁੰਦਾ । ਇਸ ਲਈ ਉਨ੍ਹਾਂ ਦੀ ਜ਼ਿੰਦਗੀ ਰਸ ਤੋਂ ਖ਼ਾਲੀ ਕੋਰੀ ਜਹੀ ਹੁੰਦੀ ਹੈ।

ਇਹੋ ਜਿਹੇ ਉਪਦੇਸ਼ਕ ਤੇ ਲਿਖਾਰੀ ਵੱਡੇ ਵੱਡੇ ਗੁਰੂਆਂ ਤੇ ਪੈਗ਼ੰਬਰਾਂ ਦੇ ਜੀਵਨ ਵੀ ਆਪਣੇ ਨਮੂਨੇ ਉਤੇ ਢਾਲਦੇ ਹੋਏ ਉਨ੍ਹਾਂ ਮਹਾਂ ਪੁਰਖਾਂ ਨੂੰ ਵੀ ਆਪਣੇ ਜਹੇ ਕੋਰੇ ਤੇ

Downloaded from https:// www.studiestoday.com

Downloaded from https:// www.studiestoday.com



ਘਰੋਗੀ ਪਿਆਰ ਤੋਂ ਸੱਖਣੇ ਬਣਾ ਕੇ ਦੱਸਦੇ ਹਨ । ਗੁਰੂ ਨਾਨਕ ਸਾਹਿਬ ਦਾ ਜੀਵਨ ਇਉਂ ਦਸਦੇ ਹਨ ਕਿ ਜਿਵੇਂ ਉਹ ਕਦੀ ਤੋਤਲੀਆਂ ਗੱਲਾਂ ਕਰਨ ਵਾਲੇ ਬਚਪਨ ਵਿਚੋਂ ਲੰਘੇ ਹੀ ਨਹੀਂ ਹੁੰਦੇ । ਬਾਲਪਨ ਤੋਂ ਹੀ ਉਤਨੀਆਂ ਸਿਆਣੀਆਂ ਤੇ ਪਰਮਾਰਥ ਦੀਆਂ ਗੱਲਾਂ ਕਰਦੇ ਹੁੰਦੇ ਸਨ ਜਿਤਨੀਆਂ ਕਿ ਵੱਡੀ ਉਮਰ ਵਿਚ । ਉਨ੍ਹਾਂ ਨੂੰ ਪਤਾ ਨਹੀਂ ਹੁੰਦਾ ਕਿ ਬੱਚਿਆਂ ਦਾ ਭੋਲਾਪਨ, ਅਲਬੇਲੀ ਤਬੀਅਤ, ਭੈਣ ਭਰਾ ਦਾ ਪਿਆਰ , ਲਾਡ ਤੇ ਰੁਸੇਵੇਂ, ਮਹਾਂਪੁਰਖਾਂ ਦੀ ਬਣਤਰ ਲਈ ਉੱਨੇ ਹੀ ਜ਼ਰੂਰੀ ਹਨ , ਜਿੰਨੇ ਕਿ ਆਮ ਮਨੁੱਖਾਂ ਲਈ । ਇਸ ਤਜਰਬੇ ਵਿਚੋਂ ਲੰਘਣ ਨਾਲ ਖ਼ਿਆਲਾਂ, ਵਲਵਲਿਆਂ ਤੇ ਅਮਲਾਂ ਦੀ ਉਸਾਰੀ ਕੁਦਰਤੀ ਤੌਰ ਤੇ ਹੁੰਦੀ ਹੈ। ਜਿਨ੍ਹਾਂ ਦੀ ਜ਼ਿੰਦਗੀ ਸਧਾਰਨ ਬਣਨੀ ਹੁੰਦੀ ਹੈ, ਉਨ੍ਹਾਂ ਨੂੰ ਬਚਪਨ ਦਾ ਇਹ ਤਜਰਬਾ ਸੰਸਾਰ ਦੇ ਆਮ ਕੰਮਾਂ ਲਈ ਤਿਆਰ ਕਰਦਾ ਹੈ ਅਤੇ ਜਿਨ੍ਹਾਂ ਨੇ ਪੂਰਣਤਾ ਪ੍ਰਾਪਤ ਕਰਨੀ ਹੁੰਦੀ ਹੈ, ਉਨ੍ਹਾਂ ਲਈ ਘਰ ਦਾ ਪਿਆਰ, ਮਾਪਿਆਂ ਤੋਂ ਉਦਰੇਵਾਂ ਤੇ ਰੋਸਾ ਭੈਣਾਂ ਦਾ ਥਾਂ ਥਾਂ ਤੇ ਵੀਰ ਨੂੰ ਬਚਾਉਣਾ ਇਕ ਅਜੇਹਾ ਚੌਗਿਰਦਾ ਬਣਾ ਰੱਖਦਾ ਹੈ ਜਿਸ ਤੋਂ ਉਨ੍ਹਾਂ ਦੇ ਵਲਵਲੇ ਉਚੇ ਸਾਈਂ ਦੇ ਪਿਆਰ ਵੱਲ ਪ੍ਰੇਰੇ ਜਾਂਦੇ ਹਨ ਅਤੇ ਸਿੱਕਾਂ ਸਿੱਕਣ ਤੇ ਕੁਰਬਾਨੀਆਂ ਕਰਨ ਦੀ ਜਾਚ ਆਉਂਦੀ ਹੈ। ਜਿਨ੍ਹਾਂ ਲਿਖਾਰੀਆਂ ਨੇ ਬਚਪਨ ਦੇ ਜ਼ਰੂਰੀ ਤਜਰਬੇ ਨੂੰ ਨਹੀਂ ਸਮਝਿਆ, ਉਨ੍ਹਾਂ ਨੇ ਈਸਾ ਦਾ ਜੀਵਨ ਉਨ੍ਹਾਂ ਦੇ ਬਚਪਨ ਦਾ ਹਾਲ ਦੇਣ ਤੋਂ ਬਿਨਾਂ ਹੀ ਲਿਖ ਦਿਤਾ, ਅਤੇ ਬੁੱਧ ਮਹਾਰਾਜ ਅਤੇ ਗੁਰੂ ਨਾਨਕ ਦੇ ਮਾਪਿਆਂ ਦੇ ਆਚਰਣ ਨੂੰ ਬਹੁਤ ਕੋਝੇ ਰੰਗ ਵਿਚ ਰੰਗਿਆ। ਜੇ ਲਿਖਾਰੀਆਂ ਨੂੰ ਖ਼ਿਆਲ ਹੁੰਦਾ ਕਿ ਮਹਾਂਪੁਰਖ ਵੀ ਘਰ ਦੇ ਆਲੇ-ਦੁਆਲੇ ਵਿਚੋਂ ਚੰਗਾ ਅਸਰ ਲੈ ਸਕਦੇ ਹਨ, ਤਾਂ ਉਹ ਇਨ੍ਹਾਂ ਦੇ ਮਾਪਿਆਂ ਦਾ ਜ਼ਿਕਰ ਬੜੇ ਸਤਿਕਾਰ ਨਾਲ ਕਰਦੇ ਅਤੇ ਉਨ੍ਹਾਂ ਦੇ ਘਰੋਗੀ ਚੁਗਿਰਦੇ ਵਿਚ ਕੁਝ ਵੀ ਮਹਾਨਤਾ ਦੇ ਚਿੰਨ੍ਹ ਲੱਭਣ ਦਾ ਜਤਨ ਕਰਦੇ। ਮੈਨੂੰ ਤਾਂ ਗੁਰੂ ਨਾਨਕ ਦੇਵ ਜੀ ਦੀ ਜਨਮਸਾਖੀ ਵਿਚੋਂ ਵਧੀਕ ਤੋਂ ਵਧੀਕ ਦਰਦਨਾਕ ਤੇ ਰੋਮਾਂਚ ਕਰ ਦੇਣ ਵਾਲਾ ਨਜ਼ਾਰਾ ਉਹ ਲੱਭਦਾ ਹੈ, ਜਿਸ ਵਿਚ ਗੁਰੂ ਜੀ ਪਰਦੇਸ-ਯਾਤਰਾ ਕਰ ਕੇ ਘਰ ਨੂੰ ਪਰਤਦੇ ਹਨ, ਪਰ ਦਿਲ ਨੂੰ ਕਰੜਾ ਕਰ ਕੇ ਆਪ ਬਾਹਰ ਖੂਹ ਤੇ ਬਹਿ ਜਾਂਦੇ ਹਨ ਅਤੇ ਭਾਈ ਮਰਦਾਨੇ ਨੂੰ ਆਪਣੇ ਘਰ ਵਾਲਿਆਂ ਦੀ ਖ਼ਬਰ-ਸੁਰਤ ਲੈਣ ਲਈ ਪਿੰਡ ਭੇਜਦੇ ਹਨ ਪਰ ਕਹਿੰਦੇ ਹਨ ਇਹ ਨਾ ਦੱਸੀਂ ਕਿ ਮੈਂ ਵੀ ਇਥੇ ਆਇਆ ਹਾਂ। ਮਰਦਾਨਾ ਮਾਤਾ ਤ੍ਰਿਪਤਾ ਜੀ ਪਾਸ ਪੁਜਦਾ ਹੈ ਅਤੇ ਘਰ ਦਾ ਹਾਲ ਪੁੱਛ ਕੇ ਵਿਦਾ ਹੋਣ ਲੱਗਦਾ ਹੈ ਮਾਤਾ ਜੀ ਵੀ ਉਸ ਦੇ ਪਿਛੇ-ਪਿਛੇ ਪਿੰਡ ਤੋਂ ਬਾਹਰ ਉਸ ਥਾਂ ਪੁੱਜਦੇ ਹਨ ਜਿਥੇ ਗੁਰੂ ਜੀ ਬੈਠੇ ਹਨ। ਜੇ ਕਿਸੇ ਨੇ ਮਾਂ ਦੇ ਵਡਿੱਤਣ ਤੇ ਅਰਸ਼ੀ ਅਸਰ ਨੂੰ ਦੇਖਣਾ ਹੋਵੇ ਤਾਂ ਇਸ ਨਜ਼ਾਰੇ ਦੇ ਹਾਲ ਨੂੰ ਪੜ੍ਹਨ । ਮਾਤਾ ਆਪਣੇ ਪੁੱਤਰ ਨੂੰ ਵੇਖ ਕੇ ਬਿਹਬਲ ਹੋ ਜਾਂਦੀ ਹੈ , ਅਤੇ ਓਸ ਵੇਲੇ ਜੋ ਮਮਤਾ ਵਾਲੇ ਲਫ਼ਜ਼ ਕਹਿੰਦੀ ਹੈ, ਉਨ੍ਹਾਂ ਦਾ ਕਹੁਣਾ-ਰਸ ਉੱਚੀ ਤੋਂ ਉੱਚੀ ਕਵਿਤਾ ਤੇ ਉੱਚੇ ਤੋਂ ਉੱਚੇ ਵਲਵਲੇ ਨੂੰ ਮਾਤ ਕਰਦਾ ਹੈ। ਪੁੱਤਰ ਦਾ ਮੱਥਾ

Downloaded from https:// www.studiestoday.com

Downloaded from https:// www.studiestoday.com



ਚੁੰਮ ਕੇ ਉਹ ਕਹਿੰਦੀ ਹੈ: "ਵੇ ਬੱਚਾ! ਮੈਂ ਵਾਰੀ! ਮੈਂ ਤੈਥੋਂ ਵਾਰੀ! ਮੈਂ ਉਨ੍ਹਾਂ ਦੇਸ਼ਾਂ ਤੋਂ ਵਾਰੀ! ਉਨ੍ਹਾਂ ਰਾਹਾਂ ਤੋਂ ਵਾਰੀ ਜਿਨ੍ਹਾਂ ਉੱਤੇ ਚਲਕੇ ਤੂੰ ਆਇਆ ਹੈਂ। ਜੇ ਕੋਈ ਸੁੱਕਾ ਫਿਲਾਸਫ਼ਰ ਹੁੰਦਾ ਤਾਂ ਓਸੇ ਵੇਲੇ ਆਪਣੀ ਮਾਂ ਨੂੰ ਕਹਿੰਦਾ, "ਜਾ ਭਈ ਜਾ। ਇਨ੍ਹਾਂ ਤਿਲਾਂ ਵਿਚ ਤੇਲ ਨਹੀਂ। ਤੂੰ ਮਾਇਆ ਦਾ ਰੂਪ ਧਾਰ ਕੇ ਮੈਨੂੰ ਭਰਮਾਉਣ ਆਈ ਹੈਂ।" ਨਹੀਂ, ਗੁਰੂ ਜੀ ਮਾਤਾ ਜੀ ਦੇ ਬਚਨ ਸੁਣ ਕੇ ਵਿੱਸ ਪਏ ਅਤੇ ਉਸ ਦੇ ਚਰਨਾਂ ਉਤੇ ਡਿਗ ਕੇ ਰੋਏ, ਖ਼ੂਬ ਰੋਏ। ਉਹ ਅੱਥਰੂ ਹਜ਼ਾਰ ਗਿਆਨ ਧਿਆਨ ਦਾ ਨਿਚੋੜ ਸਨ, ਹਜ਼ਾਰ ਫ਼ਰਜ਼ਾਂ ਤੇ ਪਰ-ਉਪਕਾਰਾਂ ਦੀ ਜੜ੍ਹ ਨੂੰ ਸਿੰਜਣ ਵਾਲੇ ਸਨ। ਕੀ ਗੁਰੂ ਨਾਨਕ ਸਾਹਿਬ ਦੇ ਦਿਲ ਉਤੇ ਬੀਬੀ ਨਾਨਕੀ ਦੇ ਪਿਆਰ ਦਾ ਘੱਟ ਅਸਰ ਸੀ, ਜਿਸ ਨੇ ਬਚਪਨ ਵਿਚ ਲੋਰੀਆਂ ਦੇ ਕੇ ਕੁੱਛੜ ਚੁੱਕ ਕੇ ਪਾਲਿਆ ਸੀ ਤੇ ਪਿਤਾ ਦੀਆਂ ਚਪੇੜਾਂ ਤੋਂ ਬਚਾਇਆ ਅਤੇ ਖਰੇ ਸੌਦੇ ਕਰਦਿਆਂ ਸਲਾਹਿਆ ਤੇ ਉਤਸ਼ਾਹਿਆ ਸੀ? ਜੇ ਉਹ ਨਾਨਕ ਸਨ ਤਾਂ ਕੀ ਉਹ 'ਨਾਨਕੀ' ਨਹੀਂ ਸੀ?

ਕੀ ਮੁਹੰਮਦ ਸਾਹਿਬ ਦੀ ਜ਼ਿੰਦਗੀ ਉਤੇ ਉਨ੍ਹਾਂ ਦੀ ਬੀਵੀ ਖ਼ਦੀਜਾ ਦਾ ਅਸਰ ਘੱਟ ਸੀ ਜਿਸ ਨੇ ਔਖੇ ਤੋਂ ਔਖੇ ਵੇਲੇ ਉਨ੍ਹਾਂ ਦੀ ਮੱਦਦ ਕੀਤੀ ਤੇ ਉਨ੍ਹਾਂ ਦੇ ਜੀਵਨ-ਆਦਰਸ਼ ਨੂੰ ਸਭ ਤੋਂ ਪਹਿਲਾਂ ਸਮਝ ਕੇ ਉਸ ਵਿਚ ਯਕੀਨ ਕੀਤਾ ਅਤੇ ਸਦਾ ਹੌਸਲਾ ਵਧਾਇਆ? ਜਦ ਹਜ਼ਰਤ ਮੁਹੰਮਦ ਨੂੰ ਰੱਬ ਵਲੋਂ ਬਾਣੀ ਉਤਰਦੀ ਸੀ ਤਾਂ ਉਹ ਥੱਕ ਕੇ ਇੰਨੇ ਨਿਸਲ ਹੋ ਜਾਂਦੇ ਸਨ ਕਿ ਉਨ੍ਹਾਂ ਨੂੰ ਆਰਾਮ ਦੇ ਕੇ ਮੁੜ ਅਸਲੀ ਹਾਲਾਤ ਤੇ ਲਿਆਉਣ ਵਾਲੀ ਖ਼ਦੀਜਾ ਹੀ ਸੀ ਜੋ ਉਨ੍ਹਾਂ ਦਾ ਸਿਰ ਆਪਣੇ ਪੱਟਾਂ ਉਤੇ ਰੱਖ ਕੇ ਸਭ ਥਕੇਵੇਂ ਦੂਰ ਕਰ ਦਿੰਦੀ ਸੀ।

ਜੇ ਕਾਰਲਾਈਲ ਆਪਣੀ ਤੀਵੀਂ ਨੂੰ ਪਿਆਰ ਕਰਦਾ ਤਾਂ ਉਹ ਇੰਨਾ ਕ੍ਰਿਝ ਤੇ ਸੜੂ ਨਾ ਹੁੰਦਾ। ਉਹ ਆਪਣੇ ਕਮਰੇ ਵਿਚ ਪੜ੍ਹਦਾ ਜਾਂ ਲਿਖਦਾ ਰਹਿੰਦਾ ਸੀ, ਅਤੇ ਉਸ ਦੀ ਵਹੁਟੀ ਵੱਖ ਬਰਾਂਡੇ ਵਿਚ ਬੈਠੀ ਆਏ-ਗਏ ਨੂੰ ਤ੍ਰਾਹਦੀ ਰਹਿੰਦੀ। ਜਦ ਕਦੀ ਉਹ ਹੀਆ ਕਰ ਕੇ ਉਸ ਦੇ ਕਮਰੇ ਦਾ ਬੂਹਾ ਖੋਲ੍ਹ ਕੇ ਅੰਦਰ ਝਾਕਦੀ ਤਾਂ ਉਹ ਖਿਝ ਕੇ ਖਾਣ ਨੂੰ ਪੈਂਦਾ ਅਤੇ ਉਸ ਨੂੰ ਤ੍ਰਾਹ ਕੇ ਬਾਹਰ ਕੱਢ ਦਿੰਦਾ। ਉਸ ਦਾ ਸਾਰੇ ਸੰਸਾਰ ਨੂੰ ਚੁੱਪ ਦੇ ਮਜ਼ਮੂਨ ਉਤੇ ਅਮੁੱਕ ਸਿੱਖਿਆ ਦੇਣ ਦਾ ਕੀ ਲਾਭ ਜਦ ਉਸ ਦੀ ਆਪਣੀ ਕਲਮ ਚੁੱਪ ਨਹੀਂ ਕਰਦੀ ਅਤੇ ਅਹਿਮਕ ਨਾਈ ਦੀ ਕੈਂਚੀ ਵਾਕਰ ਲੁਤਰ ਲੁਤਰ ਕਰਦੀ ਰਹਿੰਦੀ ਹੈ? ਉਸ ਦੀ ਲੰਮੇ ਲੰਮੇ ਲੇਖ ਲਿਖ ਕੇ ਲੋਕਾਂ ਨੂੰ ਚਾਬਕ ਵਰਗੀ ਤਾੜਨਾ ਕਰਨ ਦਾ ਕੀ ਲਾਭ ਜੇ ਉਹ ਆਪ ਇਕ ਘਰ ਦੀ ਸੁਆਣੀ ਨੂੰ ਵੀ ਅਰਾਮ ਨਾ ਦੇ ਸਕੇ

ਅੱਜ ਕੱਲ੍ਹ ਬਹੁਤ ਸਾਰੀ ਦੁਰਾਚਾਰੀ ਦਾ ਕਾਰਣ ਘਰੋਗੀ ਵਸੋਂ ਦਾ ਘਾਟਾ ਅਤੇ ਬਾਜ਼ਾਰੀ ਰਹਿਣੀ -ਬਹਿਣੀ ਦਾ ਵਾਧਾ ਹੈ। ਲੋਕੀਂ ਘਰ ਦੇ ਸਦਾਚਾਰੀ ਅਸਰ ਨੂੰ ਨਾ ਜਾਣਦੇ ਹੋਏ ਬਾਲ ਬੱਚੇ ਤੇ ਤੀਵੀਂ ਨਾਲ ਜੀਵਨ ਬਿਤਾਣ ਦੀ ਥਾਂ ਕਲੱਬਾਂ ਤੇ ਹੋਟਲਾਂ ਦੀ

Downloaded from https:// www.studiestoday.com

Downloaded from https:// www.studiestoday.com



ਰਹਿਣੀ ਨੂੰ ਵਧੇਰੇ ਪਸੰਦ ਕਰਦੇ ਹਨ। ਇਸ ਦਾ ਸਿੱਟਾ ਇਹ ਨਿਕਲ ਰਿਹਾ ਹੈ ਕਿ ਲੋਕਾਂ ਵਿਚੋਂ ਉਹ ਘਰੋਗੀ ਜ਼ਿੰਮੇਵਾਰੀ, ਉਹ ਬਿਰਾਦਰੀ ਵਾਲੀ ਸ਼ਰਾਫ਼ਤ ਅਤੇ ਉਹ ਮਿੱਠਤ ਤੇ ਨਿਮ੍ਰਤਾ ਵਾਲੇ ਗੁਣ ਘਟ ਰਹੇ ਹਨ ਜੋ ਕੇਵਲ ਘਰੋਗੀ ਆਚਰਣ ਤੋਂ ਹੀ ਉਪਜਦੇ ਹਨ। ਇਸਤਰੀ ਤੇ ਬੱਚਿਆਂ ਵਿਚ ਕੇਵਲ ਇਤਨੀ ਦਿਲਚਸਪੀ ਦੱਸੀ ਜਾਂਦੀ ਹੈ ਜਿਤਨੀ ਕਿ ਉਹਨਾਂ ਨੂੰ ਘਰ ਤੋਂ ਬਾਹਰ ਲੋਕਾਂ ਦੇ ਸਾਹਮਣੇ ਸੂਕੇ ਬਾਂਕੇ ਬਣ ਕੇ ਵਿਖਾਣ ਜੋਗਾ ਬਣਾ ਦੇਵੇ। ਇਹ ਬਹੁਤ ਘਟ ਦੇਖਿਆ ਜਾਂਦਾ ਹੈ ਕਿ ਘਰ ਦਾ ਮਾਲਕ ਆਪਣੇ ਘਰ ਦੇ ਬੰਦਿਆਂ ਲਈ ਕੋਈ ਦਿਮਾਗ਼ੀ, ਸਦਾਚਾਰਕ ਜਾਂ ਆਤਮਕ ਉਨਤੀ ਵਾਲੇ ਸਾਧਨ ਇਕੱਠੇ ਕਰਦਾ ਹੋਵੇ ਜਾਂ ਖੇਡਾਂ, ਪੁਸਤਕਾਂ, ਸਵਾਦੀ ਤਮਾਸ਼ੇ ਜਾਂ ਧਾਰਮਕ ਸਿੱਖਿਆ ਦੇ ਸਮਿਆਨ ਵਧਾਣ ਦਾ ਜਤਨ ਕਰਦਾ ਹੋਵੇ।

ਮੁੰਡਿਆਂ ਅਤੇ ਵਿਦਿਆਰਥੀਆਂ ਬਾਬਤ ਭੀ ਸ਼ਕਾਇਤ ਕੀਤੀ ਜਾਂਦੀ ਹੈ ਕਿ ਉਹ ਸਮਾਜਕ ਵਰਤੋਂ ਵਿਚ ਕੋਰੇ ਜਹੇ ਗ਼ੈਰ-ਜ਼ਿੰਮੇਵਾਰ ਅਤੇ ਕੋਈ ਸਦਾਚਾਰ ਦੀਆਂ ਹੱਦਾਂ ਟੱਪ ਜਾਣ ਵਾਲੇ ਹੋ ਜਾਂਦੇ ਹਨ। ਇਸ ਦਾ ਕਾਰਨ ਵੀ ਘਰਾਂ ਨੂੰ ਛੱਡ ਕੇ ਬੋਰਡਿੰਗ ਦੀ ਰਹਿਣੀ ਬਹਿਣੀ ਹੈ। ਜਿਹੜਾ ਮੁੰਡਾ ਬਚਪਨ ਤੋਂ ਲੈ ਕੇ ਉਮਰ ਦਾ ਚੋਖਾ ਹਿੱਸਾ ਮਾਂ, ਭੈਣ, ਭਰਾ ਤੇ ਗੁਆਂਢੀਆਂ ਤੋਂ ਵੱਖਰਾ ਰਹਿ ਕੇ ਬੋਰਡਿੰਗ ਵਿਚ ਕੱਟਦਾ ਹੈ, ਉਸ ਵਿਚ ਘਰੋਗੀ ਗੁਣ (ਲੱਜਾ, ਹਮਦਰਦੀ, ਬਰਾਦਰੀ ਦਾ ਸਨਮਾਨ ਆਦਿ) ਨਹੀਂ ਪੈਦਾ ਹੁੰਦੇ। ਚਾਚੀ ਮਰ ਜਾਏ,ਤਾਂ ਮੁੰਡੇ ਨੂੰ ਆਪਣੇ ਚਾਚੇ ਪਾਸ ਜਾ ਕੇ ਪਰਚਾਉਣੀ ਕਰਨ ਦੀ ਜਾਚ ਨਹੀਂ ਆਉਂਦੀ। ਮਾਂ ਨੂੰ ਨਾਲ ਜਾ ਕਹਿਣਾ ਪੈਂਦਾ ਹੈ, "ਕਾਕਾ ਚਾਚੀ ਲਈ ਅਫ਼ਸੋਸ ਕਰਨ ਆਇਆ ਹੈ।"

ਅਸਲੀ ਧਾਰਮਿਕ ਜੀਵਨ ਦੀ ਨੀਂਹ ਘਰ ਦੀ ਰਹਿਣੀ -ਬਹਿਣੀ ਵਿਚ ਰੱਖੀ ਜਾ ਸਕਦੀ ਹੈ। ਪਰ ਲੋਕਾਂ ਦੀ ਰੁਚੀ ਘਰਾਂ ਵਲ ਘੱਟ ਹੋਣ ਕਰਕੇ ਧਾਰਮਕ ਰਹਿਣੀ ਭੀ ਇਕ ਲੋਕ ਚਾਰਾ ਬਣ ਗਈ ਹੈ। ਧਰਮ ਘਰਾਂ ਵਿਚੋਂ ਨਿਕਲ ਕੇ ਬਾਜ਼ਾਰਾਂ ਵਿਚ ਆ ਗਿਆ ਹੈ। ਲੋਕੀਂ ਧਰਮ ਦੀ ਕਮਾਈ ਬਸ ਇਸੇ ਨੂੰ ਸਮਝੀ ਬੈਠੇ ਹਨ ਕਿ ਦਿਨ-ਦਿਹਾਰ ਨੂੰ ਕਿਸੇ ਦੀਵਾਨ ਵਿਚ ਹਾਜ਼ਰ ਹੋ ਕੇ ਪਾਠ, ਲੈਕਚਰ ਜਾਂ ਅਰਦਾਸ ਨੂੰ ਸੁਣ ਛਡਣ। ਘਰ ਵਿਚ ਇਸਤਰੀ ਬੱਚਿਆਂ ਨਾਲ ਰਲ ਕੇ ਪਾਠ ਕਰਨਾ ਜਾਂ ਅਰਦਾਸ ਕਰਨੀ ਬਹੁਤ ਘਟ ਦੇਖੀ ਜਾਂਦੀ ਹੈ। ਪਰ ਅਸਲ ਵਿਚ ਧਾਰਮਿਕ ਰੁਚੀ ਕੇਵਲ ਉਸੇ ਆਦਮੀ ਦੇ ਅੰਦਰ ਪੈਦਾ ਹੋ ਸਕਦੀ ਹੈ ਜੋ ਘਰ ਵਾਲਿਆਂ ਨਾਲ ਰਲ ਕੇ ਕੋਈ ਧਾਰਮਿਕ ਸੰਸਕਾਰ ਕਰਦਾ ਜਾਂ ਆਪਣੇ ਰੱਬ ਨੂੰ ਯਾਦ ਕਰਦਾ ਹੈ।

ਜਿਹੜੇ ਲੋਕੀਂ ਘਰੋਗੀ ਜੀਵਨ ਛੱਡ ਕੇ ਸਾਧ ਸੰਤ ਬਣ ਕੇ ਧਰਮ ਕਮਾਉਣਾ ਚਾਹੁੰਦੇ ਹਨ, ਉਹਨਾਂ ਲਈ ਉਤਨਾ ਔਖਾ ਹੈ ਜਿਤਨਾ ਕਿ ਉਸ ਕਿਸਾਨ ਲਈ ਜੋ ਜ਼ਿਮੀਂ ਨੂੰ ਛੱਡ ਕੇ ਹਵਾ ਵਿਚ ਬੀ ਬੀਜਣਾ ਚਾਹੇ। ਵੱਡੇ ਵੱਡੇ ਮਹਾਂ ਪੁਰਖ ਅਖਵਾਉਣ ਵਾਲੇ ਜੋ ਗ੍ਰਿਹਸਤ ਤੋਂ ਕੰਨੀਂ ਕਤਰਾਂਦੇ ਸਨ,ਧਾਰਮਕ ਜਾਂ ਇਖ਼ਲਾਕੀ ਔਕੜ ਪੈਣ ਤੇ ਝਟ ਡਿਗ

Downloaded from https:// www.studiestoday.com

Downloaded from https:// www.studiestoday.com



ਜਾਂਦੇ ਸਨ। ਕਈ ਤਾਂ ਇਸੇ ਡਰ ਤੋਂ ਕਿ ਕਿਧਰੇ ਮਾਇਆ ਵਿਚ ਫਸ ਨਾ ਜਾਈਏ, ਜੰਮਦਿਆਂ ਹੀ ਕਰਮੰਡਲ ਚੁੱਕ ਕੇ ਬਨਬਾਸ ਕਰਨ ਚਲੇ ਜਾਂਦੇ ਸਨ। ਅੰਤ ਇਹੋ ਜਿਹਿਆਂ ਨੂੰ ਭੀ ਠੀਕ ਰਸਤਾ ਲੱਭਦਾ ਸੀ ਤਾਂ ਗ੍ਰਿਹਸਤੀ ਰਾਜੇ ਜਨਕ ਵਰਗਿਆਂ ਤੋਂ। ਇਸੇ ਲਈ ਸਿੱਖ ਗੁਰੂਆਂ ਨੇ ਘਰੋਗੀ ਜੀਵਨ ਉਤੇ ਜ਼ੋਰ ਦਿਤਾ, ਕਿਉਂਕਿ ਸਦਾਚਾਰ ਬਣਦਾ ਹੀ ਜੀਵਨ ਤੋਂ ਹੈ।

ਜਿਸ ਨੇ ਕਿਸੇ ਵਿਹਾਰ ਵਿਚ ਪੈ ਕੇ ਨਿਤ ਨਿਤ ਬਦ -ਦਿਆਨਤੀ ਦਾ ਟਾਕਰਾ ਨਹੀਂ ਕੀਤਾ , ਉਸ ਨੇ ਦਿਆਨਤਦਾਰ ਦੇ ਗੁਣ ਨੂੰ ਕਿਵੇਂ ਸਿਖਾਣਾ ਹੋਇਆ? ਇਸੇ ਤਰ੍ਹਾਂ ਜਿਸ ਨੇ ਪਿਤਾ, ਮਾਤਾ, ਭਰਾ ਭੈਣ, ਪੁੱਤਰ ਧੀ ਬਣ ਕੇ ਇਨ੍ਹਾਂ ਔਕੜਾਂ ਦਾ ਮੁਕਾਬਲਾ ਨਹੀਂ ਕੀਤਾ, ਉਸ ਨੂੰ ਇਨ੍ਹਾਂ ਸੰਬੰਧਾਂ ਵਿਚੋਂ ਪੈਦਾ ਹੋਏ ਗੁਣ, ਪਿਤਾ-ਪੁਣਾ ਆਦਿ ਕਿਵੇਂ ਆ ਸਕਦੇ ਹਨ? ਪਿਆਰ, ਹਮਦਰਦੀ, ਕੁਰਬਾਨੀ, ਸੇਵਾ ਆਦਿ ਗੁਣ ਕਦੇ ਭੀ ਨਹੀਂ ਸਿੱਖੇ ਜਾ ਸਕਦੇ ਜਦ ਤਕ ਕਿ ਮਨੁੱਖ ਘਰ ਦੇ ਸੰਬੰਧੀਆਂ ਨਾਲ ਪਿਆਰ, ਉਨ੍ਹਾਂ ਦੀ ਸੰਭਾਲ ਲਈ ਉੱਦਮ ਤੇ ਲਿਆਕਤ ਨਾ ਪੈਦਾ ਕਰੇ।

ਘਰ ਦੇ ਪਿਆਰ ਤੋਂ ਹੀ ਸਮਾਜ ਅਤੇ ਦੇਸ਼ ਪਿਆਰ ਪੈਦਾ ਹੁੰਦਾ ਹੈ। ਕੇਵਲ ਓਹੀ ਲੋਕ ਆਪਣੇ ਮੁਲਕ ਉਤੇ ਹਮਲੇ ਜਾਂ ਅਤਿਆਚਾਰ ਹੁੰਦੇ ਨਹੀਂ ਸਹਾਰ ਸਕਦੇ ਜਿਨ੍ਹਾਂ ਦੇ ਘਰਾਂ ਨੂੰ, ਟੱਬਰਾਂ ਨੂੰ, ਵਹੁਟੀ ਤੇ ਬੱਚਿਆਂ ਨੂੰ ਨੁਕਸਾਨ ਹੋਣ ਦਾ ਖ਼ਤਰਾ ਹੁੰਦਾ ਹੈ । ਮੈਨੂੰ ਹਿੰਦੁਸਤਾਨ ਉਤਨਾ ਹੀ ਪਿਆਰਾ ਹੈ ਜਿਤਨਾ ਕਿ ਮੇਰੇ ਆਪਣੇ ਅਡਿਆਲੇ ਪਿੰਡ ਦਾ ਕੱਚਾ ਕੋਠਾ ਅਤੇ ਉਸ ਵਿਚ ਵੱਸਦੇ ਬੰਦੇ ਪਿਆਰੇ ਹਨ। ਮੈਨੂੰ ਯਾਦ ਹੈ ਜਦ ਮੈਂ ਰਾਵਲਪਿੰਡੀ ਪੜ੍ਹਦਾ ਹੁੰਦਾ ਸਾਂ ਤਾਂ ਹਰ ਹਫ਼ਤੇ ਐਤਵਾਰ ਕੱਟਣ ਨੂੰ ਆਪਣੇ ਪਿੰਡ ਜਾਂਦਾ ਹੁੰਦਾ ਸਾਂ। ਜਦ ਮੈਂ 'ਚੀਰ ਪੜਾਂ' ਤੋਂ ਲੰਘਕੇ ਤ੍ਰਿਪਿਆ ਕੋਲ ਪੁਜਦਾ ਸਾਂ, ਜਿਥੇ ਇਕ ਟਿੱਬੇ ਦੇ ਓਹਲੇ ਮੇਰਾ ਪਿੰਡ ਵਸਦਾ ਦਿਸਦਾ ਸੀ, ਤਾਂ ਪਿੰਡ ਦੀ ਪਿਆਰੀ ਝਾਕੀ ਅੱਖਾਂ ਦੇ ਸਾਹਮਣੇ ਆਉਣ ਤੋਂ ਪਹਿਲਾ ਮੈਂ ਉਸ ਟਿੱਬੇ ਕੋਲ ਠਹਿਰ ਜਾਂਦਾ ਸਾਂ, ਅਤੇ ਦਿੱਲ ਨੂੰ ਚੰਗੀ ਤਰ੍ਹਾਂ ਤਿਆਰ ਕਰਕੇ ਪਿੰਡ ਝਾਕਣ ਦਾ ਹੀਆ ਕਰਦਾ ਸਾਂ । ਮੁੜਦੀ ਵੇਰ ਭੀ ਪਿੰਡ ਨੂੰ ਅੱਖਾਂ ਤੋਂ ਓਹਲੇ ਹੋਣ ਤੋਂ ਪਹਿਲਾਂ ਮੁੜ ਮੁੜ ਦੇਖਦਾ ਸਾਂ। ਕਈ ਵੇਰੀ ਉਸ ਦੇ ਓਹਲੇ ਹੋ ਜਾਣ ਦੇ ਮਗਰੋਂ ਕੁਝ ਕਦਮ ਪਿੱਛੇ ਪਰਤ ਕੇ ਮੁੜ ਪਿੰਡ ਨੂੰ ਦੇਖਣ ਜਾਂਦਾ ਸਾਂ । ਪਿੰਡ ਕਿੱਡਾ ਪਿਆਰਾ ਸੀ ਅਤੇ ਉਸ ਵਿਚ ਵਸਦੇ ਮੇਰੇ ਸੰਬੰਧੀ ਹੋਰ ਭੀ ਪਿਆਰੇ ਸਨ।

**ਅਰਥਾਵਲੀ :**

**ਝਮੇਲਿਆਂ** - ਝਗੜਿਆਂ, ਬਖੇੜਿਆਂ । **ਸ਼ਖ਼ਸੀ** - ਨਿੱਜੀ, ਜ਼ਾਤੀ, ਵਿਅਕਤੀਗਤ। **ਬਿਲਾ ਨਾਗਾ** - ਨਾਗੇ ਤੋਂ ਬਿਨਾਂ, ਹਰ ਰੋਜ਼। **ਕਥੱਕੜ** - ਕਥਾ ਕਰਨ ਵਾਲੇ । **ਨਮਰੂਦ** - ਇੱਕ ਕਾਫ਼ਰ ਜਿਸ ਨੇ ਰੱਬ ਹੋਣ ਦਾ ਦਾਅਵਾ ਕੀਤਾ ਸੀ । **ਪਰਮਾਰਥ** - ਉੱਚ -ਮਨੋਰਥ । **ਅਲਬੇਲੀ ਤਬੀਅਤ** - ਬੇਪਰਵਾਹ ਸੁਭਾਅ ਵਾਲਾ । **ਉਦਰੇਵਾਂ** - ਉਦਾਸੀ। **ਰੋਮਾਂਚ** -

Downloaded from https:// www.studiestoday.com

Downloaded from https:// www.studiestoday.com



ਰੁਮਾਂਸ, ਪਿਆਰ । **ਬਿਹਬਲ** - ਉਤਾਵਲਾ ਕਾਹਲਾ । **ਇਖ਼ਲਾਕੀ** - ਸਦਾਚਾਰਿਕ, ਆਚਰਨ ਨਾਲ ਸੰਬੰਧਿਤ। **ਦਿਆਨਤਦਾਰ** - ਇਮਾਨਦਾਰ, ਨੇਕ । **ਛਾਂਈਂ-ਮਾਈਂ ਹੋ ਜਾਣਾ** - ਗ਼ਾਇਬ ਹੋ ਜਾਣਾ ।

## ਪਾਠ -ਅਭਿਆਸ

1. 'ਘਰ ਦਾ ਪਿਆਰ' ਲੇਖ ਅਨੁਸਾਰ ਘਰ ਤੋਂ ਕੀ ਭਾਵ ਹੈ?
2. ਘਰ ਮਨੁੱਖ ਦੇ ਨਿੱਜੀ ਵਲਵਲਿਆਂ ਤੇ ਸ਼ਖ਼ਸੀ ਰਹਿਣੀ ਦਾ ਕੇਂਦਰ ਕਿਵੇਂ ਹੁੰਦਾ ਹੈ ?
3. 'ਘਰ ਦਾ ਪਿਆਰ' ਲੇਖ ਵਿੱਚ ਲੇਖਕ ਨੇ ਇੱਕ ਬਿਰਧ ਬੀਬੀ ਦਾ ਸੁਭਾਅ ਕਿਹੋ-ਜਿਹਾ ਚਿਤਰਿਆ ਹੈ?
4. ਮਹਾਨ ਵਿਅਕਤੀਆਂ ਦੇ ਚਰਿੱਤਰ ਵਿੱਚ ਘਰ ਦੇ ਪਿਆਰ ਦਾ ਕੀ ਮਹੱਤਵ ਹੁੰਦਾ ਹੈ?
5. ਲੇਖਕ ਨੇ ਗੁਰੂ ਨਾਨਕ ਦੇਵ ਜੀ ਦਾ ਮਾਤਾ ਨਾਲ਼ ਮਿਲਾਪ ਦਾ ਦ੍ਰਿਸ਼ ਕਿਹੋ-ਜਿਹਾ ਚਿਤਰਿਆ ਹੈ?
6. ਮੁਹੰਮਦ ਸਾਹਿਬ ਦੀ ਜ਼ਿੰਦਗੀ ਵਿੱਚ ਬੀਵੀ ਖ਼ਦੀਜਾ ਕਿਵੇਂ ਵਿਚਰਦੀ ਸੀ, ਆਪਣੇ ਸ਼ਬਦਾਂ-ਵਿੱਚ ਲਿਖੋ?
7. ਕਾਰਲਾਈਲ ਦਾ ਆਪਣੀ ਪਤਨੀ ਨਾਲ ਵਤੀਰਾ ਕਿਹੋ-ਜਿਹਾ ਸੀ ਅਤੇ ਕਿਉਂ?
8. "ਘਰ ਦੇ ਪਿਆਰ ਤੋਂ ਹੀ ਸਮਾਜ ਅਤੇ ਦੇਸ ਪਿਆਰ ਪੈਦਾ ਹੁੰਦਾ ਹੈ", ਇਸ ਕਥਨ ਦੀ ਵਿਆਖਿਆ ਕਰੋ।
9. "ਘਰ ਘਟ ਰਹੇ ਹਨ ਅਤੇ ਹੋਟਲ ਵਧ ਰਹੇ ਹਨ", ਲੇਖਕ ਅਨੁਸਾਰ ਸਦਾਚਾਰੀ ਜੀਵਨ ਤੇ ਕੀ ਪ੍ਰਭਾਵ ਪੈ ਰਿਹਾ ਹੈ?
10. ਮਨੁੱਖ ਦੀਆਂ ਧਾਰਮਿਕ ਰੁਚੀਆਂ ਨੂੰ ਬਲਵਾਨ ਬਣਾਉਣ ਵਿੱਚ ਘਰ ਦੇ ਪਿਆਰ ਦਾ ਕੀ ਮਹੱਤਵ ਹੈ?
11. ਲੇਖਕ ਨੇ ਆਪਣੇ ਪਿੰਡ ਦੀ ਝਾਕੀ ਦਾ ਦ੍ਰਿਸ਼ ਕਿਹੋ-ਜਿਹਾ ਚਿਤਰਿਆ ਹੈ, ਬਿਆਨ ਕਰੋ।

***ਘਰ ਦਾ ਪਿਆਰ ਪਰਿਵਾਰ ਦੀ ਨੀਂਹ ਹੁੰਦਾ ਹੈ, ਜਿਸ 'ਤੇ ਸਮਾਜ, ਕੌਮ ਤੇ ਦੇਸ ਦੀ ਉਸਾਰੀ ਹੁੰਦੀ ਹੈ। ਅਮੀਰ ਸ਼ਖ਼ਸੀਅਤ ਘਰ ਦੇ ਪਿਆਰ ਤੋਂ ਬਣਦੀ ਹੈ।***

Downloaded from https:// www.studiestoday.com

Downloaded from https:// www.studiestoday.com

# ਸ. ਗੁਰਬਖ਼ਸ਼ ਸਿੰਘ

(1895-1977)

ਸ. ਗੁਰਬਖਸ਼ ਸਿੰਘ ਦਾ ਜਨਮ ਸ. ਪਿਸ਼ੌਰਾ ਸਿੰਘ ਦੇ ਘਰ 26 ਅਪਰੈਲ, 1895 ਈ: ਨੂੰ ਸਿਆਲਕੋਟ (ਪਾਕਿਸਤਾਨ) ਵਿੱਚ ਹੋਇਆ। ਮੁਢਲੀ ਪੜ੍ਹਾਈ ਤੋਂ ਬਾਅਦ ਕੁਝ ਸਮਾਂ ਕਲਰਕੀ ਕੀਤੀ। ਫਿਰ ਨੌਕਰੀ ਛੱਡ ਕੇ ਰੁੜਕੀ ਤੋਂ ਇੰਜੀਨੀਰਿੰਗ ਦੀ ਡਿਗਰੀ ਪ੍ਰਾਪਤ ਕੀਤੀ। ਕੁਝ ਸਮਾਂ ਫ਼ੌਜ ਵਿੱਚ ਨੌਕਰੀ ਕੀਤੀ ਤੇ ਇੰਜੀਨੀਰਿੰਗ ਦੀ ਉਚੇਰੀ ਵਿੱਦਿਆ ਪ੍ਰਾਪਤ ਕਰਨ ਲਈ ਅਮਰੀਕਾ ਚਲੇ ਗਏ। ਉੱਥੋਂ ਵਾਪਸ ਆ ਕੇ ਕੁਝ ਸਮਾਂ ਰੇਲਵੇ ਵਿੱਚ ਨੌਕਰੀ ਕੀਤੀ। 1931 ਵਿੱਚ ਨੌਕਰੀ ਛੱਡ ਕੇ ਪਿਸ਼ੌਰ ਦੇ ਲਾਗੇ ਖੇਤੀ ਕਰਨ ਲੱਗ ਪਏ। ਉੱਥੇ ਹੀ 1933 ਵਿੱਚ ਮਾਸਿਕ ਪੱਤਰ 'ਪ੍ਰੀਤ ਲੜੀ' ਕੱਢਣਾ ਸ਼ੁਰੂ ਕਰ ਦਿੱਤਾ। ਉਸ ਪਿੱਛੋਂ ਪ੍ਰੀਤ ਨਗਰ ਆ ਵਸਾਇਆ। ਉਦੋਂ ਤੋਂ ਲੈ ਕੇ ਆਪਣੇ ਅੰਤਿਮ ਸੁਆਸ ਤਿਆਗਣ ਤੱਕ ਉਹ 'ਪ੍ਰੀਤ ਲੜੀ' ਦੁਆਰਾ ਪੰਜਾਬੀ ਬੋਲੀ ਦੀ ਸੇਵਾ ਕਰਦੇ ਰਹੇ।

ਗੁਰਬਖ਼ਸ਼ ਸਿੰਘ ਤੋਂ ਪਹਿਲਾਂ ਬਹੁਤੀ ਪੰਜਾਬੀ ਵਾਰਤਕ ਵਿੱਚ ਕੇਵਲ ਧਾਰਮਿਕ ਵਿਸ਼ਿਆਂ ਬਾਰੇ ਹੀ ਲਿਖਿਆ ਜਾਂਦਾ ਸੀ। ਆਪ ਨੇ ਪੰਜਾਬੀ ਵਾਰਤਕ ਦੇ ਘੇਰੇ ਨੂੰ ਵਿਸ਼ਾਲ ਕਰ ਕੇ ਸਮਾਜਿਕ, ਨੈਤਿਕ ਤੇ ਜ਼ਿੰਦਗੀ ਦੀਆਂ ਹੋਰ ਅਨੇਕ ਸਮੱਸਿਆਵਾਂ ਦੇ ਵਿਸ਼ਿਆਂ ਬਾਰੇ ਆਪਣੇ ਲੇਖਾਂ ਅਤੇ ਕਹਾਣੀਆਂ ਵਿੱਚ ਲਿਖਣਾ ਸ਼ੁਰੂ ਕੀਤਾ। ਆਪ ਨੇ ਦੋ ਦਰਜਨ ਤੋਂ ਵੱਧ ਵਾਰਤਕ ਪੁਸਤਕਾਂ ਪੰਜਾਬੀ ਵਿੱਚ ਲਿਖੀਆਂ। ਪੱਛਮੀ ਦੇਸਾਂ ਵਿੱਚ ਦੇਖੇ ਖੁੱਲ੍ਹੇ-ਡੁਲ੍ਹੇ ਜੀਵਨ ਦਾ ਆਪ ਦੇ ਵਿਚਾਰਾਂ 'ਤੇ ਬਹੁਤ ਡੂੰਘਾ ਪ੍ਰਭਾਵ ਸੀ। ਉਸ ਜੀਵਨ ਨੂੰ ਇਹਨਾਂ ਆਪਣਾ ਆਦਰਸ਼ ਬਣਾ ਲਿਆ ਸੀ। ਆਪ ਨੇ ਸਮਾਜਿਕ ਕੁਰੀਤੀਆਂ, ਵਹਿਮਾਂ-ਭਰਮਾਂ ਤੇ ਹੋਰ ਬੁਰਾਈਆਂ ਨੂੰ ਆਪਣੀ ਲੇਖਣੀ ਦੁਆਰਾ ਪੇਸ਼ ਕੀਤਾ। ਉਹਨਾਂ ਸਭਨਾਂ ਨੂੰ ਉੱਚੀ, ਸੁੱਚੀ ਤੇ ਸਾਂਵੀਂ-ਪੱਧਰੀ ਜ਼ਿੰਦਗੀ ਜਿਊਣ ਲਈ ਪ੍ਰੇਰਿਆ।

## ਬੋਲੀ

ਮੂੰਹ ਮਨੁੱਖ ਦੇ ਸਰੀਰ ਦਾ ਚਿੱਤਰ ਹੈ। ਇਹਦੇ ਤੋਂ ਉਹਦੇ ਸਰੀਰ ਦਾ ਸੁਹੱਪਣ ਜਾਂ ਕੋਹਜ ਪਛਾਣਿਆ ਜਾਂਦਾ ਹੈ। ਬੋਲੀ ਮਨੁੱਖ ਦੀ ਆਤਮਾ ਦਾ ਚਿੱਤਰ ਹੈ- ਇਹਦੇ ਤੋਂ ਉਹਦੀ ਆਤਮਾ ਦਾ ਵਧੀਆ ਘਟੀਆ ਹੋਣਾ ਦਿਸ ਪੈਂਦਾ ਹੈ। ਅਣਬੋਲਿਆ ਮਨੁੱਖ ਐਉਂ ਹੈ ਜਿਉਂ ਕੋਈ ਬੂਹੇ-ਬੰਦ ਮਕਾਨ, ਜਿਸ ਦੀਆਂ ਕੰਧਾਂ ਉੱਤੇ ਬਣਤਰ ਹੀ ਅਸੀਂ ਵੇਖਦੇ ਹਾਂ। ਬੋਲਿਆਂ ਜਿਉਂ ਕਿਸੇ ਨੇ ਬੂਹੇ ਖੋਲ੍ਹ ਕੇ ਸਾਨੂੰ ਅੰਦਰ ਝਾਤੀ ਪੁਆ ਦਿੱਤੀ ਹੈ। ਕਈ ਮਕਾਨਾਂ ਦਾ ਅੰਦਰ ਉਹਨਾਂ ਦੀ ਬਾਹਰਲੀ ਬਣਤਰ ਨਾਲੋਂ ਕੇਡਾ ਹੀ ਸੋਹਣਾ ਤੇ ਕੇਡਾ ਹੀ ਸੁਖ ਦੇਣ ਵਾਲਾ ਹੁੰਦਾ ਹੈ। ਕਿਸੇ ਸੂਹਜ-ਬੁਝੇ ਸਿਆਣੇ ਨੇ ਸੋਹਣੇ ਮੂੰਹ ਵਾਲੇ ਰਾਹੀ ਨੂੰ ਵੇਖ ਕੇ; ਆਖਿਆ ਸੀ: "ਓ ਸੋਹਣਿਆਂ! ਬੋਲ ਖਾਂ! ਵੇਖਾਂ! ਅੰਦਰੋਂ ਤੂੰ ਏਦੂੰ ਵੀ ਸੋਹਣਾ ਹੋਵੇਂਗਾ।"



Downloaded from https:// www.studiestoday.com

Downloaded from https:// www.studiestoday.com



ਅੰਨ੍ਹੇ ਆਮ ਤੌਰ ਉੱਤੇ ਸਿਆਣੇ ਤੇ ਦਿਲਚਸਪ ਹੁੰਦੇ ਹਨ। ਪਰ ਗੂੰਗਾ ਕੋਈ ਵਿਰਲਾ ਹੀ ਦਿਲਚਸਪੀ ਜਗਾਂਦਾ ਹੈ, ਕਿਉਂਕਿ ਬੋਲੀ ਤੋਂ ਹੀ ਅਸੀਂ ਮਨੁੱਖੀ ਅਮੀਰੀ ਦਾ ਮੇਚਾ ਲੈ ਸਕਦੇ ਹਾਂ, ਬੋਲੀ ਹੀ ਦੱਸਦੀ ਹੈ ਕਿ ਬੋਲਣ ਨੇ ਕੀ ਕੁਝ ਆਪਣਾ ਬਣਾਇਆ ਹੈ। ਜੇ ਉਹਦੇ ਅੰਦਰ ਬਹੁਤ ਕੁਝ ਹੈ, ਉਹਦੀ ਬੋਲੀ ਫੁੱਲਾਂ, ਫਲ਼ਾਂ ਲੱਦੇ ਬਾਗ਼ ਵਿੱਚੋਂ ਮਹਿਕਦੀ ਆਈ ਪੌਣ ਵਰਗੀ ਹੁੰਦੀ ਹੈ, ਸਰੋਤੇ ਉਹਨੂੰ ਪਿਆਰ ਦੇਂਦੇ ਹਨ, ਭਰੋਸਾ ਦੇਂਦਾ ਹਨ, ਕਈ ਵਾਰ ਜਿੰਦਾਂ ਵੀ ਹਾਜ਼ਰ ਕਰ ਦੇਂਦੇ ਹਨ। ਜਿਦ੍ਹੇ ਅੰਦਰ ਬਹੁਤਾ ਕੁਝ ਨਹੀਂ ਉਹਦੀ ਬੋਲੀ ਰੜੇ ਰੇਗਿਸਤਾਨਾਂ ਵਿੱਚੋਂ ਰੁੱਖੀ ਤਪਦੀ ਆਈ ਪੌਣ ਵਰਗੀ ਹੁੰਦੀ ਹੈ।

ਬੋਲੀ ਤਦੇ ਅਸਲੀ ਅਮੀਰੀ ਦਾ ਠੀਕ ਮੇਚਾ ਮੰਨੀ ਜਾਂਦੀ ਹੈ ਕਿ ਇਹ ਜ਼ਿੰਦਗੀ ਦੀ ਅਮੀਰੀ ਵਿਚੋਂ ਆਪਣੇ ਲਫ਼ਜ਼ ਚੁਣਦੀ ਹੈ। ਹਰ ਇੱਕ ਲਫ਼ਜ਼ ਕਿਸੇ ਤਜਰਬੇ ਦਾ ਹਿੱਸਾ ਤੇ ਹਰ ਇੱਕ ਤਜਰਬਾ ਕਿਸੇ ਅਕਲ ਦਾ ਹਿੱਸਾ ਹੁੰਦਾ ਹੈ ਤੇ ਅਕਲ ਜ਼ਿੰਦਗੀ ਦਾ ਅਸਲੀ ਸੋਨਾ ਹੈ, ਜਿਦ੍ਹੀ ਲਿਸ਼ਕ ਤੋਂ ਵਿਰਵੇ ਸਡੌਲ ਨਕਸ਼ ਵੀ ਦਿਲਾਂ ਵਿੱਚ ਕੋਈ ਖਿੱਚ ਨਹੀਂ ਪਾਉਂਦੇ ।

ਬੋਲੀ ਦਾ ਖ਼ਜ਼ਾਨਾ ਬਚਪਨ ਦੇ ਚੌਗਿਰਦੇ ਵਿੱਚੋਂ ਜੁੜਨਾ ਸ਼ੁਰੂ ਹੁੰਦਾ ਹੈ। ਬਚਪਨ ਵਿੱਚ ਮਨ ਉੱਤੇ ਚਿੱਤਰੇ ਲਫ਼ਜ਼ ਸਾਨੂੰ ਭੁਲਦੇ ਨਹੀਂ ਤੇ ਮੁਹਰ ਵਰਗਾ ਕੰਮ ਦੇਂਦੇ ਹਨ। ਇੱਕ-ਇੱਕ ਮੁਹਰ ਅਸੀਂ ਅਨੇਕਾਂ ਨਿੱਕੇ ਸਿੱਕਿਆਂ ਵਿੱਚ ਵਟਾਂਦੇ ਹਾਂ ਤੇ ਸਾਡੇ ਖ਼ਜ਼ਾਨੇ ਦੀਆਂ ਪੇਟੀਆਂ ਛਣਕਨ ਲੱਗ ਪੈਂਦੀਆਂ ਹਨ। ਏਸ ਲਈ ਜਿੱਥੇ ਸਾਡਾ ਬਚਪਨ ਬੀਤੇ ਉਹ ਥਾਂ ਮੁਹਰਾਂ ਦੀ ਖਾਣ ਹੈ। ਪਹਿਲਾਂ ਸਾਡੀ ਅਮੀਰੀ ਦਾ ਨਿਰਭਰ ਏਸ ਖਾਣ ਉੱਤੇ ਹੁੰਦਾ ਹੈ। ਜੇ ਸਾਡੀ ਖਾਣ ਵਿੱਚ ਮੁਹਰਾਂ ਕੱਸੀਆਂ ਹਨ ਤਾਂ ਸਾਡੀ ਬਹੁਤੀ ਪੁਟਾਈ ਵੀ ਸਾਨੂੰ ਮਾਲਾ-ਮਾਲ ਨਹੀਂ ਕਰ ਸਕੇਗੀ।

ਏਸ ਲਈ ਬੱਚਿਆਂ ਦੀ ਦੁਨੀਆ ਵਿੱਚ ਅਮੀਰੀ ਦਾ ਵਾਧਾ ਕਾਇਮ ਰੱਖਣਾ ਵੱਡਿਆ ਦਾ ਜ਼ਿੰਦਗੀ ਨਾਲ ਪਹਿਲਾ ਧਰਮ ਹੈ। ਜਿਹੜੇ ਵੱਡੇ ਬੱਚਿਆਂ ਦੀ ਦੁਨੀਆ ਦਾ ਧਿਆਨ ਨਹੀਂ ਰੱਖਦੇ-ਜੀਕਰ ਪਲਦੇ ਤੇ ਜਿੱਥੇ ਪਲਦੇ, ਬੱਚਿਆਂ ਨੂੰ ਪਲੀ ਜਾਂ ਰੁਲੀ ਜਾਣ ਦੇਂਦੇ ਹਨ - ਉਹਨਾਂ ਦੀ ਆਪਣੀ ਦੁਨੀਆ ਵੀ ਦਿਨੋਂ-ਦਿਨ ਕੰਗਾਲ ਹੁੰਦੀ ਜਾਂਦੀ ਹੈ।

ਪਰ ਭਰਪੂਰ ਖਾਣ ਵਿੱਚੋਂ ਵੀ ਸਿਆਣੀ ਪੁਟਾਈ ਹੀ ਦੌਲਤ ਪੁੱਟ ਸਕਦੀ ਹੈ। ਖਾਣਾਂ ਵਿੱਚ ਕਿੰਨਾ ਕੁਝ ਸੋਨਾ ਨਹੀਂ ਹੁੰਦਾ। ਸੋਨੇ ਦੇ ਕਿਣਕੇ ਲੱਭ-ਲੱਭ, ਪੂੰਝ-ਪੂੰਝ ਆਪਣੀਆਂ ਪੇਟੀਆਂ ਵਿੱਚ ਸਾਂਭਣੇ ਜ਼ਰੂਰੀ ਹੁੰਦੇ ਹਨ। ਸਾਡੀ ਪੁਟਾਈ ਤੇ ਸਾਡੀਆ ਲੱਭਾਂ ਦਾ ਨਾਪ ਸਾਡੀ ਬੋਲੀ ਹੁੰਦੀ ਹੈ। ਜਿੰਨੀ ਬਹੁਤੀ ਸਾਡੀ ਪੁਟਾਈ ਤੇ ਜਿੰਨੀ ਬਹੁਤੀ ਸਾਡੀ ਲੱਭ ਓਨੀ ਬਹੁਤੀ ਅਮੀਰ ਸਾਡੀ ਬੋਲੀ ਹੁੰਦੀ ਜਾਏਗੀ।

ਸਾਡੀ ਬੋਲੀ ਉਹ ਹੈ ਜਿਹੜੀ ਸਾਡੇ ਬਚਪਨ ਦੀ ਬੋਲੀ ਹੈ, ਸਾਡੀ ਮਾਂ ਦੀ ਬੋਲੀ ਹੈ। ਬੜੇ ਬੇ-ਭਾਗ ਨੇ ਉਹ ਸ਼ਖਸ ਜਿੰਨ੍ਹਾਂ ਨੂੰ ਵੱਡਿਆਂ ਹੋ ਕੇ ਬਚਪਨ ਦੀ ਬੋਲੀ

Downloaded from https:// www.studiestoday.com

Downloaded from https:// www.studiestoday.com



ਨਾਲੋਂ ਕੋਈ ਵੱਖਰੀ ਬੋਲੀ ਅਪਣਾਨੀ ਪੈਂਦੀ ਹੈ। ਸਿਰਫ਼ ਬਚਪਨ ਦੀ ਬੋਲੀ ਦੀ ਮੁਹਰ ਲਾ ਕੇ ਹੀ ਕੋਈ ਆਪਣੀ ਅੰਦਰਲੀ ਦੌਲਤ ਨੂੰ ਅਖ਼ੀਰਲੇ ਨਿੱਕੇ ਤੋਂ ਨਿੱਕੇ ਸਿੱਕੇ ਤੱਕ ਵਰਤ ਸਕਦਾ ਹੈ। ਹੋਰ ਕਿਸੇ ਵੀ ਬੋਲੀ ਦੀ ਛਾਪ ਸਾਡੇ ਨਿੱਕੇ ਜਜ਼ਬਾਤੀ ਹੀਰੇ ਝੱਲ ਨਹੀਂ ਸਕਦੇ।

ਤਜਰਬਾ ਸਾਡੀ ਦੌਲਤ ਹੈ ਤੇ ਇਹ ਦੌਲਤ ਬਚਪਨ ਦੇ ਸਮੇਂ ਜਿਹੜੀ ਬੋਲੀ ਦੇ ਚਿੰਨ੍ਹਾਂ ਵਿੱਚ ਸਾਂਭੀ ਗਈ ਹੈ, ਓਸੇ ਬੋਲੀ ਦੀ ਸੂਈ ਇਹਦੇ ਉੱਤੇ ਫੇਰਿਆਂ ਇਹ ਗਰਾਮੋਫੋਨ ਦੇ ਰਿਕਾਰਡ ਵਾਂਗ ਵੱਜ ਸਕਦੀ ਹੈ ਤਾਂ ਤੇ ਬੋਲੀ ਨਾਲੋਂ ਵਧੇਰੇ ਧਿਆਨ ਮੰਗਣ ਵਾਲੀ ਕੋਈ ਹੋਰ ਜ਼ਿੰਦਗੀ ਦੀ ਦੌਲਤ ਨਹੀਂ। ਤਜਰਬਾ ਏਸ ਦੌਲਤ ਦਾ ਖਜ਼ਾਨਾ ਹੈ, ਸ਼ਬਦ ਇਹਦੇ ਸਿੱਕੇ ਤੇ ਨੋਟ ਹਨ, ਜਿਨ੍ਹਾਂ ਨੂੰ ਅਸੀਂ ਰੋਜ਼ਾਨਾ ਜ਼ਿੰਦਗੀ ਦੀ ਮੰਡੀ ਵਿੱਚ ਚਲਾਂਦੇ ਹਾਂ। ਜ਼ਿੰਦਗੀ ਦੀ ਦੌਲਤ ਬਿਨਾਂ ਸ਼ਬਦ ਨਕਾਰੇ ਹੁੰਦੇ ਹਨ ਤੇ ਸ਼ਬਦਾਂ ਬਿਨਾਂ ਇਹ ਦੌਲਤ ਅਣਵਰਤੀ ਪਈ ਰਹੇਗੀ।

ਏਸ ਲਈ ਸਭ ਤੋਂ ਪਹਿਲਾਂ ਤਜਰਬੇ ਦੇ ਮੌਕਿਆਂ ਵਿੱਚ ਵਾਧਾ ਚਾਹਿਆ ਜਾਵੇ। ਪੜ੍ਹਾਈ ਆਪਣੇ ਆਪ ਵਿੱਚ ਕੋਈ ਵੱਡਾ ਤਜਰਬਾ ਨਹੀਂ, ਸਿਰਫ਼ ਤਜਰਬੇ ਦੀ ਲਗਨ ਵਧਾਣ ਤੇ ਤਜਰਬਿਆਂ ਨੂੰ ਸਾਂਭਣ ਦਾ ਸਾਧਨ ਹੈ। ਵੇਖਣਾ, ਖੇਡਣਾ, ਮਿਲਣਾ, ਪਿਆਰਨਾ, ਕੁਝ ਜੋੜਨਾ, ਕੁਝ ਤੋੜਨਾ ਆਦਿ ਅਸਲੀ ਤਜਰਬੇ ਹਨ, ਜਿਹੜੇ ਸਾਡੀ ਸ਼ਖ਼ਸੀਅਤ ਨੂੰ ਅਮੀਰ ਬਣਾਂਦੇ ਤੇ ਸਾਡੀ ਬੋਲੀ ਨੂੰ ਲਿਸ਼ਕਾਂਦੇ ਹਨ।

ਜਵਾਨੀ ਤੇ ਬੁਢਾਪੇ ਨਾਲੋਂ ਕਈ ਗੁਣਾਂ ਕੀਮਤੀ ਸਮਾਂ ਬਚਪਨ ਦਾ ਹੁੰਦਾ ਹੈ। ਇਹਦੇ ਵਿੱਚ ਹੀ ਉਹ ਮੁਹਰਾਂ ਇਕੱਠੀਆਂ ਕੀਤੀਆਂ ਜਾ ਸਕਦੀਆਂ ਹਨ ਜਿਹੜੀਆਂ ਭਨਾ-ਭਨਾ ਕੇ ਜਵਾਨੀ ਤੇ ਬੁਢਾਪਾ ਆਪਣਾ ਔਖਾ ਜਾਂ ਸੌਖਾ ਝੱਟ ਲੰਘਾਂਦੇ ਹਨ ਪਰ ਲਫ਼ਜ਼ ਸੋਨੇ ਦਾ ਨਿੱਕਾ ਜਿਹਾ ਤਿਣਕਾ ਹੁੰਦਾ ਹੈ। ਇਹਦੀ ਬਣਾਵਟ ਗਹਿਣੇ ਦੀ ਘੜਾਈ ਵਾਂਗ ਇਹਦੀ ਅਸਲੀਅਤ ਨੂੰ ਅੱਗੇ ਜਾਂ ਪਿੱਛੇ ਪਾਂਦੀ ਹੈ। ਕਈਆਂ ਦੇ ਲਫ਼ਜ਼ ਇਹੋ ਜਿਹੇ ਕੋਹਜੇ ਘੜੇ ਹੁੰਦੇ ਹਨ ਕਿ ਉਹਨਾਂ ਦੇ ਸੋਨੇ ਨੂੰ ਕੋਈ ਪਿੱਤਲ ਦੇ ਭਾਅ ਵੀ ਨਹੀਂ ਚੁੱਕਦਾ। ਕੋਈ ਸਰਾਫ਼ ਮਹਿੰਗਾ ਸਸਤਾ ਭਾਵੇਂ ਉਹਨੂੰ ਹੱਥ ਪਾ ਲਏ, *ਪਰ ਰੋਜ਼ਾਨਾ ਜ਼ਿੰਦਗੀ ਵਿੱਚ ਚਾਲੂ ਸਿੱਕੇ ਵਾਂਗ ਉਹ ਫ਼ੌਰੀ ਲੋੜਾਂ ਪੂਰੀਆਂ ਨਹੀਂ ਕਰ ਸਕਦਾ।*

ਦੁਨੀਆਂ ਦੇ ਅਨੇਕਾਂ ਲੋਕ ਆਪਣਾ ਮੁੱਲ ਪੂਰਾ ਨਹੀਂ ਪੁਆ ਸਕਦੇ ਕਿਉਂਕਿ ਉਹਨਾਂ ਆਪਣੇ ਲਫ਼ਜ਼ਾਂ ਵੱਲ ਕਦੇ ਧਿਆਨ ਨਹੀਂ ਦਿੱਤਾ। ਉਹਨਾਂ ਦੇ ਕਸੋਹਣੇ, ਛਿੱਥੇ, ਚੁਭਦੇ, ਕੌੜੇ, ਬੇ-ਤਾਬ, ਬੇ-ਰਸ ਲਫ਼ਜ਼ ਉਹਨਾਂ ਦੇ ਸੋਨੇ ਨੂੰ ਬੇ-ਖਿੱਚ ਤੇ ਬੇ-ਕੀਮਤ ਬਣਾਈ ਰਖਦੇ ਹਨ।

ਬੋਲੀ ਨਾ ਸਿਰਫ਼ ਕਾਮਯਾਬੀ ਦੀ ਕੁੰਜੀ ਹੈ, ਇਹ ਜ਼ਿੰਦਗੀ ਦੇ ਹੁਸਨਾਂ ਤੇ ਸੁਆਦਾਂ ਦਾ ਜਾਦੂ ਹੈ। ਇਹ ਸਾਡੇ ਅਣਹੋਣੇ ਸੁਪਨਿਆਂ ਨੂੰ ਵੀ ਲਕੀਰਾਂ, ਘੇਰਿਆਂ ਵਿੱਚ

Downloaded from https:// www.studiestoday.com

Downloaded from https:// www.studiestoday.com



ਚਿੱਤਰ ਕੇ ਅਸਲੀਅਤ ਦਾ ਰੂਪ ਦੇ ਦੇਂਦੀ ਹੈ। ਉਹ ਸਾਡੇ ਜਿਗਰੀ ਪਿਆਰਾਂ ਦੀ ਕਾਸਦ, ਸਾਡੀਆਂ ਪੁੱਗੀਆਂ ਤੇ ਅਣ-ਪੁੱਗੀਆਂ ਰੀਝਾਂ ਦੀ ਫ਼ਿਲਮ ਹੈ, ਜਿਸ ਨੂੰ ਉਦਾਸ ਬੱਦਲਾਂ ਦੇ ਹਨੇਰੇ ਵਿੱਚ ਚਲਾ ਕੇ ਵੀ ਅਸੀਂ ਸੁਨਹਿਰੀ ਧੁੱਪਾਂ ਚੜ੍ਹਾ ਸਕਦੇ ਹਾਂ। ਇਹ ਸਾਡੇ ਤੇ ਸਾਡੇ ਪ੍ਰੀਤਮ ਵਿਚਲੀ ਰੇਸ਼ਮੀ ਲੜੀ ਹੈ। ਸਾਡੀਆਂ ਵਫ਼ਾਵਾਂ ਤੇ ਦੋਸਤੀਆਂ ਦੀ ਸਾਖੀ ਹੈ।

ਕੋਈ ਬੋਲੀ ਬਾਰੇ ਅਣਗਹਿਲੀ ਨਾ ਕਰੇ, ਨਾ ਇਹਦੇ ਬਾਰੇ ਕੋਈ, ਮਸਖਰੀ, ਮਖ਼ੌਲ ਸਹਾਰੇ। ਇਹ ਬੜੀ ਮਹਿੰਗੀ ਤੇ ਪਿਆਰੀ ਵਿਰਾਸਤ ਹੈ। ਮਾਪਿਆਂ ਕੋਲੋਂ, ਉਸਤਾਦਾਂ ਕੋਲੋਂ ਘਰ ਆਏ ਮਹਿਮਾਨਾਂ ਕੋਲੋਂ, ਹੋਕਾਂ ਦੇਂਦੇ ਛਾਬੜੀ ਵਾਲੇ ਕੋਲੋਂ, ਲੱਕੜਾਂ ਪਾੜਨ ਵਾਲੇ ਮਜਦੂਰਾਂ ਕੋਲੋਂ, ਘੁੱਗੂ-ਘੋੜੇ ਵੇਚਣ ਆਈ ਪਖੀਵਾਰਨ ਕੋਲੋਂ, ਗਵਾਲੇ, ਚਰਵਾਹੇ ਕੋਲੋਂ, ਹਰ ਲਫ਼ਜ਼ ਦੇ ਮਾਲਕ ਕੋਲੋਂ ਉਹਦੇ ਲਫ਼ਜ ਸਿੱਖੋ ਤੇ ਸੰਭਾਲੋ। ਲਫ਼ਜ਼ਾਂ ਦੀ ਭੁੱਖ ਪੈਦਾ ਕਰੋ, ਐਉਂ ਟੱਪੇ ਕੋਈ ਦਿਲ-ਰੰਗਿਆਂ ਲਫਜ਼ ਸੁਣ ਕੇ, ਜਿਉਂ ਤਿਤਲੀ ਟੱਪਦੀ ਹੈ ਰਾਂਗਲੇ ਫੁੱਲ ਵੇਖ ਕੇ ।

ਲਫਜ਼ ਆਪਣੇ ਆਪ ਵਿੱਚ ਦੌਲਤ ਨਹੀਂ, ਜਿਸ ਤਰ੍ਹਾਂ ਕਿਸੇ ਸਿੱਕੇ ਉੱਤੇ ਲੱਗੀ ਮੁਹਰ ਆਪ ਦੌਲੰਤ ਨਹੀਂ, ਸਿਰਫ਼ ਕਿਸੇ ਦੌਲਤ ਦੀ ਮੋਤਬਿਰ (ਮੋਹਤਬਰ) ਨਿਸ਼ਾਨੀ ਹੈ। ਉਸੇ ਤਰ੍ਹਾਂ ਲਫ਼ਜ਼ ਵੀ ਦਿਲ ਦੀ ਦੌਲਤ ਦੀਆਂ ਮੁਹਰਾਂ ਹੁੰਦੇ ਹਨ। ਜੇ ਦਿਲ ਵਿੱਚ ਦੋਸਤੀਆਂ ਪਿਆਰਾਂ, ਕੁਰਬਾਨੀਆਂ, ਗੀਤਾਂ, ਕਹਾਣੀਆਂ ਹੰਝੂਆਂ, ਹਾਸਿਆਂ ਤੇ ਕੁਦਰਤ ਦੀਆ ਛੁਹਾਂ ਦੀ ਦੌਲਤ ਅਮੁੱਕ ਹੈ, ਤਾਂ ਮਨੁੱਖੀ ਕੁੱਖ ਵਿੱਚੋਂ ਕਿਹੜਾ ਜੰਮਿਆ ਹੈ, ਜਿਹੜਾ ਜੱਫੀਆਂ ਪਾਂਦੇ ਲਫ਼ਜ਼ਾਂ ਦੀ ਛਣ-ਛਣ ਤੋਂ ਨਿਛਾਵਰ ਹੋਣੋਂ ਰੁਕ ਸਕੇ।

**ਅਰਥਾਵਲੀ :**

**ਸੁਹੱਪਣ** - ਸੁੰਦਰਤਾ, ਖ਼ੂਬਸੂਰਤੀ । **ਸਰੋਤੇ** - ਸ੍ਰੋਤੇ, ਸੁਣਨ ਵਾਲੇ । **ਵਿਰਵੇ** - ਵਾਂਝੇ । **ਚੌਗਿਰਦੇ** - ਚੁਗਿਰਦੇ, ਚਾਰੇ ਪਾਸੇ । **ਖਾਣ** - ਭੰਡਾਰ, ਖ਼ਜ਼ਾਨਾ । **ਮੁਹਰਾਂ** - ਮੋਹਰਾਂ, ਇੱਕ ਕਿਸਮ ਦੇ ਪੁਰਾਣੇ ਸਿੱਕੇ । **ਬੇ-ਤਾਬ** - ਬੇਚੈਨ, ਵਿਆਕੁਲ । **ਕਾਸਦ** - ਹਰਕਾਰਾ, ਸੰਦੇਸ਼ ਪਹੁੰਚਾਉਣ ਵਾਲਾ, **ਮਸਖਰੀ** - ਮਸ਼ਕਰੀ, ਮਖ਼ੌਲ, ਟਿੱਚਰ । **ਗਵਾਲੇ** - ਗਊਆਂ ਪਾਲਣ ਵਾਲੇ । **ਚਰਵਾਹੇ** - ਵਾਗੀ, ਆਜੜੀ, ਪਾਲੀ। **ਮੋਤਬਿਰ** - ਮੁਹਤਬਰ, ਭਰੋਸੇਯੋਗ । **ਨਿਛਾਵਰ** -ਕੁਰਬਾਨ ।

Downloaded from https:// www.studiestoday.com

Downloaded from https:// www.studiestoday.com



## ਪਾਠ-ਅਭਿਆਸ

1. 'ਬੋਲੀ ਮਨੁੱਖ ਦੀ ਆਤਮਾ ਦਾ ਚਿੱਤਰ ਹੈ।' ਇਸ ਕਥਨ ਤੋਂ ਲੇਖਕ ਦਾ ਕੀ ਭਾਵ ਹੈ?
2. ਵੱਡਿਆਂ ਨੂੰ ਬੱਚਿਆਂ ਦੀ ਬੋਲੀ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ, ਕਿਉਂ?
3. ਸਾਡੇ ਰੋਜ਼ਾਨਾ ਜੀਵਨ ਵਿੱਚ ਬੋਲੀ ਦਾ ਕੀ ਮਹੱਤਵ ਹੈ?
4. "ਲਫ਼ਜ਼ ਵੀ ਦਿਲ ਦੀ ਦੌਲਤ ਦੀਆਂ ਮੁਹਰਾਂ ਹੁੰਦੇ ਹਨ," ਕਥਨ ਦੀ ਵਿਆਖਿਆ ਕਰੋ
5. "ਬੋਲੀ ਜ਼ਿੰਦਗੀ ਦੀ ਅਮੀਰੀ ਵਿੱਚੋਂ ਆਪਣੇ ਲਫ਼ਜ਼ ਚੁਣਦੀ ਹੈ", ਕਥਨ ਦੀ ਪੁਸ਼ਟੀ ਕਰੋ।
6. ਬਚਪਨ 'ਚ ਬੋਲੀ ਦਾ ਖ਼ਜ਼ਾਨਾ ਸਾਨੂੰ ਕਿਵੇਂ ਅਮੀਰ ਬਣਾ ਸਕਦਾ ਹੈ?
7. ਮਨੁੱਖੀ ਸ਼ਖ਼ਸੀਅਤ ਲਈ ਤਜਰਬੇ ਦੇ ਮੌਕਿਆਂ ਦੀ ਕੀ ਦੇਣ ਹੈ?

*ਪੰਜਾਬੀ ਸਾਡੀ ਮਾਂ-ਬੋਲੀ ਹੈ। ਭਾਰਤੀ ਸੰਵਿਧਾਨ ਅਨੁਸਾਰ ਕਿੰਨੀਆਂ ਭਾਸ਼ਾਵਾਂ ਨੂੰ ਮਾਨਤਾ ਪ੍ਰਾਪਤ ਹੈ? ਕਿਸੇ ਪੰਜ ਦੇ ਨਾਂ ਲਿਖੋ।*

Downloaded from https:// www.studiestoday.com

Downloaded from https:// www.studiestoday.com

# ਡਾ. ਬਲਬੀਰ ਸਿੰਘ

## (1896-1974)

ਡਾ. ਬਲਬੀਰ ਸਿੰਘ ਦਾ ਜਨਮ 10 ਦਸੰਬਰ, 1896 ਨੂੰ ਪਿਤਾ ਸ.ਚਰਨ ਸਿੰਘ ਤੇ ਮਾਤਾ ਸਰਦਾਰਨੀ ਉੱਤਮ ਕੌਰ ਦੇ ਘਰ, ਅੰਮ੍ਰਿਤਸਰ ਵਿਖੇ ਹੋਇਆ। ਆਪ ਨੂੰ ਬਚਪਨ ਤੋਂ ਹੀ ਸਾਹਿਤ ਅਤੇ ਗਿਆਨ ਪ੍ਰਾਪਤ ਕਰਨ ਦੀ ਲਗਨ ਸੀ। ਆਪ ਖ਼ਾਲਸਾ ਕਾਲਜ ਅੰਮ੍ਰਿਤਸਰ ਵਿੱਚ ਪ੍ਰੋਫ਼ੈਸਰ ਰਹੇ ਤੇ ਕੁਝ ਸਮਾਂ ਕੈਂਬਰਿਜ ਪ੍ਰੈਪਰੇਟਰੀ ਸਕੂਲ ਦੇਹਰਾਦੂਨ ਵਿਖੇ ਪ੍ਰਿੰਸੀਪਲ ਰਹੇ।

ਆਧੁਨਿਕ ਪੰਜਾਬੀ ਵਾਰਤਕ ਦੇ ਮੋਢੀ ਲੇਖਕਾਂ ਵਿੱਚ ਆਪ ਦਾ ਨਾਂ ਵਿਸ਼ੇਸ਼ ਥਾਂ ਰੱਖਦਾ ਹੈ। ਆਪ ਜੀ ਦੀਆਂ ਪ੍ਰਸਿੱਧ ਪੁਸਤਕਾਂ : 'ਲੰਮੀ ਨਦਰ', 'ਕਲਮ ਦੀ ਕਰਾਮਤ', 'ਸ਼ੁੱਧ ਸਰੂਪ', 'ਸੁਰਤਿ ਸ਼ਬਦ ਵੀਚਾਰ', 'ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ' ਆਦਿ ਹਨ। ਆਪ ਦੀ ਵਿਦਵਤਾ ਦਾ ਪ੍ਰਮਾਣ ਆਪ ਦੀਆਂ ਲਿਖਤਾਂ ਹਨ।

ਆਪ ਦੀਆਂ ਵਡਮੁਲੀਆਂ ਸਾਹਿਤਿਕ ਸੇਵਾਵਾਂ ਕਰਕੇ ਪੰਜਾਬ ਯੂਨੀਵਰਸਿਟੀ ਨੇ ਆਪ ਨੂੰ ਡੀ.ਲਿਟ ਦੀ ਉਪਾਧੀ ਨਾਲ ਸਨਮਾਨਿਆ ਅਤੇ ਭਾਸ਼ਾ ਵਿਭਾਗ ਪੰਜਾਬ ਨੇ 'ਸ਼੍ਰੋਮਣੀ ਪੰਜਾਬੀ ਸਾਹਿਤਕਾਰ ਪੁਰਸਕਾਰ' ਨਾਲ ਨਿਵਾਜਿਆ।

## ਪ੍ਰਾਰਥਨਾ

ਬੰਦੇ ਲਈ ਅਰਦਾਸ ਇੱਕ ਜ਼ਰੂਰੀ ਵਸਤੂ ਹੈ। ਕਈ ਮੌਕੇ ਆਉਂਦੇ ਹਨ ਜਦੋਂ ਕਿ ਵੱਡੇ ਰਾਠ ਮਨੁੱਖ ਲਈ ਵੀ ਕੋਈ ਆਸਰਾ ਨਹੀਂ ਰਹਿ ਜਾਂਦਾ, ਸਿਵਾਏ ਇੱਕ ਅਰਦਾਸ ਦੇ। ਸਭ ਤੋਂ ਸਿਆਣਾ ਆਦਮੀ ਸੁਕਰਾਤ ਗਿਣਿਆ ਜਾਂਦਾ ਹੈ। ਇਹ ਮੌਤ ਤੋਂ ਬੇਪ੍ਰਵਾਹ ਸੀ। ਜ਼ਹਿਰ ਦਾ ਪਿਆਲਾ ਏਸ ਨੇ ਸ਼ਰਬਤ ਵਾਕਣ ਪੀ ਲੀਤਾ ਸੀ। ਐਸਾ ਆਦਮੀ ਵੀ ਅਰਦਾਸ ਦਾ ਕਾਇਲ ਸੀ। ਇੱਕ ਥਾਂਵੇਂ ਉਸ ਨੇ ਕਿਹਾ ਹੈ, "ਓ ਪਿਆਰੇ ਪੈਨ ਦੇਵਤਾ ਅਤੇ ਏਸ ਥਾਂ ਦੇ ਹੋਰ ਸਾਰੇ ਦੇਵਤਿਓ! ਮੇਰੀ ਇਹ ਅਰਜ਼ ਕਬੂਲ ਕਰੋ ਕਿ ਮੇਰੇ ਅੰਦਰ ਮੇਰੀ ਰੂਹ ਸੁੰਦਰ ਬਣ ਜਾਵੇ ਅਤੇ ਮੇਰੀਆਂ ਸਾਰੀਆਂ ਬਾਹਰਲੀਆਂ ਵਸਤਾਂ ਏਸ ਅੰਦਰਲੀ ਜੀਵ-ਆਤਮਾ ਦੇ ਨਾਲ ਇਕਸੁਰ ਹੋ ਜਾਣ।

ਸਿੱਖ ਧਰਮ ਵਿੱਚ ਅਰਦਾਸ ਦੀ ਇੱਕ ਖਾਸ ਅਹਿਮੀਅਤ ਹੈ। ਸਾਰੀਆਂ ਰੀਤਾਂ-ਰਸਮਾਂ ਦੀ ਥਾਂਵੇਂ ਸਿੱਖ ਦੀ ਇੱਕ ਅਰਦਾਸ ਕਾਫ਼ੀ ਹੈ। ਸਾਰੇ ਪਰਮਾਰਥਕ ਸਾਧਨਾਂ ਦੀ ਜਗ੍ਹਾਂ ਇੱਕ ਅਰਦਾਸ ਹੀ ਲੋੜੀਂਦੀ ਵਸਤੂ ਹੈ। ਅਰਦਾਸ ਦੀ ਜ਼ਰੂਰਤ ਹਰ ਸੰਸਾਰਕ ਮੌਕੇ ਉੱਪਰ ਹੈ। ਜਨਮ ਵੇਲੇ, ਮਰਨ ਵੇਲੇ, ਵਿਆਹ ਵੇਲੇ ਜੰਗ ਵੇਲੇ। ਕੋਈ ਅਵਸਰ ਨਹੀਂ ਜੋ ਸਿੱਖ ਲਈ ਬਿਨ ਅਰਦਾਸ ਹੋਵੇ।



Downloaded from https:// www.studiestoday.com

Downloaded from https:// www.studiestoday.com



ਸੰਨ 1893 ਵਿੱਚ ਖਾਲਸਾ ਟ੍ਰੈਕਟ ਸੁਸਾਇਟੀ ਦਾ ਮੁੱਢ ਬਝਦਾ ਹੈ। ਇਹ ਸ੍ਰੀਮਾਨ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਪ੍ਰਯਤਨ ਦਾ ਸਿੱਟਾ ਹੈ। ਇਸ ਦਾ ਪਹਿਲਾ ਟ੍ਰੈਕਟ ਜੋ ਛਪਿਆ, ਉਸ ਦਾ ਨਾਮ 'ਪ੍ਰਾਰਥਨਾ' ਹੈ। ਇਸ ਵਿੱਚ ਸਿਰਫ਼ ਅਰਦਾਸ ਦੀ ਜ਼ਰੂਰਤ ਹੀ ਨਹੀਂ ਦਰਸਾਈ ਗਈ, ਪਰੰਤੂ ਸੰਕੇਤਿਕ ਤੌਰ 'ਤੇ ਦੱਸਿਆ ਹੈ ਕਿ ਕਿਸੇ ਵੀ ਕੰਮ ਦਾ ਆਰੰਭ ਅਰਦਾਸ ਤੋਂ ਹੋਣਾ ਚਾਹੀਦਾ ਹੈ। ਖਾਲਸਾ ਟ੍ਰੈਕਟ ਸੁਸਾਇਟੀ ਦਾ ਮੁੱਢ ਏਸ ਅਰਦਾਸ ਤੋਂ ਹੀ ਹੁੰਦਾ ਹੈ।

ਪੜ੍ਹੇ-ਲਿਖੇ ਨੌਜਵਾਨ ਪੁੱਛਦੇ ਹਨ, ਕੀ ਅਰਦਾਸ ਸੁਣੀ ਜਾਂਦੀ ਹੈ? ਕੀ ਅਰਦਾਸ ਦਾ ਉੱਤਰ ਮਿਲਦਾ ਹੈ? ਸ਼ਾਇਦ ਮਿਲਦਾ ਹੋਵੇ, ਪਰ ਉੱਤਰ ਦੀ ਜ਼ਰੂਰਤ ਨਹੀਂ। ਅਰਦਾਸ ਫ਼ਰਜ਼ ਹੈ, ਉੱਤਰ ਗ਼ੈਰ-ਜ਼ਰੂਰੀ ਹੈ।

ਔਸਕਰ ਵਾਇਲਡ ਨੇ ਅਰਦਾਸ ਦੇ ਉੱਤਰ ਬਾਰੇ ਲਿਖਿਆ ਸੀ "ਅਰਦਾਸ ਦਾ ਉੱਤਰ ਮਿਲਣਾ ਹੀ ਨਹੀਂ ਚਾਹੀਦਾ। ਜੇ ਅਰਦਾਸ ਦਾ ਉੱਤਰ ਮਿਲੇ ਤਾਂ ਉਹ ਅਰਦਾਸ ਨਹੀਂ ਰਹਿੰਦੀ,..ਉਹ ਖ਼ਤੋ-ਕਿਤਾਬਤ ਦਾ ਸਿਲਸਿਲਾ ਬਣ ਜਾਂਦਾ ਹੈ।"

ਏਸ ਲਿਹਾਜ਼ ਵਿੱਚ ਸਿੱਖ ਦੀ ਅਰਦਾਸ ਬਿਲਕੁਲ ਨਿਰਾਲੀ ਚੀਜ਼ ਹੈ। ਇਹ ਅਰਦਾਸ ਨਿਜੀ ਯਾਚਨਾ ਦੀ ਮੰਗ ਕਰਦਿਆਂ ਹੋਇਆਂ ਵੀ ਨਿਜ ਦੇ ਪ੍ਰਾਈਵੇਟ ਲੈਵਲ ਤੋਂ ਉੱਪਰ ਹੋ ਜਾਂਦੀ ਹੈ, ਕਿਉਂਕਿ ਇਹ ਖ਼ਤਮ ਸਰਬੱਤ ਦੇ ਭਲੇ ਦੀ ਮੰਗ ਵਿੱਚ ਹੁੰਦੀ ਹੈ।

ਸਿੱਖ ਦੀ ਅਰਦਾਸ ਤਦੇ ਹੀ ਸਫ਼ਲ ਹੈ ਜੇ ਉਹ ਆਪਣੀ ਨਿੱਕੀ ਜਿਹੀ ਹਸਤੀ ਦੀਆਂ ਛੋਟੀਆਂ ਜ਼ਰੂਰਤਾਂ ਤੋਂ ਉੱਠ ਕੇ ਸਰਬੱਤ ਦੇ ਭਲੇ ਵਿੱਚ ਲੀਨ ਹੋ ਜਾਵੇ। ਇਹ ਸਰਬੱਤ ਦੀ ਲੀਨਤਾ ਆਪਣੇ ਆਪ ਵਿੱਚ ਫਲ ਸਰੂਪ ਹੈ।

ਸਿੱਖ ਲਈ ਅਰਦਾਸ ਹੀ ਚੜ੍ਹਦੀ ਕਲਾ ਦਾ ਸਾਧਨ ਹੈ। ਛੋਟੇ ਤੋਂ ਵੱਡੇ ਹੋਣ ਦਾ ਇਹ ਸਹਿ-ਸੁਭਾ ਦਾ ਯਤਨ ਹੈ। ਅਰਦਾਸ ਦਵਾਰਾ ਵੱਡੇ ਹੁੰਦਿਆਂ ਹੀ ਜਾਂ ਐਉਂ ਕਹੋ ਕਿ ਸਰਬੱਤ ਦੇ ਭਾਵ ਵਿੱਚ ਲੀਨ ਹੁੰਦਿਆਂ ਹੀ ਸਾਡੇ ਉਹ ਸਾਰੇ ਨੁਕਸ ਦੂਰ ਹੋ ਜਾਂਦੇ ਹਨ ਜੋ ਛੋਟੇ ਹੋਣ ਕਰਕੇ ਹਨ। ਸਾਡਾ ਨਿਕਾਰਾਪਨ, ਸਾਡਾ ਕਮੀਨਾਪਨ, ਸਾਡਾ ਛੁਟਦਿਲਾਪਨ, ਸਾਡਾ ਵੱਖਰਾਪਨ, ਇਹਨਾਂ ਸਭਨਾਂ ਤੋਂ ਐਸ ਤਰ੍ਹਾਂ ਖਹਿੜਾ ਛੁੱਟ ਜਾਂਦਾ ਹੈ ਤੇ ਮਨੁੱਖ ਐਉਂ ਇਹਨਾਂ ਤੋਂ ਉੱਪਰ ਹੋ ਜਾਂਦਾ ਹੈ, ਜਿਸ ਤਰ੍ਹਾਂ ਉਸ ਦੇ ਵੱਡੇ ਹੁੰਦਿਆਂ ਹੀ ਪੁਰਾਣੇ ਕੱਪੜੇ ਛੋਟੇ ਹੋ ਗਏ ਸਨ। ਏਸੇ ਦਾ ਨਾਮ ਚੜ੍ਹਦੀ ਕਲਾ ਹੈ ਜੋ ਸਰਬੱਤ ਦੇ ਭਲੇ ਦੀ ਭਾਵਲੀਨਤਾ ਤੋਂ ਤਤਖਿਣ ਪ੍ਰਾਪਤ ਹੁੰਦੀ ਹੈ। ਮਾਯਾ ਦੇ ਪਾਪ ਲੀੜੇ ਦਾ ਛੋਟਾ ਰਹਿ ਜਾਣ ਤੇ ਮਨੁੱਖ ਦਾ ਇੱਕ ਸਰਬੱਤ ਪੁਰਖ ਹੋ ਕੇ ਨਿਸ਼ਪਾਪ ਉੱਚਾ ਉੱਠ ਜਾਣ ਦਾ ਨਾਮ ਚੜ੍ਹਦੀ ਕਲਾ ਹੈ। ਏਸ ਅਵਸਥਾ ਦੀ ਪੂਰਨਤਾ ਹੀ ਸਿੱਖ ਅਰਦਾਸ ਦੀ ਕਰਾਮਾਤ ਹੈ।

ਸਾਡੀ ਸੁਗਯਾਤ (ਸੋਖ) ਲਈ ਸ੍ਰੀਮਾਨ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਅਰਦਾਸ ਦੀ ਜ਼ਰੂਰਤ ਲਈ ਕਿਸ ਪ੍ਰਕਾਰ ਦਾ ਅਲੰਕਾਰ ਪਹਿਲੇ ਟ੍ਰੈਕਟ ਵਿੱਚ ਬੱਧਾ ਹੈ,

Downloaded from https:// www.studiestoday.com

Downloaded from https:// www.studiestoday.com



ਜੋ ਸੰਨ 1893 ਦੇ ਕਰੀਬ ਉਹਨਾਂ ਲਿਖਿਆ, ਆਪ ਦੀ ਭੇਟ ਕਰਦੇ ਹਾਂ। ਜੋ ਲੋਕ ਆਪ ਨੂੰ ਇਹ ਸ਼ੰਕਾ ਪਾ ਦੇਂਦੇ ਹਨ ਕਿ ਪ੍ਰਾਰਥਨਾ ਕਰਨੀ ਵਿਅਰਥ ਹੈ, ਇਸ ਦੇ ਪੜ੍ਹਨ ਤੋਂ ਇਸ ਦਾ ਉੱਤਰ ਆਪ ਨੂੰ ਇੱਕ ਅਤਿ ਸਿੱਖਿਆਦਾਇਕ ਪ੍ਰਸੰਗ ਦੁਆਰਾ ਸਾਖਯਾਤ ਹੋ ਜਾਵੇਗਾ। ਲਓ ਪੜ੍ਹੋ :

ਤੂੰ ਠਾਕੁਰੁ ਤੁਮ ਪਹਿ ਅਰਦਾਸਿ॥
ਜੀਉ ਪਿੰਡੁ ਸਭੁ ਤੇਰੀ ਰਾਸਿ॥

ਪ੍ਰਾਰਥਨਾ ਵਿਸ਼ੇ ਪੁਰ ਇੱਕ ਮਨੋਹਰ ਵਾਰਤਾ :

ਸਦ ਬਖਸਿੰਦੁ ਸਦਾ ਮਿਹਰਵਾਨਾ
ਸਭਨਾ ਦੇਇ ਅਧਾਰੀ॥

ਮਹਾਰਾਜਾ ਰਣਜੀਤ ਸਿੰਘ ਦੀ ਬਹਾਦਰੀ ਤੇ ਉਦਾਰਤਾ ਕੌਣ ਨਹੀਂ ਜਾਣਦਾ। ਪੰਜਾਬ ਵਰਗੇ ਫਸਾਦਾਂ ਨਾਲ ਭਰਪੂਰ ਦੇਸ ਨੂੰ ਜਿੱਤਣਾ, ਜਿੱਥੇ ਚੱਪੇ-ਚੱਪੇ ਅੱਡ ਰਾਜ ਸੀ ਤੇ ਹਰੇਕ ਆਪਣੇ ਆਪ ਨੂੰ ਤੀਸ ਮਾਰ ਖਾਂ ਸਮਝਦਾ ਸੀ, ਕੋਈ ਖਾਲਾ ਜੀ ਦਾ ਵਾੜਾ ਨਹੀਂ-ਸੀ। ਇਸ ਕਰਕੇ ਮਹਾਰਾਜਾ ਨੂੰ ਵੱਡੀਆਂ-ਵੱਡੀਆਂ ਭੀੜਾਂ ਤੇ ਮੁਹਿੰਮਾਂ ਪੈਂਦੀਆਂ ਰਹੀਆਂ ਪਰ ਉਹ ਸ਼ੇਰ ਦਿਲ ਕਦੀ ਨਹੀਂ ਘਾਬਰਿਆ। ਔਕੜ ਵੇਲੇ ਅਕਾਲ ਪੁਰਖ ਅੱਗੇ ਪ੍ਰਾਰਥਨਾ ਕਰਨੀ ਤੇ ਕਾਰਜ ਸਿੱਧ ਲੈ ਲੈਣੇ।

ਇੱਕ ਵਾਰੀ ਇੱਕ ਵੱਡਾ ਸਰਦਾਰ, ਜੋ ਪਹਿਲੇ ਧਾੜਵੀ ਸੀ, ਆਕੀ ਹੋ ਗਿਆ। ਇਸ ਨੂੰ ਮਹਾਰਾਜ ਨੇ ਵੱਡੇ ਔਖ ਨਾਲ ਜਿੱਤਿਆ ਅਤੇ ਉਸ ਨੂੰ ਰੁਹਤਾਸ ਦੇ ਕਿਲ੍ਹੇ ਵਿੱਚ ਕੈਦ ਕਰ ਦਿੱਤਾ। ਕੈਦ ਵਿੱਚ ਇਹ ਸਰਦਾਰ ਸਦੀਵ ਪਰਮੇਸ਼ਰ ਤੇ ਮਨੁੱਖਾਂ ਨੂੰ ਗਾਲ੍ਹਾਂ ਦਿੰਦਾ ਤੇ ਜੋ ਮੂੰਹ ਪਰ ਆਉਂਦੀ, ਬਕਦਾ ਰਹਿੰਦਾ। ਕਰਤਾਰ ਪਰ ਵਿਸ਼ਵਾਸ ਰੱਖਣਾ ਸਰਬ ਸੁੱਖਾਂ ਦੀ ਖਾਣ ਹੈ ਪਰ ਇਹ ਮਹਾਂ ਉੱਤਮ ਪਦਾਰਥ ਵੀ ਇਸ ਅਪਰਾਧੀ ਦੇ ਹਿਰਦੇ ਵਿੱਚੋਂ ਉੱਡ ਕੇ ਇਸ ਨੂੰ ਇੱਕ ਅਜਿਹੀ ਅੱਗ ਵਿੱਚ ਸਿੱਟ ਗਿਆ ਕਿ ਜਿਸ ਵਿੱਚ ਆਦਮੀ ਮਰਦਾ ਤਾਂ ਨਹੀਂ ਪਰ ਸਦੀਵ ਸੜਦਾ ਰਹਿੰਦਾ ਹੈ। ਕੈਦਖਾਨੇ ਦੀਆਂ ਡਰਾਉਣੀਆਂ ਕੰਧਾਂ ਇਸ ਨੂੰ ਖਾਣ ਨੂੰ ਪੈਂਦੀਆਂ ਤੇ ਹਨੇਰੇ ਵਿੱਚ ਅਨੇਕ ਪ੍ਰਕਾਰ ਦੇ ਭੈ ਇਸ ਦੀਆਂ ਅੱਖਾਂ ਅੱਗੇ ਆ ਕੇ ਇਸ ਦੇ ਦੁੱਖਾਂ ਨੂੰ ਦੂਣਾ ਕਰਦੇ। ਜਦ ਕੋਈ ਸਰਕਾਰੀ ਨੌਕਰ ਇਸ ਨੂੰ ਅੰਨ ਪਾਣੀ ਦੇਣ ਆਉਂਦਾ ਤਾਂ ਇਹ ਮਹਾਰਾਜ ਸਾਹਿਬ ਨੂੰ ਹਜ਼ਾਰ-ਹਜ਼ਾਰ ਗਾਲ੍ਹ ਇੱਕੋ ਸਾਹੇ ਸੁਣਾਉਂਦਾ।

ਇੱਕ ਦਿਨ ਇਹ ਦੁਖੀ, ਸਮਾਂ ਕੱਟਣ ਲਈ ਆਪਣੀ ਕੁਟੀਆਂ ਦੇ ਜਾਲੇ ਫਰੋਲ ਰਿਹਾ ਸੀ। ਅਚਾਨਕ ਇੱਕ ਪੁਰਾਣੀ ਪੋਥੀ ਹੱਥ ਲੱਗੀ! ਉਸ ਨੂੰ ਲੈ ਕੇ ਪੜ੍ਹਨ ਬੈਠ ਗਿਆ। ਵਿਹਲਿਆਂ ਹੋਣ ਕਰਕੇ ਇਸ ਦਾ ਦਿਲ ਪੋਥੀ ਵਿੱਚ ਖੁਭਦਾ ਗਿਆ। ਛੇਕੜ ਇੱਕ ਤੁਕ ਪੁਰ ਪਹੁੰਚਾ :

ਸਦ ਬਖਸਿੰਦੁ ਸਦਾ ਮਿਹਰਵਾਨਾ
ਸਭਨਾ ਦੇਇ ਅਧਾਰੀ॥

Downloaded from https:// www.studiestoday.com

Downloaded from https:// www.studiestoday.com



ਇਸ ਤੁਕ ਨੂੰ ਪੜ੍ਹ ਕੇ ਉਹ ਇੱਕ ਪ੍ਰਕਾਰ ਦੇ ਵਹਿਣ ਵਿੱਚ ਪੈ ਗਿਆ ਕਿ ਕੀ ਪਰਮੇਸ਼ਰ ਜਿਸ ਨੂੰ ਮੈਂ ਇੱਕ ਡਰਾਉਣਾ ਭੂਤ ਸਮਝਦਾ ਹਾਂ, ਇੱਡਾ ਕਿਰਪਾਲੂ ਹੈ ਕਿ ਸਦੀਵ ਬਖ਼ਸ਼ਦਾ ਤੇ ਦਇਆ ਕਰਦਾ ਹੈ ਅਤੇ ਪਾਪੀ, ਪੁੰਨਾਤਮਾ, ਸਭ ਨੂੰ ਆਸਰਾ ਦਿੰਦਾ ਹੈ? ਕੀ ਉਸ ਕ੍ਰਿਪਾ ਸਾਗਰ ਦੀ ਮਿਹਰ ਦੀ ਛਾਂ ਹੇਠ ਮੈਂ ਨਹੀਂ ਆ ਸਕਦਾ ?

ਆਪ ਜਾਣਦੇ ਹੋ, ਜਦ ਆਦਮੀ ਦੁਨੀਆ ਦੇ ਹੱਥੋਂ ਸਤ ਜਾਂਦਾ ਹੈ ਤਾਂ ਉਸ ਦਾ ਮਨ ਸਚਾਈ ਦੇ ਪ੍ਰਵਾਨ ਕਰਨ ਨੂੰ ਸੁਤੇ ਹੀ ਤਿਆਰ ਹੋ ਜਾਂਦਾ ਹੈ । ਇਸ ਤੁਕ ਦੇ ਪਵਿੱਤਰ ਭਾਵ ਨੇ ਇਸ ਡੁਬਦੇ ਪੁਰਖ ਨੂੰ ਸਹਾਰਾ ਦਿੱਤਾ ।

ਇੱਕ ਰਾਤ ਮੀਂਹ, ਹਨੇਰੀ ਤੇ ਵਰਖਾ ਨੇ ਉਹ ਤਰਥੱਲੀ ਮਚਾਈ ਕਿ ਕੈਦੀ ਨੂੰ ਨੀਂਦ ਨਾ ਆਈ। ਅਰ ਇਸ ਸੋਚ ਵਿੱਚ ਸਾਰੀ ਰਾਤ ਬੀਤ ਗਈ ਕਿ ਮੈਂ ਪਾਪੀ ਹਾਂ ਤੇ ਪਰਮਾਤਮਾ ਸਭ ਨੂੰ ਸਹਾਰਾ ਦਿੰਦਾ ਹੈ। ਕੀ ਮੈਨੂੰ ਵੀ ਪਰਮੇਸ਼ਰ ਬਖ਼ਸ਼ੇਗਾ, ਕੀ ਮੇਰੇ ਪਾਪ ਵੀ ਖਿਮਾ ਹੋ ਸਕਦੇ ਹਨ। ਇਹਨਾਂ ਸੋਚਾਂ ਦਾ ਫਲ ਇਹ ਹੋਇਆ ਕਿ ਇਸ ਪਾਪੀ ਦੇ ਦਿਲ ਵਿੱਚ ਸੱਚਾ ਪਛਤਾਵਾ ਆਇਆ ਤੇ ਹੱਥ ਜੋੜ ਕੇ ਪ੍ਰਾਰਥਨਾ ਕਰਨ ਲੱਗਾ, ''ਹੇ ਅਕਾਲ ਪੁਰਖ! ਮੈਂ ਆਪਣੀ ਜੁਆਨੀ ਦੇ ਦਿਨਾਂ ਵਿੱਚ ਕਈ ਆਦਮੀ ਬੇਦੋਸ਼ ਮਾਰੇ ਤੇ ਸੈਂਕੜੇ ਇਸਤਰੀਆਂ ਵਿਧਵਾ ਤੇ ਅਣਗਿਣਤ ਬਾਲ ਅਨਾਥ ਕੀਤੇ। ਤੇਰੀ ਸ੍ਰਿਸ਼ਟੀ ਨੂੰ ਦੁੱਖ ਦਿੱਤਾ ਤੇ ਛੇਕੜ ਪਾਤਸ਼ਾਹ ਦਾ, ਜਿਸ ਨੇ ਮੈਨੂੰ ਧਾੜਵੀ ਤੋਂ ਸਰਦਾਰ ਬਣਾਇਆ ਸੀ, ਦੁਸ਼ਮਨ ਹੋ ਗਿਆ।

ਹੇ ਪਿਤਾ ! ਮੈਥੋਂ ਵਧ ਕੇ ਪਾਪੀ ਕੋਈ ਨਹੀਂ, ਮੈਂ ਕੁੰਭੀ ਨਰਕ ਦੇ ਜੋਗ ਹਾਂ, ਪਰ ਆਪ ਬਖਸ਼ਿੰਦ ਹੋ ਮੈਨੂੰ ਵੀ ਬਖਸ਼ੋ।'' ਇਸ ਪ੍ਰਕਾਰ ਢੇਰ ਚਿਰ ਪ੍ਰਾਰਥਨਾ ਕਰਦਾ ਰਿਹਾ।

ਕੁਝ ਦਿਨ ਹੋਏ ਫੇਰ ਉਹੋ ਪੋਥੀ ਪੜ੍ਹਨ ਲੱਗਾ, ਤਾਂ ਇਹ ਸ਼ਬਦ ਪੜ੍ਹਿਆ :

ਜਾ ਕਉ ਮੁਸਕਲ ਅਤਿ ਬਣੈ ਢੋਈ ਕੋਇ ਨ ਦੇਇ  
ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ  
ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ  
ਚਿਤਿ ਆਵੈ ਉਸ ਪਾਰਬ੍ਰਹਮ ਲਗੈ ਨਾ ਤਤੀ ਵਾਉ ॥1॥

ਇਹ ਸਾਰਾ ਸ਼ਬਦ ਪੜ੍ਹ ਕੇ ਕੈਦੀ ਨੂੰ ਵੱਡਾ ਅਨੰਦ ਪ੍ਰਾਪਤ ਹੋਇਆ ਤੇ ਆਪਣੇ ਆਪ ਵਿੱਚ ਹੀ ਕਹਿਣ ਲੱਗਾ ਕਿ ਅੱਗੇ ਮੈਂ ਆਪਣੇ ਆਪ ਨੂੰ ਅਤਿ ਦੁਖੀ ਸਮਝਦਾ ਸਾਂ, ਪਰ ਹੁਣ ਮੈਂ ਅਨੰਦਤ ਹਾਂ। ਮੇਰੇ ਸਭ ਸੰਕਟ ਨਿਵਿਰਤ ਹੋ ਗਏ ਜਿਸ ਦਾ ਕਾਰਨ ਈਸ਼ਵਰ ਪੁਰ ਭਰੋਸਾ ਤੇ ਉਸ ਦੀ ਬਿਅੰਤ ਦਇਆ ਹੈ, ਮੇਰਾ ਦਿਲ ਜੋ ਸਮੁੰਦਰ ਦੀਆਂ ਲਹਿਰਾਂ ਵਾਂਗ ਡੋਲ ਰਿਹਾ ਸੀ, ਹੁਣ ਸ਼ਾਂਤ ਹੈ । ਇਸ ਪ੍ਰਕਾਰ ਕਰਤਾਰਪੁਰ ਭਰੋਸਾ ਕਰਕੇ ਸੱਚੇ ਪਛਤਾਵੇ ਤੇ ਉਪਾਸਨਾ ਥੋਂ ਇਹ ਅਪਰਾਧੀ ਸੁਖੀ ਹੋ ਗਿਆ ਤੇ ਉਸ ਦੇ ਸਭ ਸੰਕਟ

Downloaded from https:// www.studiestoday.com

Downloaded from https:// www.studiestoday.com



ਨਿਵਿਰਤ ਹੋ ਗਏ । ਦਿਨੋ-ਦਿਨ ਪਾਠ ਵਿੱਚ ਵੱਧ ਤੋਂ ਵੱਧ ਪ੍ਰੇਮੀ ਹੁੰਦਾ ਗਿਆ ਅਰ ਇੱਕ ਗ੍ਰੰਥੀ ਨੂੰ ਸਦਵਾ ਕੇ ਉਸ ਥੋਂ ਕਈ ਸ਼ਬਦਾਂ ਦੇ ਅਰਥ ਸਮਝਦਾ। ਇਹਨਾਂ ਗੱਲਾਂ ਦਾ ਫਲ ਇਹ ਹੋਇਆ ਕਿ ਕੈਦੀ ਦਾ ਵਰਤੋਂ-ਵਰਤਾਰਾ ਹੋਰ ਦਾ ਹੋਰ ਹੋ ਗਿਆ। ਹਰੇਕ ਨਾਲ ਮਿੱਠਾ ਬੋਲੇ, ਨਿਮਰਤਾ ਨਾਲ਼ ਵਰਤੇ। ਸਾਰੇ ਲੋਕ ਹੈਰਾਨ ਸਨ ਕਿ ਇਹ ਅਚਰਜ ਖੇਡ ਕੀ ਵਰਤ ਗਈ ਜੋ ਇਸ ਦਾ ਸੁਭਾਅ ਅਜਿਹਾ ਵਟੀਜ ਗਿਆ।

ਇਸ ਤੋਂ ਕੁਝ ਦਿਨ ਮਗਰੋਂ ਮਹਾਰਾਜਾ ਰਣਜੀਤ ਸਿੰਘ ਨੇ ਰੁਹਤਾਸ ਆ ਡੇਰੇ ਲਾਏ। ਉਸ ਰਾਤ ਆਪ ਢਿੱਲੇ ਹੋ ਗਏ। ਦਵਾਵਾਂ ਦਰਮਲਾਂ ਸਭ ਅਫਲ ਗਈਆਂ। ਜਦ ਅੱਧੀ ਰਾਤ ਤੀਕ ਨੀਂਦ ਨਾ ਆਈ ਤਾਂ ਅਕਾਲ ਪੁਰਖ ਅੱਗੇ ਬੇਨਤੀ ਕੀਤੀ ਕਿ ਹੇ ਕਰਤਾਰ ! ਮੈਨੂੰ ਨੀਂਦ ਬਖਸ਼। ਝੱਟ ਅੱਖ ਲੱਗ ਗਈ ਤੇ ਸਵੇਰੇ ਰਾਜ਼ੀ-ਖੁਸ਼ੀ ਉੱਠੇ। ਵਜ਼ੀਰ ਧਿਆਨ ਸਿੰਘ ਸਦਾ ਕੇ ਬੋਲੇ, ''ਰਾਜਾ ਜੀ, ਵਾਹਿਗੁਰੂ ਨੇ ਮੇਰੀ ਬੇਨਤੀ ਸੁਣੀ ਤੇ ਮੈਨੂੰ ਅਰਾਮ ਬਖ਼ਸ਼ਿਆ। ਮੈਂ ਅੱਜ ਉਸ ਸਿਰਜਣਹਾਰ ਦੇ ਧੰਨਵਾਦ ਵਿੱਚ ਚਾਹੁੰਦਾ ਹਾਂ ਕਿ ਇੱਕ ਭਾਰੇ ਕੈਦੀ ਨੂੰ ਛੁਟਕਾਰਾ ਦਿਆਂ। ਰਾਜਾ ਬੋਲਿਆ, ''ਸੱਚੇ ਪਾਤਸ਼ਾਹ! ਇਸ ਕਿਲ੍ਹੇ ਵਿੱਚ ਇੱਕ ਧਾੜਵੀ ਸਰਦਾਰ ਕੈਦ ਹੈ। ਉਸ ਦੀ ਕੈਦ ਵੀ ਕਰੜੀ ਹੈ ਤੇ ਆਪ ਦੀ ਮਿਹਰ ਦੇ ਜੋਗ ਇਸ ਵੇਲੇ ਉਹੋ ਹੀ ਹੈ। ਮਹਾਰਾਜ ਦਾ ਹੁਕਮ ਹੋ ਗਿਆ। ਝੱਟ ਕੈਦੀ ਨੂੰ ਛੁਟਕਾਰੇ ਦੀ ਖੁਸ਼ਖਬਰੀ ਸੁਣਾਈ ਗਈ ਅਰ ਮਹਾਰਾਜੇ ਦੇ ਪੇਸ਼ ਕੀਤਾ ਗਿਆ। ਆਪ ਨੇ ਹੱਸ ਕੇ ਪੁੱਛਿਆ "ਕਿਉਂ ਭਈ ਅਜੇ ਸਿੱਧਾ ਹੋਇਆ ਹੈਂ ਕਿ ਨਹੀਂ ?" ਇਸ ਦੇ ਉੱਤਰ ਵਿੱਚ ਉਸ ਨੇ ਕੈਦਖਾਨੇ ਦਾ ਸਾਰਾ ਸਮਾਚਾਰ ਸੁਣਾ ਕੇ ਕਿਹਾ ਕਿ ਮਹਾਰਾਜ ਆਪ ਦੀ ਕ੍ਰਿਪਾ ਨਾਲ ਮੈਂ ਧਾੜਵੀ ਤੋਂ ਸਰਦਾਰ ਬਣਿਆ ਤੇ ਆਪ ਦੀ ਹੀ ਕੈਦ ਵਿੱਚ ਆਪਣੇ ਸੱਚੇ ਪਿਤਾ ਪਰਮੇਸ਼ਰ ਦੇ ਪ੍ਰੇਮ ਤੋਂ ਜਾਣੂ ਹੋਇਆ। ਹੁਣ ਮੈਨੂੰ ਸੱਚੀ ਖ਼ੁਸ਼ੀ ਪ੍ਰਾਪਤ ਹੈ। ਮੇਰਾ ਮਨ ਵਾਹਿਗੁਰੂ ਦੇ ਪ੍ਰੇਮ ਵਿੱਚ ਮਗਨ ਹੈ। ਇਸ ਕੈਦ ਤੋਂ ਹੀ ਉਸ ਦੀ ਬੇਅੰਤ ਦਇਆ ਨਾਲ ਖਲਾਸੀ ਹੋਈ ਹੈ ਤੇ ਅੰਤ ਨੂੰ ਵੀ ਮਹਾਂ ਭੌਜਲ ਤੋਂ ਉਸ ਨੇ ਛੁਟਕਾਰਾ ਬਖ਼ਸ਼ਣਾ ਹੈ।

ਮਹਾਰਾਜਾ ਇਹ ਗੱਲਾਂ ਸੁਣ ਕੇ ਵੱਡਾ ਪ੍ਰਸੰਨ ਹੋਇਆ ਅਤੇ ਉਸ ਨੂੰ ਫੇਰ ਸਰਦਾਰੀ ਦੇਣ ਲਗਾ। ਪਰ ਉਸਨੇ ਨੱਕ ਨਾ ਧਰਿਆ ਭਾਵ ਉਸ ਨੇ ਸਰਦਾਰੀ ਲੈਣੀ ਪ੍ਰਵਾਣ ਨਾ ਕੀਤੀ।

ਪਿਆਰੇ ਪਾਠਕੋ ! ਰਤਾ ਸੋਚੋ ਕਿ ਪਰਮੇਸ਼ਰ ਪੁਰ ਨਿਸ਼ਚਾ ਕਰਨਾ ਤੇ ਉਸ ਦੀ ਸੇਵਾ ਵਿੱਚ ਪ੍ਰਾਰਥਨਾ ਕਰਨੀ ਮਨ ਨੂੰ ਕਿੱਡੇ ਸ਼ਾਂਤੀਦਾਇਕ ਹਨ। ਦੁੱਖ, ਸੰਕਟ, ਕਸ਼ਟ ਕੁਝ ਵੀ ਦੁਖਦਾਈ ਨਹੀਂ ਭਾਸਦੇ। ਕਦੀ ਕਿਸੇ ਮਨਮਤੀਏ ਦੀ ਇਸ ਗੱਲ ਪੁਰ ਨਾ ਪਤੀਆ ਕਰੋ ਕਿ "ਪ੍ਰਾਰਥਨਾ ਕਰਨੀ ਵਿਅਰਥ ਹੈ। ਸਦਾ ਇਸ ਗੱਲ ਨੂੰ ਚੇਤੇ ਰੱਖੋ ਕਿ ਰੱਬ ਸਾਡਾ ਦਿਆਲੂ ਪਿਤਾ ਹੈ ਅਸੀਂ ਭੁੱਲਣਹਾਰ ਪੁੱਤ੍ਰ ਹਾਂ।

ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ॥
ਕਰਿ ਉਪਦੇਸੁ ਝਿੜਕੇ ਬਹੁਭਾਤੀ ਬਹੁੜਿ ਪਿਤਾ ਗਲਿ ਲਾਵੈ॥

Downloaded from https:// www.studiestoday.com

Downloaded from https:// www.studiestoday.com



ਪਰਮੇਸ਼ਰ ਸਾਡੇ ਨਾਲ ਪ੍ਰੇਮ ਕਰਦਾ ਹੈ। ਅਰ ਉਸ ਨੂੰ ਪ੍ਰਾਪਤ ਕਰਨ ਦੀ ਕੁੰਜੀ ਵੀ ਉਸ ਨਾਲ ਪ੍ਰੇਮ ਕਰਨਾ ਹੈ। ਦਸਮ ਗੁਰੂ ਜੀ ਦਾ ਵਾਕ ਹੈ :

ਸਾਚੁ ਕਹੋ ਸੁਨ ਲੇਹੁ ਸਭੈ
ਜਿਨ ਪ੍ਰੇਮ ਕੀਓ ਤਿਨਹੀ ਪ੍ਰਭੁ ਪਾਇਓ॥

ਇਹ ਦੁਨੀਆ ਥੋੜ੍ਹੇ ਦਿਨ ਹੈ। ਅੰਤ ਨੂੰ ਪਰਮੇਸ਼ਰ ਦੀ ਦਰਗਾਹੇ ਚੱਲਣਾ ਹੈ, ਜਿੱਥੇ ਭਲੇ ਬੁਰੇ ਕੰਮਾਂ ਦਾ ਨਿਸਤਾਰਾ ਹੋਣਾ ਹੈ। ਜਾਂ ਸਦਾ ਦੀ ਖ਼ੁਸ਼ੀ ਜਾਂ ਚੁਰਾਸੀ ਲੱਖ ਜੂਨਾਂ ਦਾ ਨਰਕ? ਤਾਂ ਤੇ ਭਲਾ ਇਹ ਹੈ ਕਿ ਉਸ ਪਾਪੀ ਵਾਂਗੂ ਇਸੇ ਜਗਤ ਵਿੱਚ ਪਿਤਾ ਤੋਂ ਪਾਪ ਬਖ਼ਸ਼ਾ ਕੇ ਕੁਝ ਭਜਨ ਰੂਪੀ ਖੇਪ ਲੱਦ ਲਓ। ਜਗਤ ਦਾ ਵਿਹਾਰ ਸ਼ੁੱਧ ਰੱਖੋ ਤੇ ਮਨ ਕਰਤਾਰ ਵੱਲ ਰੱਖੋ ਅਰ ਸਦੀਵ ਪ੍ਰਾਰਥਨਾ ਕਰੋ।

**ਅਰਥਾਵਲੀ :**

ਰਾਠ - ਰਾਜਾ, ਸਰਦਾਰ। **ਕਾਇਲ** - ਯਕੀਨ ਕਰਨਾ। **ਅਹਿਮੀਅਤ** - ਮਹੱਤਤਾ। **ਟ੍ਰੈਕਟ** - ਪੈਂਫ਼ਲਿਟ, ਛੋਟੀ ਜਿਹੀ ਕਿਤਾਬ। **ਯਾਚਨਾ** - ਪ੍ਰਾਰਥਨਾ। **ਤਤਖਿਣ** - ਉਸੇ ਸਮੇਂ, ਤੁਰੰਤ। **ਮਾਯਾ** - ਮਾਇਆ, ਪਦਾਰਥਕ ਸੰਸਾਰ। **ਸਾਖਯਾਤ** - ਸਾਹਮਣੇ, ਪ੍ਰਤੱਖ। **ਤੀਸ ਮਾਰ ਖਾਂ** - ਨਾਢੂ ਖਾਂ, ਆਕੜਖ਼ੋਰ। **ਨਿਵਿਰਤ** - ਮੁਕਤ। **ਨਿਸਤਾਰਾ** - ਛੁਟਕਾਰਾ। **ਖੇਪ** - ਇੱਕ ਵਾਰ ਲੱਦਿਆ ਜਾਣਾ ਵਾਲਾ ਭਾਰ।

## ਪਾਠ-ਅਭਿਆਸ

1. ਅਰਦਾਸ ਕਦੋਂ ਅਤੇ ਕਿਉਂ ਕੀਤੀ ਜਾਂਦੀ ਹੈ?
2. ਪ੍ਰਸਿੱਧ ਲੇਖਕ ਔਸਕਰ ਵਾਇਲਡ ਦੇ ਅਰਦਾਸ ਬਾਰੇ ਕੀ ਵਿਚਾਰ ਹਨ?
3. ਸਿੱਖ ਧਰਮ ਵਿੱਚ ਅਰਦਾਸ ਦੀ ਕੀ ਮਹੱਤਤਾ ਹੈ?
4. ਪ੍ਰਾਰਥਨਾ ਕਰਨ ਨਾਲ ਕੈਦੀ ਦੇ ਵਿਹਾਰ ਵਿੱਚ ਕਿਹੋ-ਜਿਹੀ ਤਬਦੀਲੀ ਆਈ?
5. ਮਹਾਰਾਜਾ ਰਣਜੀਤ ਸਿੰਘ ਨੇ ਕੈਦੀ ਦੀ ਸਜ਼ਾ ਮਾਫ਼ ਕਿਉਂ ਕਰ ਦਿੱਤੀ?
6. ਕੈਦੀ ਨੇ ਆਪਣੀ ਰਿਹਾਈ ਸਮੇਂ ਮਹਾਰਾਜਾ ਰਣਜੀਤ ਸਿੰਘ ਨੂੰ ਕੀ ਕਿਹਾ?
7. ਲੇਖਕ ਅਨੁਸਾਰ ਮਨੁੱਖ ਨੂੰ ਸਮਾਜ ਵਿੱਚ ਕਿਵੇਂ ਵਿਚਰਨਾ ਚਾਹੀਦਾ ਹੈ?

*ਪ੍ਰਾਰਥਨਾ ਜਾਂ ਅਰਦਾਸ ਸਭਨਾਂ ਧਰਮਾਂ ਦਾ ਪ੍ਰਮੁੱਖ ਅੰਗ ਹੈ। ਸਿੱਖ ਧਰਮ ਵਿਚ ਅਰਦਾਸ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ।*
*ਸਿੱਖ-ਅਰਦਾਸ ਪ੍ਰਮਾਣਿਕ ਦਸਤਾਵੇਜ਼ ਹੈ। ਸੁਰੱਖਿਆ ਦੀ ਅਰਜ਼ੋਈ ਕੇਵਲ ਅਕਾਲ ਪੁਰਖ ਅੱਗੇ ਹੀ ਕੀਤੀ ਜਾ ਸਕਦੀ ਹੈ।*

Downloaded from https:// www.studiestoday.com

Downloaded from https:// www.studiestoday.com

# ਸ. ਕਪੂਰ ਸਿੰਘ

(1909-1986)

ਸ. ਕਪੂਰ ਸਿੰਘ ਦਾ ਜਨਮ ਲੁਧਿਆਣੇ ਜ਼ਿਲ੍ਹੇ ਦੇ ਇੱਕ ਪਿੰਡ ਵਿੱਚ 1909 ਈਸਵੀ ਨੂੰ ਹੋਇਆ। ਆਪ ਨੇ ਦਰਸ਼ਨ-ਸ਼ਾਸਤਰ ਦੀ ਉਚੇਰੀ ਵਿੱਦਿਆ ਪ੍ਰਾਪਤ ਕੀਤੀ ਤੇ ਆਈ. ਸੀ. ਐੱਸ. ਦਾ ਇਮਤਿਹਾਨ ਪਾਸ ਕੀਤਾ।

ਆਪ ਲੋਕ-ਸਭਾ ਤੇ ਪੰਜਾਬ ਵਿਧਾਨ-ਸਭਾ ਦੇ ਮੈਂਬਰ ਵੀ ਰਹੇ। ਆਪ ਕਈ ਭਾਸ਼ਾਵਾਂ ਦਾ ਗਿਆਨ ਰੱਖਦੇ ਸਨ। ਆਪ ਨੇ ਵੱਖ-ਵੱਖ ਧਰਮਾਂ ਬਾਰੇ ਡੂੰਘਾ ਅਧਿਐਨ ਕੀਤਾ। ਪੰਜਾਬੀ ਵਿੱਚ 'ਪੁੰਦ੍ਰੀਕ', 'ਸਪਤ ਸ਼੍ਰਿੰਗ', 'ਬਹੁ ਵਿਸਤਾਰ' ਅਤੇ 'ਸਾਚੀ ਸਾਖੀ' ਆਪ ਜੀ ਦੀਆਂ ਪ੍ਰਸਿੱਧ ਪੁਸਤਕਾਂ ਹਨ। ਅਗਸਤ, 1986 ਵਿੱਚ ਆਪ ਦਾ ਦਿਹਾਂਤ ਹੋ ਗਿਆ।

## ਬਾਬਾ ਰਾਮ ਸਿੰਘ ਕੂਕਾ

'ਬਾਬਾ' ਅਰਬ ਦੇਸ ਦੀ ਬੋਲੀ ਦਾ ਸ਼ਬਦ ਹੈ, ਜਿਸ ਦੇ ਅਰਥ ਹਨ, ਵੱਡਾ, ਬਜ਼ੁਰਗ, ਉੱਚੀ ਬੁੱਧੀ ਤੇ ਉੱਚੇ ਚਾਲ ਚਲਣ ਵਾਲਾ, ਪਿਤਾ ਸਮਾਨ ਪੂਜਣ ਯੋਗ। ਪੰਜਾਬੀ ਬੋਲੀ ਵਿੱਚ ਵੀ ਇਹ ਸ਼ਬਦ ਉੱਚੀ ਆਤਮਿਕ ਅਵਸਥਾ ਵਾਲੇ ਮਹਾਂ ਪੁਰਖਾਂ ਲਈ ਵਰਤਿਆ ਜਾਂਦਾ ਹੈ। ਉਂਜ ਜਿਹੜਾ ਉਮਰੋਂ ਵੱਡਾ ਤੇ ਬਜ਼ੁਰਗ ਹੋਵੇ, ਉਸ ਨੂੰ ਵੀ 'ਬਾਬਾ' ਆਖ ਲੈਂਦੇ ਹਨ। ਅੱਜ ਤੋਂ ਕੋਈ ਸਵਾ ਕੁ ਸੌ ਸਾਲ ਪਹਿਲਾਂ, ਪੰਜਾਬ ਦੇਸ ਵਿੱਚ ਇੱਕ ਵੱਡੇ ਮਹਾਨ ਪੁਰਖ ਦਾ ਜਨਮ ਹੋਇਆ, ਜੋ ਕਿ ਬਾਬਾ ਰਾਮ ਸਿੰਘ ਕੂਕਾ, ਕਰਕੇ ਪ੍ਰਸਿੱਧ ਹੈ। ਇਸ ਮਹਾਂ ਪੁਰਖ ਦੀ ਜੀਵਨ-ਕਥਾ ਬੜੀ ਸਿੱਖਿਆਦਾਇਕ ਹੈ।

ਉਨ੍ਹੀਵੀਂ ਸਦੀ ਈਸਵੀ ਦੇ ਪਹਿਲੇ ਅੱਧ ਵਿੱਚ ਪੰਜਾਬ ਦੇਸ ਉੱਤੇ, ਇੱਕ ਪੰਜਾਬੀ, ਮਹਾਰਾਜਾ ਰਣਜੀਤ ਸਿੰਘ ਰਾਜ ਕਰਦਾ ਸੀ ਤੇ ਪੰਜਾਬ ਓਦੋਂ ਬੜਾ ਖ਼ੁਸ਼ਹਾਲ ਤੇ ਸਾਰੇ ਸੰਸਾਰ ਵਿੱਚ ਇੱਕ ਉੱਘਾ ਦੇਸ ਮਿਥਿਆ ਜਾਂਦਾ ਸੀ। ਸੰਨ 1816 ਈਸਵੀ ਨੂੰ ਜਦੋਂ ਕਿ ਪੰਜਾਬ 'ਤੇ ਪੰਜਾਬੀਆਂ ਦਾ ਪ੍ਰਤਾਪ ਸਿਖਰ ਉੱਤੇ ਪੁੱਜਾ ਹੋਇਆ ਸੀ, ਲੁਧਿਆਣੇ ਦੇ ਲਾਗੇ ਇੱਕ ਛੋਟੇ ਜਿਹੇ ਪਿੰਡ, ਜਿਹੜਾ ਕਿ ਓਦੋਂ ਭੈਣੀ ਰਾਈਆਂ ਕਹਾਉਂਦਾ ਸੀ, ਵਿੱਚ ਬਾਬਾ ਰਾਮ ਸਿੰਘ ਦਾ ਜਨਮ ਹੋਇਆ। ਆਪ ਦੇ ਪਿਤਾ ਦਾ ਨਾਮ ਭਾਈ ਜੱਸਾ ਸਿੰਘ ਸੀ, ਜੋ ਕਿ ਤਰਖਾਣੇ ਲੁਹਾਰੇ ਦਾ ਕੰਮ ਪਿੰਡ ਵਿੱਚ ਕਰਦੇ ਸਨ। ਭਾਈ ਜੱਸਾ ਸਿੰਘ ਬੜੀ ਧਾਰਮਿਕ ਬਿਰਤੀਆਂ ਵਾਲਾ ਅਤੇ ਪੜ੍ਹਿਆ ਲਿਖਿਆ ਕਿਰਤੀ ਸੀ ਤੇ ਉਸ ਨੇ ਆਪਣੇ ਪੁੱਤਰ ਨੂੰ ਭੀ ਬਚਪਨ ਵਿੱਚ ਹੀ ਚੰਗੀ ਵਿੱਦਿਆ ਦਵਾਈ ਤੇ ਧਾਰਮਿਕ ਖਿਆਲਾਂ ਵਿੱਚ ਪ੍ਰਪੱਕ ਕੀਤਾ। ਬਾਬਾ ਰਾਮ ਸਿੰਘ ਦੀ ਵੱਡੀ ਭੈਣ ਲੁਧਿਆਣੇ ਲਾਗੇ, ਰਾਇਪੁਰ ਪਿੰਡ ਵਿੱਚ ਸ. ਕਾਬਲ ਸਿੰਘ ਨਾਲ ਵਿਆਹੀ ਹੋਈ ਸੀ। ਕਾਬਲ ਸਿੰਘ ਲਾਹੌਰ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਤੋਪਖਾਨੇ ਵਿੱਚ



Downloaded from https:// www.studiestoday.com

Downloaded from https:// www.studiestoday.com



ਗੋਲੰਦਾਜ਼ ਤੋਪਚੀ ਸੀ। ਬਾਬਾ ਰਾਮ ਸਿੰਘ ਕੋਈ ਵੀਹਾਂ ਕੁ ਵਰ੍ਹਿਆਂ ਦੇ ਭਰ ਗੱਭਰੂ ਸਨ ਜਦ ਉਹਨਾਂ ਦੀ ਭੈਣ ਤੇ ਉਹਨਾਂ ਦਾ ਭਣਵਈਆ ਕਾਬਲ ਸਿੰਘ ਭੈਣੀ ਪਿੰਡ ਵਿੱਚ ਆਏ ਤੇ ਉਹਨਾਂ ਦੀ ਪ੍ਰੇਰਨਾ ਨਾਲ ਬਾਬਾ ਰਾਮ ਸਿੰਘ ਲਾਹੌਰ ਜਾ ਕੇ ਘੁੜ ਚੜ੍ਹਿਆਂ ਦੀ ਪਲਟਨ ਵਿੱਚ ਭਰਤੀ ਹੋ ਗਏ।

ਬਾਬਾ ਰਾਮ ਸਿੰਘ ਜੀ ਇਸ ਵੇਲੇ ਭਰ ਜਵਾਨੀ ਦੀ ਅਵਸਥਾ ਵਿੱਚ ਸਨ ਤੇ ਜੋ ਕੋਈ ਵੀ ਇਹਨਾਂ ਦੇ ਪਤਲੇ, ਗੰਢਵੇਂ ਤੇ ਲੰਮੇ ਕੱਦ ਤੇ ਟਿਕੇ ਹੋਏ ਚਿਹਰੇ ਨੂੰ ਵੇਖਦਾ ਸੀ, ਉਹ ਹੀ ਪ੍ਰਭਾਵਤ ਹੁੰਦਾ ਸੀ। ਇਸ ਵੇਲੇ ਇਹਨਾਂ ਦਾ ਵਿਆਹ ਹੋ ਚੁੱਕਾ ਸੀ ਤੇ ਇਹਨਾਂ ਸਾਲਾਂ ਵਿੱਚ ਹੀ ਇਹਨਾਂ ਦੇ ਘਰ ਦੋ ਪੁੱਤਰੀਆਂ ਨੇ ਜਨਮ ਲਿਆ। ਉਹਨਾਂ ਸਮਿਆਂ ਵਿੱਚ ਮਾਲਵੇ ਵਿੱਚ ਰਾਜਪੂਤਾਂ ਦੀ ਰੀਸੋ ਰੀਸੀ ਕੁੜੀਆਂ ਨੂੰ ਜੰਮਦਿਆਂ ਹੀ ਮਾਰ ਦੇਣ ਦਾ ਰਿਵਾਜ ਆਮ ਪ੍ਰਚੱਲਿਤ ਸੀ, ਪਰ ਬਾਬਾ ਰਾਮ ਸਿੰਘ ਦੀ ਸਿੰਘਣੀ ਮਾਈ ਜੱਸੋ ਬੜੀ ਧਾਰਮਿਕ ਬਿਰਤੀਆਂ ਵਾਲੀ ਇਸਤਰੀ ਸੀ ਤੇ ਉਸ ਦੇ ਪਤੀ ਦੇ ਧਾਰਮਿਕ ਖ਼ਿਆਲਾਂ ਦਾ ਉਸ ਉੱਤੇ ਬੜਾ ਪ੍ਰਭਾਵ ਸੀ। ਇਸ ਲਈ ਇਹਨਾਂ ਦੋਂਹਾਂ ਲੜਕੀਆਂ ਨੂੰ ਇਹਨਾਂ ਦੇ ਮਾਤਾ ਪਿਤਾ ਨੇ ਬੜੇ ਪਿਆਰ ਤੇ ਚਾਓ ਨਾਲ ਪਾਲਿਆ ਪੋਸਿਆ ਤੇ ਵਿੱਦਿਆ ਪੜ੍ਹਾਈ। ਪਿੱਛੋਂ ਜਾ ਕੇ ਜਦੋਂ ਬਾਬਾ ਰਾਮ ਸਿੰਘ ਦੇਸ ਤੇ ਜਾਤੀ ਦੇ ਸੇਵਾ ਦੇ ਮਹਾਨ ਕਾਰਜਾਂ ਵਿੱਚ ਰੁੱਝੇ ਤਾਂ, ਉਹਨਾਂ ਨੇ ਕੁੜੀਆਂ ਤੇ ਇਸਤਰੀਆਂ ਦੀ ਉੱਨਤੀ ਵੱਲ ਸਦਾ ਖ਼ਿਆਲ ਰੱਖਿਆ ਤੇ ਕੁੜੀਆਂ ਨੂੰ ਮੁੰਡਿਆਂ ਵਾਂਗਰ ਹੀ ਪਾਲਣ ਪੋਸਣ ਤੇ ਪੜ੍ਹਾਉਣ ਵਿਆਹੁਣ ਉੱਤੇ ਜ਼ੋਰ ਦਿੰਦੇ ਰਹੇ। ਬਾਬਾ ਰਾਮ ਸਿੰਘ ਹਿੰਦੁਸਤਾਨ ਵਿੱਚ ਇੱਕ ਬੜੇ ਮਹਾਨ ਸੁਧਾਰਕ ਤੇ ਰਾਹਨੁਮਾ ਹੋਏ ਹਨ, ਜਿਨ੍ਹਾਂ ਨੇ ਸਮਾਜ ਵਿੱਚ ਮਰਦ ਤੇ ਇਸਤਰੀ ਦੀ ਸੰਪੂਰਨ ਤੇ ਮੁਕੰਮਲ ਏਕਤਾ ਦਾ ਪ੍ਰਚਾਰ ਕੀਤਾ, ਤੇ ਆਪਣੇ ਪ੍ਰਚਾਰ ਵਿੱਚ ਸਫ਼ਲ ਹੋਏ। ਜੇ ਉਹਨਾਂ ਨੇ ਦੇਸ ਤੇ ਜਾਤੀ ਲਈ ਜੋ ਹੋਰ ਮਹਾਨ ਕੰਮ ਕੀਤੇ ਹਨ, ਉਹ ਛੱਡ ਭੀ ਦੇਈਏ ਤਾਂ ਉਹਨਾਂ ਦਾ ਇੱਕ ਇਹ ਪ੍ਰਚਾਰ ਕਿ ਇਸਤਰੀ ਤੇ ਮਰਦ ਸਮਾਜ ਵਿੱਚ ਬਰਾਬਰ ਦੇ ਹੱਕਦਾਰ ਹਨ, ਹੀ ਉਹਨਾਂ ਨੂੰ ਸੰਸਾਰ ਭਰ ਦੇ ਸ਼ਿਰੋਮਣੀ ਸੁਧਾਰਕਾਂ ਦੀ ਸਫ਼ ਵਿੱਚ ਖੜ੍ਹਾ ਕਰ ਦੇਂਦਾ ਹੈ।

ਬਾਬਾ ਰਾਮ ਸਿੰਘ ਦਾ ਝੁਕਾ ਧਰਮ ਵੱਲ ਤੇ ਵਾਹਿਗੁਰੂ ਦੇ ਭਜਨ ਵੱਲ ਮੁੱਢ ਤੋਂ ਹੀ ਸੀ। ਜਦੋਂ ਚਾਰ ਪੰਜ ਸਾਲ ਉਹਨਾਂ ਨੂੰ ਲਾਹੌਰ ਵਿੱਚ ਘੁੜ ਚੜ੍ਹਿਆਂ ਦੀ ਪਲਟਨ ਵਿੱਚ ਨੌਕਰੀ ਦੇ ਸਿਲਸਿਲੇ ਵਿੱਚ ਹਜ਼ਰੋ ਵੱਲ ਜਾਣ ਦਾ ਹੁਕਮ ਮਿਲਿਆ ਜਿੱਥੇ ਕਿ ਬਾਬਾ ਰਾਮ ਸਿੰਘ ਜੀ ਨੂੰ ਇੱਕ ਅਜੇਹੇ ਮਹਾਂ ਪੁਰਖ ਦਾ ਮੇਲ ਹੋਇਆ ਜਿਸ ਨੇ ਬਾਬਾ ਰਾਮ ਸਿੰਘ ਦੇ ਆਤਮਾ ਰੂਪੀ ਸੋਨੇ ਉੱਤੇ ਸੁਹਾਗੇ ਦਾ ਕੰਮ ਕੀਤਾ। ਇਸ ਮਹਾਂ ਪੁਰਖ ਦਾ ਨਾਮ ਬਾਬਾ ਬਾਲਕ ਸਿੰਘ ਸੀ।

ਇਹ ਬਾਬਾ ਬਾਲਕ ਸਿੰਘ, ਉਨ੍ਹੀਵੀਂ ਸਦੀ ਦੇ ਪਹਿਲੇ ਅੱਧ ਵਿੱਚ ਸਿੱਖ ਰਾਜ ਦੇ ਸੀਮਾ ਪ੍ਰਾਂਤ ਅਥਵਾ ਸਰਹੱਦੀ ਸੂਬੇ ਵਿੱਚ ਸਿੱਖੀ ਦਾ ਤੇ ਧਰਮ ਦਾ ਪ੍ਰਚਾਰ ਕਰਦੇ ਸਨ ਤੇ ਹਿੰਦੂ ਮੁਸਲਮਾਨ, ਸਿੱਖ ਸਭ ਵਿੱਚ ਇਹਨਾਂ ਦੀ ਮਾਨਤਾ ਸੀ। ਬਾਬਾ ਬਾਲਕ

Downloaded from https:// www.studiestoday.com

Downloaded from https:// www.studiestoday.com



ਸਿੰਘ ਹਜ਼ਰੋ ਵਿੱਚ ਰਹਿੰਦੇ ਸਨ ਤੇ ਬੜੀ ਉੱਚੀ ਆਤਮਿਕ ਅਵਸਥਾ ਦੇ ਮਾਲਕ ਸਨ। ਆਪ ਹਿੰਦੂ ਮੁਸਲਮਾਨ, ਸਿੱਖ ਸਭ ਨੂੰ ਸ਼ੁਭ ਆਚਰਣ, ਧਰਮ ਦੀ ਕਿਰਤ ਕਮਾਈ ਤੇ ਈਸ਼ਵਰ ਦਾ ਚਿੰਤਨ, ਅੱਲਾ ਦੀ ਯਾਦ ਤੇ ਵਾਹਿਗੁਰੂ ਦੇ ਸਿਮਰਨ ਦਾ ਉਪਦੇਸ਼ ਦਿੰਦੇ ਸਨ। ਬਾਬਾ ਰਾਮ ਸਿੰਘ ਜੀ ਉੱਤੇ ਬਾਬਾ ਬਾਲਕ ਸਿੰਘ ਦੇ ਉਪਦੇਸ਼ਾਂ ਦਾ ਬੜਾ ਪ੍ਰਭਾਵ ਪਿਆ ਤੇ ਉਸ ਤੋਂ ਪਿੱਛੋਂ, ਬਾਬਾ ਰਾਮ ਸਿੰਘ ਪਹਿਲਾਂ ਨਾਲ਼ੋਂ ਵੀ ਵੱਧ ਤਤਪਰ ਹੋ ਕੇ ਵਾਹਿਗੁਰੂ ਦਾ ਭਜਨ ਕਰਨ ਲੱਗੇ। ਬਾਬਾ ਰਾਮ ਸਿੰਘ ਦੇ ਬਾਬਾ ਬਾਲਕ ਸਿੰਘ ਨਾਲ਼ ਮੇਲ ਦੀ ਗੱਲ ਸੰਨ 1847 ਈਸਵੀ ਦੀ ਦੱਸੀ ਜਾਂਦੀ ਹੈ।

ਸੰਨ 1846 ਵਿੱਚ, ਸਿੰਘਾਂ ਨਾਲ਼ ਲੜਾਈਆਂ ਪਿੱਛੋਂ ਅੰਗਰੇਜ਼ ਲਾਹੌਰ ਆ ਗਏ, ਤੇ ਦੋ ਤਿੰਨ ਸਾਲ ਪਿੱਛੋਂ ਅੰਗਰੇਜ਼ਾਂ ਨੇ ਪੰਜਾਬ ਉੱਤੇ ਸਿੱਧਾ ਕਬਜ਼ਾ ਕਰ ਲਿਆ ਤੇ ਪੰਜਾਬ ਮੁੜ ਇੱਕ ਸੌ ਸਾਲ ਲਈ ਪ੍ਰਾਧੀਨ ਹੋ ਗਿਆ। ਸਿੰਘਾਂ ਤੇ ਅੰਗਰੇਜ਼ਾਂ ਵਿਚਕਾਰ ਹੋਈ ਮੁੱਦਕੀ ਦੀ ਲੜਾਈ ਵਿੱਚ ਬਾਬਾ ਰਾਮ ਸਿੰਘ ਜੀ ਭੀ ਲੜੇ ਤੇ ਕਿਹਾ ਇਉਂ ਜਾਂਦਾ ਹੈ, ਜੋ ਇਸ ਲੜਾਈ ਤੋਂ ਪਿੱਛੋਂ ਆਪ ਆਪਣੇ ਪਿੰਡ ਭੈਣੀ ਮੁੜ ਆਏ। ਜਦੋਂ ਪੰਜਾਬ ਪ੍ਰਾਧੀਨ ਹੋ ਗਿਆ ਤਾਂ ਦੇਸ ਵਿੱਚ ਧਾਰਮਿਕ ਤੇ ਸਮਾਜਿਕ ਕੁਰੀਤੀਆਂ ਬਹੁਤ ਵੱਧ ਗਈਆਂ ਤੇ ਬਾਬਾ ਬਾਲਕ ਸਿੰਘ ਨੇ ਇਹਨਾਂ ਕੁਰੀਤੀਆਂ ਨੂੰ ਰੋਕਣ ਲਈ ਇੱਕ ਧਾਰਮਿਕ ਜਥੇਬੰਦੀ ਦੀ ਨੀਂਹ ਰੱਖੀ ਜਿਸ ਨੂੰ ਕਿ ਜਗਿਆਸੂਆਂ ਅਭਿਆਸੀਆਂ ਦੀ ਜਥੇਬੰਦੀ ਕਹਿੰਦੇ ਸਨ। ਜਗਿਆਸੂ ਉਹ ਜੋ ਜਗਤ ਵਿੱਚ ਰਹਿ ਕੇ ਸੱਚ ਦੀ ਖੋਜ ਕਰਨਾ ਚਾਹੁੰਦੇ ਸਨ ਤੇ ਅਭਿਆਸੀ ਉਹ ਜੋ ਈਸ਼ਵਰ ਦੇ ਭਜਨ ਦਾ ਅਭਿਆਸ ਕਰਦੇ ਸਨ। ਇਹ ਗੱਲ ਸੰਨ 1857 ਈਸਵੀ ਦੀ ਕਹੀ ਜਾਂਦੀ ਹੈ। ਇਸ ਜਗਿਆਸੂਆਂ ਅਭਿਆਸੀਆਂ ਦੀ ਜਥੇਬੰਦੀ ਦੇ ਪ੍ਰਚਾਰਕ ਤੇ ਨੇਤਾ ਪੰਜਾਬ ਵਿੱਚ ਬਾਬਾ ਰਾਮ ਸਿੰਘ ਥਾਪੇ ਗਏ। ਇਹੋ ਜਥੇਬੰਦੀ ਪੰਜਾਬ ਵਿੱਚ ਪਿੱਛੋਂ ਨਾਮਧਾਰੀ ਜਥੇਬੰਦੀ ਜਾਂ ਕੂਕਿਆਂ ਦੀ ਜਮਾਤ ਅਖਵਾਈ। ਨਾਮਧਾਰੀ ਇਉਂ ਜੁ ਇਹ ਵਾਹਿਗੁਰੂ ਦੇ ਨਾਮ ਦਾ ਅਭਿਆਸ ਤੇ ਸਿਮਰਨ ਕਰਦੇ ਸਨ ਤੇ ਕੂਕੇ ਇਉਂ ਜੁ ਇਹ ਆਪਣੇ ਦੀਵਾਨਾਂ ਤੇ ਜਥਿਆਂ ਵਿੱਚ ਮਸਤ ਹੋ ਕੇ, 'ਸੱਤ ਸ੍ਰੀ ਅਕਾਲ', 'ਸੱਤ ਸ੍ਰੀ ਅਕਾਲ', ਕੂਕਦੇ ਹੁੰਦੇ ਸਨ। ਬੱਸ, ਇਸ ਸਮੇਂ ਤੋਂ ਹੀ ਬਾਬਾ ਰਾਮ ਸਿੰਘ ਦਾ ਧਾਰਮਿਕ ਆਗੂ ਤੇ ਸਮਾਜ ਸੁਧਾਰਕ ਦਾ ਜੀਵਨ ਅਰੰਭ ਹੁੰਦਾ ਹੈ।

ਖ਼ਾਲਸਾ ਫ਼ੌਜ ਦੀ ਨੌਕਰੀ ਛੱਡ ਆਉਣ ਪਿੱਛੋਂ ਬਾਬਾ ਰਾਮ ਸਿੰਘ ਨੇ ਆਪਣੇ ਰੁਜ਼ਗਾਰ ਲਈ ਆਪਣੇ ਪਿੰਡ ਵਿੱਚ ਹੀ ਇੱਕ ਲੋਹੇ-ਕੱਪੜੇ ਆਦਿ ਦੀ ਹੱਟੀ ਪਾ ਲਈ ਸੀ। ਉਸ ਵਿੱਚੋਂ ਦਸਾਂ ਨਹੁੰਆਂ ਤੇ ਧਰਮ ਦੀ ਕਿਰਤ ਕਮਾਈ ਕਰਨ ਨਾਲ਼ ਜੋ ਬਚਦਾ, ਉਸ ਨਾਲ਼ ਹੀ ਆਪਣਾ ਤੇ ਆਪਣੇ ਟੱਬਰ ਦਾ ਨਿਰਬਾਹ ਕਰਦੇ ਸਨ ਤੇ ਉਸ ਵਿੱਚੋਂ ਹੀ ਪੁੰਨ ਦਾਨ ਤੇ ਦਸਵੰਧ ਆਦਿ ਕੱਢਦੇ ਸਨ। ਜਦੋਂ ਜਗਿਆਸੀ ਅਭਿਆਸੀ ਉਪਦੇਸ਼ਾਂ ਦਾ ਪ੍ਰਚਾਰ ਦੇਸ ਵਿੱਚ ਵੱਧ ਗਿਆ, ਤੇ ਨਾਮਧਾਰੀ ਜਥੇਬੰਦੀ ਪੰਜਾਬ ਦੇ ਬਹੁਤ ਸਾਰੇ ਇਲਾਕੇ ਵਿੱਚ ਫੈਲ ਗਈ ਤਾਂ ਸ਼ਰਧਾਲੂ ਆਪਣੀ ਦਸਵੰਧ ਕਮਾਈ ਬਾਬਾ ਰਾਮ ਸਿੰਘ

Downloaded from https:// www.studiestoday.com

Downloaded from https:// www.studiestoday.com



ਕੋਲ ਭੈਣੀ ਭੇਜਣ ਲੱਗੇ। ਪਰ ਬਾਬਾ ਰਾਮ ਸਿੰਘ ਉਹ ਸਾਰੀ ਆਮਦਨ ਸਾਂਝੇ ਲੰਗਰ ਵਿੱਚ ਪਾ ਦਿੰਦੇ ਸਨ ਜਿਸ ਵਿੱਚੋਂ ਆਈਆਂ ਗਈਆਂ ਸੰਗਤਾਂ ਲੰਗਰ ਛਕਦੀਆਂ ਸਨ। ਥੋਹੜੇ ਸਾਲਾਂ ਵਿੱਚ ਹੀ ਬਾਬਾ ਰਾਮ ਸਿੰਘ ਦਾ ਧਰਮ ਪ੍ਰਚਾਰ ਬਹੁਤ ਮਕਬੂਲ ਹੋ ਗਿਆ ਤੇ ਨਾਮਧਾਰੀ ਜਥੇਬੰਦੀਆਂ ਪੰਜਾਬ ਦੇ ਬਹੁਤ ਸਾਰੇ ਜ਼ਿਲ੍ਹਿਆਂ ਵਿੱਚ ਬਣ ਗਈਆਂ।

ਹੁਣ ਬਾਬਾ ਰਾਮ ਸਿੰਘ ਦੀ ਉੱਚ ਆਤਮਾ ਆਪਣੇ ਅਸਲੀ ਰੂਪ ਵਿੱਚ ਸੰਸਾਰ ਸਾਹਮਣੇ ਪ੍ਰਗਟ ਹੋਈ। ਹੁਣ ਬਾਬਾ ਰਾਮ ਸਿੰਘ ਜਗਿਆਸੀ ਅਭਿਆਸੀ ਸੰਪ੍ਰਦਾਇ ਦੇ, ਜਿਸ ਦਾ ਕਿ ਕੇਂਦਰ ਹਜ਼ਰੋ ਵਿੱਚ ਸੀ, ਇੱਕ ਨਾਇਬ ਜਾਂ ਪ੍ਰਤੀਨਿੱਧ ਹੀ ਨਾ ਰਹੇ। ਹੁਣ ਉਹਨਾਂ ਨੇ ਆਪਣੇ ਦੇਸ ਤੇ ਜਾਤੀ ਦੇ ਸੰਪੂਰਨ ਕਲਿਆਣ ਦਾ ਬੀੜਾ ਚੁੱਕ ਲਿਆ ਤੇ ਇੱਕ ਮਹਾਨ ਧਾਰਮਿਕ ਆਗੂ, ਇੱਕ ਦੂਰ-ਅੰਦੇਸ਼ ਸਮਾਜ- ਸੁਧਾਰਕ ਤੇ ਇੱਕ ਦ੍ਰਿੜ ਦੇਸ ਭਗਤ ਤੇ ਰਾਜਸੀ ਨੇਤਾ ਦੇ ਰੂਪ ਵਿੱਚ ਪ੍ਰਕਾਸ਼ਮਾਨ ਹੋ ਗਏ। ਜਿਵੇਂ ਚਿੱਕੜ ਵਿੱਚੋਂ ਕੰਵਲ ਦਾ ਫੁੱਲ ਉੱਗਮ ਕੇ ਖਿੜ ਪੈਂਦਾ ਹੈ, ਜਿਵੇਂ ਪੱਥਰਾਂ ਗੀਟਿਆਂ ਵਿੱਚੋਂ ਕੋਈ ਹੀਰੇ ਦੀ ਕਣੀ ਚਮਕ ਮਾਰ ਉਠਦੀ ਹੈ, ਜਿਵੇਂ ਹਿਰਨਾਂ ਦੀਆਂ ਆਮ ਬੇਮੁਹਾਰ ਫਿਰਦੀਆਂ ਡਾਰਾਂ ਵਿੱਚ, ਕਿਸੇ ਹਿਰਨ ਦੀ ਨਾਫ-ਵਿਚੋਂ ਮੁਸ਼ਕ ਫੁਟ ਆਉਂਦੀ ਹੈ, ਇਉਂ ਭੈਣੀ ਪਿੰਡ ਦਾ ਇੱਕ ਮੁੰਡਾ, ਇੱਕ ਪ੍ਰਭਾਵਸ਼ਾਲੀ ਰਾਹਨੁਮਾ ਦੇ ਰੂਪ ਵਿੱਚ ਚਮਕ ਉੱਠਿਆ।

ਜੋ ਨਿਸ਼ਾਨਾ ਭਾਈ ਰਾਮ ਸਿੰਘ ਨੇ ਆਪਣੇ ਸਾਹਮਣੇ ਰੱਖਿਆ, ਉਹ ਇਤਨਾ ਉੱਚਾ ਤੇ ਮਹਾਨ ਸੀ, ਕਿ ਕੋਈ ਬੜਾ ਵੱਡਾ ਮਰਦ ਕਾ ਚੇਲਾ ਮੁਰਦ ਹੀ ਇਤਨਾ ਹੌਸਲਾ ਕਰ ਸਕਦਾ ਹੈ। ਇਸ ਸਮੇਂ ਇਸ ਮਹਾਂ ਪੁਰਖ ਨੂੰ ਲੋਕ ਸਤਿਕਾਰ ਵਜੋਂ, ਭਾਈ ਰਾਮ ਸਿੰਘ, ਕਹਿ ਕੇ ਬੁਲਾਉਂਦੇ ਸਨ, ਪਿੱਛੋਂ ਜਾ ਕੇ ਜਦੋਂ ਉਹਨਾਂ ਦੇ ਉੱਚੇ ਸੁੱਚੇ ਜੀਵਨ ਦਾ ਸਤਿਕਾਰ ਮੁਸ਼ਕ ਦੀ ਸੁਗੰਧੀ ਵਾਂਗ ਚੌਂਹ ਪਾਸੀਂ ਪਸਰ ਗਿਆ, ਲੋਕ ਉਹਨਾਂ ਨੂੰ ਬਾਬਾ ਰਾਮ ਸਿੰਘ ਕਹਿ ਕੇ ਬੁਲਾਉਣ ਲੱਗੇ, ਤੇ ਕਈ ਉਹਨਾਂ ਦੇ ਨਿਕਟਵਰਤੀ ਤੇ ਸ਼ਰਧਾਲੂ ਤਾਂ ਉਹਨਾਂ ਨੂੰ ਗੁਰੂ ਰਾਮ ਸਿੰਘ ਜਾਂ ਸਤਿਗੁਰੂ ਰਾਮ ਸਿੰਘ ਵੀ ਕਹਿਣ ਲੱਗ ਪਏ, ਭਾਵੇਂ ਬਾਬਾ ਰਾਮ ਸਿੰਘ ਲੋਕਾਂ ਨੂੰ ਇਉਂ ਕਹਿਣੋਂ ਸਦਾ ਰੋਕਦੇ ਰਹੇ। ਸੱਚੀ ਗੱਲ ਤਾਂ ਇਹ ਹੈ ਕਿ ਭਾਰਤ ਵਰਸ਼ ਦੀ ਹਜ਼ਾਰਾਂ ਵਰ੍ਹਿਆਂ ਦੀ ਤਵਾਰੀਖ਼ ਵਿੱਚ, ਗੁਰੂ ਗੋਬਿੰਦ ਸਿੰਘ ਤੋਂ ਬਿਨਾਂ ਕੋਈ ਵੀ ਇਤਿਹਾਸਿਕ ਵਿਅਕਤੀ ਅਜੇਹਾ ਨਹੀਂ ਹੋਇਆ ਜਿਸ ਨੇ ਆਪਣੇ ਜੀਵਨ-ਮਨੋਰਥ ਦਾ ਨਿਸ਼ਾਨਾ ਇਤਨਾ ਹਮਾਗੀਰ ਤੇ ਉੱਚਾ ਰੱਖਿਆ ਹੋਵੇ, ਜਿਸ ਦਾ ਮੰਤਵ ਕਿ ਜਾਤੀ ਤੇ ਜਨਤਾ ਦੇ ਆਤਮਿਕ ਤੌਰ 'ਤੇ, ਸਮਾਜਿਕ ਤੌਰ 'ਤੇ ਅਤੇ ਰਾਜਸੀ ਤੌਰ 'ਤੇ ਸਾਰੇ ਭਰਮਾਂ ਤੇ ਬੰਧਨਾਂ ਨੂੰ ਤੋੜ ਕੇ, ਉਸ ਨੂੰ ਉੱਨਤੀ ਦੀ ਸਿਖਰ ਉੱਤੇ ਲੈ ਜਾਣਾ ਹੋਵੇ।

ਬਾਬਾ ਰਾਮ ਸਿੰਘ ਦਾ ਨਿਸ਼ਾਨਾ ਕੀ ਸੀ? ਉਸ ਬਾਰੇ ਕੋਈ ਭਰਮ-ਭੁਲੇਖਾ ਉਹਨਾਂ ਦੇ ਜੀਵਨ ਨੂੰ ਜਾਣਨ ਸੁਣਨ ਵਾਲਿਆਂ ਦੇ ਮਨਾਂ ਵਿੱਚ ਨਹੀਂ ਰਹਿ ਜਾਂਦਾ। ਉਹਨਾਂ ਦਾ ਨਿਸ਼ਾਨਾ ਇਹ ਸੀ:

Downloaded from https:// www.studiestoday.com

Downloaded from https:// www.studiestoday.com



1. ਲੋਕ ਆਪਣੇ ਸਰੀਰ ਤੇ ਆਪਣੀ ਰਹਿਣੀ ਬਹਿਣੀ ਨੂੰ ਸਵੱਛ ਤੇ ਸਾਫ਼ ਰੱਖਣ।
2. ਲੋਕਾਂ ਦੇ ਮਨ ਭਰਮਾਂ ਭੁਲੇਖਿਆਂ ਤੇ ਵਹਿਮਾਂ ਵਿੱਚੋਂ ਨਿਕਲ ਕੇ ਨਰੋਏ ਹੋ ਜਾਣ।
3. ਸਮਾਜਿਕ ਤੌਰ ਉੱਤੇ ਇਸਤਰੀ ਤੇ ਮਰਦ ਬਰਾਬਰ ਦੇ ਮੰਨੇ ਜਾਣ ਤੇ ਸਰਬ ਸਾਂਝੇ ਵਿੱਦਿਆ ਦੇ ਪ੍ਰਚਾਰ ਰਾਹੀਂ ਉੱਨਤੀ ਕਰਨ।
4. ਲੋਕਾਂ ਦੀ ਆਤਮਾ ਧਾਰਮਿਕ ਤੌਰ ਉੱਤੇ ਸੁਰਜੀਤ ਤੇ ਤਕੜੀ ਹੋਵੇ।
5. ਦੇਸ ਤੇ ਜਨਤਾ, ਬਦੇਸੀਆਂ ਤੇ ਰਾਜੇ ਰਾਣੀਆਂ ਦੀ ਪ੍ਰਾਧੀਨਤਾ ਤੋਂ ਸਵਤੰਤਰ ਹੋ ਕੇ, ਆਪਣਾ ਰਾਜ ਆਪ ਕਰਨ।

ਇਤਨਾ ਵੱਡਾ ਮਹਾਨ ਕਾਰਜ ਆਪਣੇ ਸਾਹਮਣੇ ਰੱਖ ਕੇ ਬਾਬਾ ਰਾਮ ਸਿੰਘ ਨੇ ਆਪਣੇ ਉਪਦੇਸ਼ ਤੇ ਜੀਵਨ ਕਾਰਜ ਅਰੰਭੇ।

ਸਰੀਰਿਕ ਸਫ਼ਾਈ ਨੂੰ, ਮਨ ਸੰਜਮ ਵਿੱਚ ਰੱਖਣ ਤੇ ਸਰੀਰ ਨੂੰ ਰਿਸ਼ਟ-ਪੁਸ਼ਟ ਰੱਖਣ ਉੱਤੇ ਬਾਬਾ ਰਾਮ ਸਿੰਘ ਬੜਾ ਜ਼ੋਰ ਦਿੰਦੇ ਸਨ। ਬਸਤਰ ਸਦਾ ਸਾਫ਼ ਤੇ ਨਿਰਮਲ ਪਹਿਨੋ। ਇੱਕ ਪਹਿਰ ਰਾਤ ਰਹਿੰਦਿਆਂ ਉੱਠ ਕੇ ਸਣੇ ਕੇਸੀ ਇਸ਼ਨਾਨ ਕਰੋ। ਦਾਤਣ ਹਰ ਰੋਜ਼ ਕਰੋ। ਆਪਣੀ ਰਸੋਈ ਪਕਾਣ, ਵਰਤਾਣ ਤੇ ਖਾਣ ਵਿੱਚ ਸਦਾ ਸਫ਼ਾਈ ਵਰਤੋ। ਗੰਦ ਤੇ ਮੈਲ ਨੂੰ ਤਿਆਗਣ ਵਿੱਚ ਕਦੇ ਆਲਸ ਨਾ ਕਰੋ। ਇਹ ਉਪਦੇਸ਼ ਬਾਬਾ ਰਾਮ ਸਿੰਘ ਲੋਕਾਂ ਨੂੰ ਨਿਤਾ ਪ੍ਰਤੀ ਦਿੰਦੇ ਸਨ। ਇਹ ਇਹਨਾਂ ਉਪਦੇਸ਼ਾਂ ਦਾ ਹੀ ਅਸਰ ਹੈ ਜੁ ਬਾਬਾ ਰਾਮ ਸਿੰਘ ਦੇ ਸਮਕਾਲੀ ਅੰਗਰੇਜ਼ ਅਫ਼ਸਰ ਤੇ ਹੋਰ ਲੋਕ, ਜਿਨ੍ਹਾਂ ਵੀ ਬਾਬਾ ਰਾਮ ਸਿੰਘ ਤੇ ਉਹਨਾਂ ਦੇ ਸਾਥੀਆਂ ਤੇ ਪੈਰੋਕਾਰਾਂ ਦੇ ਕਦੇ ਦਰਸ਼ਨ ਕੀਤੇ, ਉਹਨਾਂ ਦੇ ਚਿੱਟੇ ਦੁੱਧ ਬਸਤਰਾਂ ਤੇ ਸਾਫ਼ ਸਵਛ ਰਹਿਣੀ ਬਹਿਣੀ ਤੋਂ ਅਤਿਅੰਤ ਪ੍ਰਭਾਵਤ ਹੋਏ। ਇੱਕ ਵੱਡੇ ਅੰਗਰੇਜ਼ ਅਫ਼ਸਰ ਨੇ ਆਪਣੀ ਸਰਕਾਰ ਨੂੰ ਬਾਬਾ ਰਾਮ ਸਿੰਘ ਬਾਬਤ ਲਿਖਿਆ, ਕਿ ਉਹ ਜਦੋਂ ਆਪਣੇ ਮੁਸਾਹਿਬਾਂ ਨਾਲ ਬਾਹਰ ਨਿਕਲਦੇ ਹਨ ਤਾਂ ਇਉਂ ਪਰਭਾਵ ਪੈਂਦਾ ਹੈ ਜਿਵੇਂ ਕਿ ਕੋਈ ਵੱਡਾ ਰਾਜਸੀ ਨੇਤਾ, ਕਿਸੇ ਦੇਸ ਦਾ ਸਰਦਾਰ ਜਾਂ ਸਿੱਕਦਾਰ ਹੋਵੇ। ਅੱਜ ਵੀ, ਬਾਬਾ ਰਾਮ ਸਿੰਘ ਦਾ ਗ਼ਰੀਬ ਤੋਂ ਗ਼ਰੀਬ ਪੈਰੋਕਾਰ, ਨਾਮਧਾਰੀ ਕੂਕਾ, ਆਪਣੇ ਬਸਤਰਾਂ ਤੇ ਆਪਣੀ ਰਹਿਣੀ ਬਹਿਣੀ ਦੀ ਸਫ਼ਾਈ ਵਿੱਚ ਆਪਣੇ ਗਵਾਂਢੀਆਂ ਕੋਲੋਂ ਵੱਖਰਾ ਤੇ ਵਧੇਰੇ ਸਰੇਸ਼ਟ ਦਿਸ ਆਉਂਦਾ ਹੈ।

ਭਰਮਾਂ ਵਹਿਮਾਂ ਦਾ ਤਿਆਗ ਕਰੋ। ਇੱਕੋ ਅਕਾਲ ਪੁਰਖ ਦੀ ਪੂਜਾ ਭਗਤੀ ਤੇ ਉਸ ਦੀ ਟੇਕ, ਇਹ ਬਾਬਾ ਰਾਮ ਸਿੰਘ ਦਾ ਉਪਦੇਸ਼ ਸੀ ਤੇ ਉਹ ਸਦਾ ਕਹਿੰਦੇ ਸਨ ਜੁ ਇਹੋ ਗੁਰੂਆਂ ਦਾ ਚਲਾਇਆ ਹੋਇਆ, ਸਾਰੇ ਜਗਤ ਲਈ ਕਲਿਆਣਕਾਰੀ, ਸਿੱਖੀ ਮਾਰਗ ਹੈ। ਇਸੇ ਉਪਦੇਸ਼ ਨੂੰ ਦ੍ਰਿੜ੍ਹ ਕਰਨ ਹਿਤ ਬਾਬਾ ਰਾਮ ਸਿੰਘ ਕਹਿੰਦੇ ਸਨ, ਜੋ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਤੇ ਗੁਰੂ ਗੋਬਿੰਦ ਸਿੰਘ ਦਾ ਦੱਸਿਆ ਪੰਥ ਇਹੋ ਹੈ। ਇਸੇ ਵਿਸ਼ੇ ਉੱਤੇ ਬਾਬਾ ਰਾਮ ਸਿੰਘ ਦੇ ਬਚਨਾਂ ਦਾ ਸਾਰ ਅੰਸ਼ ਇਉਂ ਪ੍ਰਚਲਿਤ ਹੈ:

Downloaded from https:// www.studiestoday.com

Downloaded from https:// www.studiestoday.com



ਗੁਰੂ ਗ੍ਰੰਥ ਮੇਂ ਜੋ ਕੁਝ ਲਿਖਿਆ।
ਸੋਈ ਧਾਰੋ ਮਨ ਮੈਂ ਸਿੱਖਿਆ।
ਦਸਮ ਗੁਰੂ ਕੀ ਰੀਤ ਸੰਭਾਰੋ।
ਲੋਕ ਦੋਹਨ ਕੇ ਜੋ ਰਖਵਾਰੋ।

ਪਰ ਇਹ ਉਪਦੇਸ਼ ਬਾਬਾ ਰਾਮ ਸਿੰਘ ਦਾ, ਕੇਵਲ ਉਹਨਾਂ ਨੂੰ ਹੀ ਨਹੀਂ ਸੀ, ਜੋ ਆਪਣੇ ਆਪ ਨੂੰ ਸਿੱਖ ਅਖਵਾਂਦੇ ਸਨ। ਇਹ ਉਪਦੇਸ਼ ਭਰਮਾਂ ਵਹਿਮਾਂ ਨੂੰ ਤਿਆਗਣ ਦਾ ਤੇ ਇੱਕ ਸਰਬ ਸ਼ਕਤੀਮਾਨ ਅਕਾਲ ਪੁਰਖ ਦੀ ਪੂਜਾ ਤੇ ਟੇਕ ਦਾ, ਉਹ ਸਭ ਪਰਾਣੀਆਂ ਨੂੰ ਸਾਂਝਾ ਦਿੰਦੇ ਸਨ ਤੇ ਬਾਰ ਬਾਰ ਇਸ ਸਿਧਾਂਤ ਉੱਤੇ ਜ਼ੋਰ ਦਿੰਦੇ ਸਨ ਕਿ ਇਹੋ ਉਪਦੇਸ਼ ਜਗਤ ਨੂੰ ਦੇਣ, ਗੁਰੂ ਨਾਨਕ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ ਦਸਾਂ ਗੁਰੂਆਂ ਨੇ ਅਵਤਾਰ ਧਾਰਿਆ ਸੀ। ਬਾਬਾ ਰਾਮ ਸਿੰਘ ਦੇ ਇਸ ਉਪਦੇਸ਼ ਤੇ ਸਿਧਾਂਤ ਤੋਂ ਪ੍ਰਭਾਵਿਤ ਹੋ ਕੇ ਬਹੁਤ ਸਾਰੇ ਪੜ੍ਹੇ ਲਿਖੇ ਹਿੰਦੂ ਤੇ ਮੁਸਲਮਾਨ ਵੀ ਬਾਬਾ ਰਾਮ ਸਿੰਘ ਦੇ ਪੈਰੋਕਾਰ ਬਣ ਗਏ ਸਨ ਤੇ ਉਹ ਵੀ 'ਕੂਕੇ' ਅਖਵਾਂਦੇ ਸਨ। ਕਿਸੇ ਜਨਮ, ਜਾਤੀ, ਜਾਤ-ਪਾਤ, ਦਾ ਭਿੰਨ ਭੇਦ ਬਾਬਾ ਰਾਮ ਸਿੰਘ ਦੇ ਇਹਨਾਂ ਉਪਦੇਸ਼ਾਂ ਵਿੱਚ ਨਹੀਂ ਸੀ। ਸਭ ਜਾਤਾਂ ਦੇ ਲੋਕ, ਕੋਈ ਥੋਹੜੇ, ਕੋਈ ਬਹੁਤੇ, ਬਾਬਾ ਰਾਮ ਸਿੰਘ ਦੇ ਸ਼ਰਧਾਲੂ ਤੇ ਪੈਰੋਕਾਰ ਬਣ ਗਏ ਸਨ।

ਬਾਬਾ ਰਾਮ ਸਿੰਘ ਨੇ ਆਪਣੇ ਦੇਸ ਤੇ ਜਾਤੀ ਦੇ ਲੋਕਾਂ ਦੀ ਸਰੀਰਿਕ, ਆਤਮਿਕ ਤੇ ਭਾਈਚਾਰਿਕ ਦਸ਼ਾ ਨੂੰ ਉੱਚਾ ਕਰਨ ਦਾ ਯਤਨ ਕੀਤਾ। ਪਰ ਬਾਬਾ ਰਾਮ ਸਿੰਘ ਦਾ ਇਹ ਪ੍ਰਪੱਕ ਨਿਸਚਾ ਸੀ ਕਿ ਕੋਈ ਦੇਸ ਤੇ ਜਾਤੀ ਪ੍ਰਾਧੀਨਤਾ ਵਿੱਚ ਵਧ ਫੁੱਲ ਨਹੀਂ ਸਕਦੀ ਤੇ ਇਸ ਲਈ ਉਹ ਦੇਸ ਨੂੰ ਅੰਗਰੇਜ਼ਾਂ ਦੀ ਗੁਲਾਮੀ ਵਿੱਚੋਂ ਕੱਢਣ ਦੀਆਂ ਵਿਉਂਤਾਂ ਸਦਾ ਸੋਚਦੇ ਰਹਿੰਦੇ ਸਨ, ਅੰਗਰੇਜ਼ਾਂ ਦੇ ਰਾਜ ਨੂੰ ਦੇਸ ਵਿੱਚੋਂ ਖਤਮ ਕਰਨ ਲਈ ਉਹਨਾਂ ਨੇ ਚਾਰ ਸਾਧਨ ਸੋਚੇ ਸਨ, ਪਹਿਲਾ ਤਾਂ ਇਹ ਕਿ ਲੋਕਾਂ ਦਾ ਆਚਰਨ ਤੇ ਆਤਮਿਕ ਜੀਵਨ ਉੱਚਾ ਕਰਕੇ ਉਹਨਾਂ ਦੇ ਮਨਾਂ ਨੂੰ ਨਿਰਭੈ ਤੇ ਕੁਰਬਾਨੀ ਕਰਨ ਲਈ ਤਿਆਰ ਕੀਤਾ ਜਾਵੇ। ਦੂਜੇ ਇਹ ਕਿ ਲੋਕ ਆਪਣੇ ਨਿਤਾਪ੍ਰਤੀ ਦੇ ਜੀਵਨ ਵਿੱਚ ਬਿਦੇਸੀ ਰਾਜ ਕਰਨ ਵਾਲਿਆਂ ਦੀ ਚਲਾਈ ਹੋਈ ਕਿਸੇ ਸੰਸਥਾ ਦਾ ਆਸਰਾ ਤੇ ਸਹਾਰਾ ਨਾ ਢੂੰਡਣ। ਤੀਜੇ, ਲੋਕ ਦੇਸ ਨੂੰ ਅਜ਼ਾਦ ਕਰਵਾਉਣ ਲਈ ਜਥੇਬੰਦ ਹੋ ਜਾਣ, ਤੇ ਚੌਥੇ, ਲੋਕ ਹਥਿਆਰਾਂ ਦੀ ਵਰਤੋਂ ਫ਼ੌਜੀ ਢੰਗ ਨਾਲ ਸਿੱਖ ਲੈਣ। ਦੇਸ ਦੀ ਅਜ਼ਾਦੀ ਦੇ ਪਰੋਗਰਾਮ ਨੂੰ ਇਉਂ ਸੋਚ ਕੇ ਉਲੀਕ ਲੈਣਾ, ਤੇ ਉਸ ਉੱਤੇ ਚੁੱਪ ਚੁਪੀਤੇ ਤੇ ਸੁਚੱਜੇ ਢੰਗ ਨਾਲ ਅਮਲ ਵੀ ਸ਼ੁਰੂ ਕਰ ਦੇਣਾ, ਕਿਸੇ ਆਮ ਦਿਮਾਗ਼ ਦਾ ਕੰਮ ਨਹੀਂ ਸੀ, ਤੇ ਨਾ ਹੀ ਕੋਈ ਸਧਾਰਨ ਬਿਰਤੀਆਂ ਵਾਲਾ ਆਦਮੀ ਅਜੇਹੀਆਂ ਮਹਾਨ ਵਿਉਂਤਾਂ ਸੋਚ ਸਕਦਾ ਸੀ।

Downloaded from https:// www.studiestoday.com

Downloaded from https:// www.studiestoday.com



ਬਾਬਾ ਰਾਮ ਸਿੰਘ ਨੇ ਆਪਣੇ ਸਭ ਸ਼ਰਧਾਲੂਆਂ ਨੂੰ ਹਿਦਾਇਤ ਕਰ ਦਿੱਤੀ ਕਿ ਉਹ ਅੰਗਰੇਜ਼ਾਂ ਦੇ ਚਲਾਏ ਹੋਏ ਡਾਕ, ਰੇਲ ਤੇ ਕਚਹਿਰੀਆਂ ਦੀ ਵਰਤੋਂ ਬਿਲਕੁਲ ਨਾ ਕਰਨ, ਤੇ ਨਾ ਹੀ ਅੰਗਰੇਜ਼ਾਂ ਦੀਆਂ ਬਰਾਮਦ ਕੀਤੀਆਂ ਹੋਈਆਂ ਬਿਦੇਸੀ ਚੀਜ਼ਾਂ ਦੀ ਵਰਤੋਂ ਕਰਨ। ਨਾਮਧਾਰੀਆਂ ਨੇ ਸੰਨ 1860 ਦੇ ਲਾਗੇ ਚਾਗੇ ਹੀ ਆਪਣਾ ਸਵਦੇਸੀ ਡਾਕ ਦਾ ਪ੍ਰਬੰਧ ਮੁਕੰਮਲ ਕਰ ਲਿਆ ਸੀ। ਡਾਕ ਤੇ ਚਿੱਠੀਆਂ ਹਰਕਾਰਿਆਂ ਰਾਹੀਂ, ਵੱਖੋ ਵੱਖਰੇ ਇਲਾਕਿਆਂ ਵਿੱਚ ਭੇਜੀਆਂ ਜਾਂਦੀਆਂ ਸਨ ਤੇ ਇਹ ਹਰਕਾਰੇ ਬਿਨਾਂ ਤਨਖ਼ਾਹ ਤੋਂ ਸੇਵਾ ਭਾਵ ਨਾਲ ਹੀ ਡਾਕ ਲਿਆਉਂਦੇ ਲਿਜਾਂਦੇ ਸਨ। ਇਹ ਪ੍ਰਬੰਧ ਅਜੇਹਾ ਪੱਕਾ ਸੀ ਜੁ ਬਿਦੇਸੀ ਹਾਕਮਾਂ ਨੂੰ ਇਸ ਡਾਕ ਦੇ ਲਿਆਉਣ ਲਿਜਾਣ ਦੇ ਰਾਹਾਂ ਦੀ ਭੀ ਸੂਹ ਨਹੀਂ ਸੀ ਲੱਗਦੀ। ਇਉਂ ਹੀ ਨਾਮਧਾਰੀ ਬਹੁਤ ਕਰਕੇ, ਸਿੱਧੇ ਰਾਹੀਂ, ਪਗ-ਡੰਡੀਆਂ ਉੱਤੋਂ ਦੀ ਪੈਦਲ ਜਾਂ ਘੋੜਿਆਂ 'ਤੇ ਪੰਧ ਕਰਦੇ ਸਨ ਤੇ ਰੇਲਾਂ 'ਤੇ ਨਹੀਂ ਸੀ ਚੜ੍ਹਦੇ। ਕਚਹਿਰੀਆਂ ਵਿੱਚ ਤਾਂ ਨਾਮਧਾਰੀ ਆਪਣੇ ਮੁਕੱਦਮੇ ਅੱਜ ਤੱਕ ਵੀ ਨਹੀਂ ਲਿਜਾਂਦੇ ਤੇ ਆਪਣੇ ਝਗੜੇ ਆਪਣੀਆਂ ਨਿਜੀ ਪੰਚਾਇਤਾਂ ਰਾਹੀਂ ਹੀ ਮੁਕਾ ਲੈਂਦੇ ਹਨ। ਬਿਦੇਸੀ ਕੱਪੜਾ ਤੇ ਹੋਰ ਬਿਦੇਸੀ ਚੀਜ਼ਾਂ ਦੀ ਵਰਤੋਂ ਭੀ ਨਾਮਧਾਰੀ ਵਾਹ ਲਗਦੀ ਨਹੀਂ ਕਰਦੇ। ਇਸ ਦਾ ਸਿੱਟਾ ਇਹ ਹੋਇਆ ਕਿ ਬਾਬਾ ਰਾਮ ਸਿੰਘ ਦੇ ਉਪਦੇਸ਼ਾਂ ਨੂੰ ਮੰਨਣ ਵਾਲ਼ੇ, ਅੰਗਰੇਜ਼ਾਂ ਦੀ ਅੱਧ-ਪਚੱਧੀ ਗ਼ੁਲਾਮੀ ਵਿੱਚੋਂ ਤਾਂ ਉਸੇ ਵੇਲ਼ੇ ਹੀ ਨਿਕਲ਼ ਗਏ। ਪੂਰਨ ਸਵੈਰਾਜ ਪ੍ਰਾਪਤ ਕਰਨ ਲਈ ਹੁਣ ਇੱਕ ਹੋਰ ਹੰਭਲਾ ਮਾਰਨ ਦੀ ਹੀ ਲੋੜ ਸੀ ਤੇ ਦੇਸ ਅੰਗਰੇਜ਼ਾਂ ਦੇ ਰਾਜ ਹੇਠੋਂ, ਉਦੋਂ ਹੀ ਨਿਕਲ਼ ਆਉਣਾ ਸੀ। ਪਰ ਕੁਛ ਘਟਨਾਵਾਂ ਬਾਬਾ ਰਾਮ ਸਿੰਘ ਦੇ ਵੱਸ ਤੋਂ ਬਾਹਰ ਦੀਆਂ ਹੋ ਗਈਆਂ, ਜਿਸ ਕਰਕੇ ਬਾਬਾ ਰਾਮ ਸਿੰਘ ਦੀਆਂ ਮਿਥੀਆਂ ਹੋਈਆਂ ਵਿਉਂਤਾਂ ਸਿਰੇ ਨਾ ਚੜ੍ਹ ਸਕੀਆਂ, ਤੇ ਅੰਗਰੇਜ਼ਾਂ ਨੇ ਬਾਬਾ ਰਾਮ ਸਿੰਘ ਨੂੰ ਦੇਸ ਨਿਕਾਲ਼ਾ ਦੇ ਕੇ, ਰੰਗੂਨ ਵਿੱਚ ਭੇਜ ਦਿੱਤਾ, ਜਿੱਥੋਂ ਉਹ ਮੁੜ ਕੇ ਆਪਣੇ ਦੇਸ ਨਾ ਆ ਸਕੇ।

ਉਹ ਸਦਾ ਏਹੋ ਜਿਹੇ ਬਚਨ ਕਹਿਆ ਕਰਦੇ ਸਨ: "ਵਾਹਿਗੁਰੂ ਵਾਹਿਗੁਰੂ ਜਪੋ। ਜਨਮ ਸੰਵਰੇਗਾ। ਫ਼ਰੰਗੀਆਂ ਦਾ ਰਾਜ ਦੇਸ ਉੱਤੋਂ ਮੁੱਕ ਜਾਵੇਗਾ। ਫੇਰ ਸਮਾਂ ਪਾ ਕੇ ਦੇਸ ਉੱਤੇ ਧਰਮ ਦਾ ਰਾਜ ਹੋਵੇਗਾ ਤੇ ਦੇਸ ਵਾਸੀ ਸੁਖੀ ਵੱਸਣਗੇ।

ਬਾਬਾ ਜੀ ਦਾ ਦੇਹਾਂਤ ਸੰਨ 1885 ਵਿੱਚ ਹੋਇਆ ਅੰਗਰੇਜ਼ੀ ਸਰਕਾਰ ਦੀਆਂ ਰਿਪੋਰਟਾਂ ਤੋਂ ਪ੍ਰਗਟ ਹੁੰਦਾ ਹੈ।

**ਅਰਥਾਵਲੀ :**

ਪ੍ਰੱਪਕ-ਪਰਿਪੱਕ, ਦ੍ਰਿੜ੍ਹ। **ਗੋਲੰਦਾਜ਼**-ਗੋਲੇ ਨੂੰ ਸੁੱਟਣ ਵਾਲ਼ਾ ਤੋਪਚੀ। **ਸਫ਼**-ਕਤਾਰ, ਸ਼੍ਰੇਣੀ। **ਪਲਟਨ**-ਪੈਦਲ ਸੈਨਾ ਦਾ ਦਸਤਾ। **ਪ੍ਰਾਧੀਨ**-ਅਧੀਨ। **ਕੁਰੀਤੀਆਂ**-ਬੁਰਾਈਆਂ। **ਨਿਰਬਾਹ**-ਗੁਜ਼ਾਰਾ। **ਦਸਵੰਧ**-ਕਮਾਈ ਦਾ ਦਸਵਾਂ ਹਿੱਸਾ। **ਹਿਰਨ ਦੀ ਨਾਫ਼**-ਹਰਨ ਦੀ ਨਾਭੀ ਜਾਂ ਧੁੰਨੀ। **ਤਵਾਰੀਖ਼**-ਇਤਿਹਾਸ। **ਮੁਸਾਹਿਬ**-ਸੁਹਬਤ ਵਿੱਚ ਰਹਿਣ ਵਾਲ਼ਾ ਸਾਥੀ। **ਪੈਰੋਕਾਰ**-ਪਿੱਛੇ ਲੱਗਣ ਵਾਲਾ, ਚੇਲਾ। **ਹਿਦਾਇਤ**-ਨਸੀਹਤ। **ਹਰਕਾਰੇ**-ਚਿੱਠੀਆਂ ਵੰਡਣ ਵਾਲ਼ੇ।

Downloaded from https:// www.studiestoday.com

Downloaded from https:// www.studiestoday.com



## ਪਾਠ-ਅਭਿਆਸ

1. ਬਾਬਾ ਬਾਲਕ ਸਿੰਘ ਦਾ ਬਾਬਾ ਰਾਮ ਸਿੰਘ ਨੇ ਕਿਹੜਾ-ਕਿਹੜਾ ਪ੍ਰਭਾਵ ਕਬੂਲਿਆ?
2. ਕਿਹੜੀ ਜਥੇਬੰਦੀ ਨਾਮਧਾਰੀ ਜਥੇਬੰਦੀ ਜਾਂ ਕੂਕਿਆਂ ਦੀ ਜਮਾਤ ਅਖਵਾਈ ਅਤੇ ਇਸ ਦਾ ਪਸਾਰ ਕਿਵੇਂ ਹੋਇਆ?
3. ਬਾਬਾ ਰਾਮ ਸਿੰਘ ਜੀ ਨੇ ਜੋ ਉਪਦੇਸ਼ ਦਿੱਤੇ ਹਨ, ਉਹਨਾਂ ਨੂੰ ਸੰਖੇਪ ਵਿੱਚ ਲਿਖੋ।
4. ਬਾਬਾ ਰਾਮ ਸਿੰਘ ਜੀ ਨੂੰ ਬਾਬਾ ਕਿਉਂ ਕਿਹਾ ਜਾਂਦਾ ਹੈ?
5. ਬਾਬਾ ਰਾਮ ਸਿੰਘ ਜੀ ਨੇ ਆਪਣੇ ਜੀਵਨ-ਨਿਰਬਾਹ ਲਈ ਕਿਹੜੇ-ਕਿਹੜੇ ਕਿੱਤੇ ਅਪਣਾਏ?
6. ਬਾਬਾ ਰਾਮ ਸਿੰਘ ਜੀ ਨੇ ਇਸਤਰੀ-ਜਾਤੀ ਦੀ ਭਲਾਈ ਲਈ ਕੀ-ਕੀ ਉਪਦੇਸ਼ ਦਿੱਤੇ?
7. ਕਿਹੜੇ ਕੰਮਾਂ ਕਰ ਕੇ ਬਾਬਾ ਰਾਮ ਸਿੰਘ ਜੀ ਦੇ ਉਪਦੇਸ਼ਾਂ ਨੂੰ ਮੰਨਣ ਵਾਲ਼ੇ ਅੰਗਰੇਜ਼ਾਂ ਦੀ ਗ਼ੁਲਾਮੀ ਤੋਂ ਉਸੇ ਵੇਲ਼ੇ ਹੀ ਅੱਧ-ਪਚੱਧਾ ਨਿਕਲ ਆਏ?
8. ਬਾਬਾ ਰਾਮ ਸਿੰਘ ਦੀ ਚਲਾਈ ਨਾ ਮਿਲਵਰਤਣ ਲਹਿਰ ਦਾ ਵਰਨਣ ਕਰੋ।
9. 'ਬਾਬਾ ਰਾਮ ਸਿੰਘ ਕੂਕਾ' ਲੇਖ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

Downloaded from https:// www.studiestoday.com

Downloaded from https:// www.studiestoday.com

# ਪ੍ਰੋ. ਪਿਆਰਾ ਸਿੰਘ ਪਦਮ

(1921-2001)

ਪਿਆਰਾ ਸਿੰਘ ਪਦਮ ਦਾ ਜਨਮ 28 ਦਸੰਬਰ, 1921 ਈਸਵੀ ਨੂੰ ਪਿੰਡ ਘੁੰਗਰਾਣਾ ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ। ਆਪ ਦੇ ਪਿਤਾ ਦਾ ਨਾਂ ਸ. ਗੁਰਨਾਮ ਸਿੰਘ ਤੇ ਮਾਤਾ ਦਾ ਨਾਂ ਸ੍ਰੀਮਤੀ ਨੰਦ ਕੌਰ ਸੀ। ਆਪ ਨੇ ਗਿਆਨੀ ਅਤੇ ਹਿੰਦੀ ਸਾਹਿਤ ਦੀ ਪ੍ਰਭਾਕਰ ਪਾਸ ਕੀਤੀ। ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਤੋਂ ਸਿੱਖ ਮਿਸ਼ਨਰੀ ਦਾ ਕੋਰਸ ਕੀਤਾ ਅਤੇ ਉਸੇ ਕਾਲਜ ਵਿੱਚ ਸਿੱਖ ਸਾਹਿਤ ਤੇ ਇਤਿਹਾਸ ਪੜ੍ਹਾਉਣ ਦੀ ਸੇਵਾ ਕਰਦੇ ਰਹੇ। 1950 ਤੋਂ 1965 ਤੱਕ ਭਾਸ਼ਾ ਵਿਭਾਗ ਵਿਖੇ 'ਪੰਜਾਬੀ ਦੁਨੀਆਂ' ਤੇ ਹੱਥ ਲਿਖਤਾਂ ਦੇ ਸੰਪਾਦਨ ਦੀ ਸੇਵਾ ਕੀਤੀ। 1966 ਤੋਂ 1983 ਤੱਕ ਪੰਜਾਬੀ ਯੂਨੀਵਰਸਿਟੀ ਦੇ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵਿੱਚ ਬਤੌਰ ਸੀਨੀਅਰ ਓਰੀਐਂਟਲ ਰੀਸਰਚ ਫੈਲੋ ਸੇਵਾ ਕਰਦੇ ਰਹੇ। ਪ੍ਰਾਚੀਨ ਪੰਜਾਬੀ ਸਾਹਿਤ ਦੀ ਸੰਭਾਲ਼ ਤੇ ਸਿੱਖ ਸਾਹਿਤ ਦਾ ਅਧਿਐਨ ਆਪ ਦਾ ਸ਼ੌਕ ਸੀ। ਆਪ ਦੀਆਂ ਪ੍ਰਸਿੱਧ ਰਚਨਾਵਾਂ ਇਹ ਹਨ- ਪੰਜਾਬੀ ਬੋਲੀ ਦਾ ਇਤਿਹਾਸ, ਗੁਰਮੁਖੀ ਲਿਪੀ ਦਾ ਇਤਿਹਾਸ, ਸੰਖੇਪ ਸਿੱਖ ਇਤਿਹਾਸ, ਪੰਜਾਬੀ ਸਾਹਿਤ ਦੀ ਰੂਪ-ਰੇਖਾ, ਪੰਜਾਬੀ ਵਾਰਾਂ, ਪੰਜਾਬੀ ਬਾਰਾਮਾਂਹੇ, ਹੀਰ ਵਾਰਿਸ ਸ਼ਾਹ, ਹਾਸ਼ਮ ਰਚਨਾਵਲੀ, ਸੂਫ਼ੀ ਕਾਵਿਧਾਰਾ, ਸਾਡੇ ਗੁਰਦੇਵ, ਕਲਮ ਦੇ ਧਨੀ, ਗੁਰੂ ਘਰ, ਗੁਰੂ ਨਾਨਕ ਸਾਗਰ, ਗੋਬਿੰਦ ਸਾਗਰ, ਸ੍ਰੀ ਗੁਰੂ ਗ੍ਰੰਥ ਪ੍ਰਕਾਸ਼, ਦਸਮ ਗ੍ਰੰਥ ਦਰਸ਼ਨ, ਰਹਿਤਨਾਮੇ, ਜ਼ਫ਼ਰਨਾਮਾ, ਪੰਥ ਤੇ ਪੰਥ ਦਾ ਵਾੱਲੀ, ਟੈਗੋਰ ਤ੍ਰਿਬੈਣੀ, ਗੁਰੂ ਅਰਜਨ ਵਿਟਹੁ ਕੁਰਬਾਣੀ ਆਦਿ।

ਪੰਜਾਬੀ ਸਾਹਿਤ ਸਭਾ ਦਿੱਲੀ ਅਤੇ ਪੰਜਾਬੀ ਯੂਨੀਵਰਸਟੀ ਪਟਿਆਲਾ ਵੱਲੋਂ ਆਪ ਨੂੰ ਆਜੀਵਨ ਫੈਲੋਸ਼ਿਪ ਮਿਲਣ ਦਾ ਮਾਣ ਹਾਸਲ ਹੋਇਆ। ਪੰਜਾਬ ਸਰਕਾਰ ਵੱਲੋਂ ਸ਼੍ਰੋਮਣੀ ਸਾਹਿਤਕਾਰ ਅਤੇ ਸਾਹਿਤ ਸ਼੍ਰੋਮਣੀ ਪੁਰਸਕਾਰ ਤੋਂ ਇਲਾਵਾ ਅਨੇਕਾਂ ਮਾਣ-ਸਨਮਾਨ ਪ੍ਰਾਪਤ ਕੀਤੇ। ਆਪ 1 ਮਈ, 2001 ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਏ।

## ਮਹਾਂਕਵੀ ਕਾਲੀਦਾਸ

ਕੋਈ ਹਿੰਦੁਸਤਾਨ ਦਾ ਕਲਾਕਾਰ ਸਿਆਣਾ ਆਖ ਗਿਆ ਹੈ, 'ਲੋਕ ਜਿਸ ਜੋਬਨਵੰਤੀ ਸੁੰਦਰੀ ਨੂੰ 'ਕਵਿਤਾ' ਦੇ ਨਾਂ ਨਾਲ਼ ਸੱਦਦੇ ਆ ਰਹੇ ਹਨ, ਉਹ ਕਾਲੀਦਾਸ ਦੀ ਪ੍ਰੀਤਮਾ ਸੀ। ਉਹ ਆਪਣੇ ਸ੍ਵੰਬਰ ਸਮੇਂ ਕਾਲੀਦਾਸ ਤੋਂ ਵਧੀਕ ਸੁੰਦਰ ਵਰ ਹੋਰ ਲੱਭ ਹੀ ਨਹੀਂ ਸਕੀ। ਕਾਲੀਦਾਸ ਤੇ ਕਵਿਤਾ ਦੀ ਬਹੁਤ ਸੁੰਦਰ ਜੋੜੀ ਬਣੀ। ਐਸੀ ਪ੍ਰੇਮ ਭਰੀ ਮਨੋਹਰ ਜੋੜੀ ਕਿ ਦੋਵੇਂ ਅਮਰ ਹੋ ਗਏ। ਇਹ ਰਸਿਕ ਦਿਲਾਂ ਦੇ ਰਾਜਾ ਤੇ ਰਾਣੀ ਸਨ। ਇਹਨਾਂ ਦੀ ਸਲਤਨਤ ਸਦਾ ਸਾਹਿਤਿਕ ਹਿਰਦਿਆਂ 'ਤੇ ਕਾਇਮ ਰਹੇਗੀ। ਕਾਲੀਦਾਸ ਆਪਣੇ ਸਮੇਂ ਦਾ ਰਾਜਾ ਬਿਕ੍ਰਮਾਜੀਤ ਸੀ ਤੇ ਕਵਿਤਾ ਉਸ ਦੀ ਪਟਰਾਣੀ।



Downloaded from https:// www.studiestoday.com

Downloaded from https:// www.studiestoday.com


ਅਸੀਂ ਉਸ ਸ਼ਹਿਨਸ਼ਾਹ ਬਾਰੇ ਕੁਝ ਨਹੀਂ ਜਾਣਦੇ ਕਿ ਉਹ ਕਿੱਥੇ ਤੇ ਕਦੋਂ ਜੰਮਿਆ, ਕਿੱਥੇ ਉਸ ਆਪਣੀ ਬਚਪਨ ਦੀ ਖੇਡ ਖੇਡੀ ? ਕਿਵੇਂ ਕਿਵੇਂ ਕਿਸ ਆਸ਼ਰਮ ਵਿੱਚ ਉਸ ਨੇ ਵਿੱਦਿਆ ਪੜ੍ਹੀ? ਜ਼ਿੰਦਗੀ ਦੇ ਕੀ ਕੀ ਉਤਰਾ ਚੜ੍ਹਾਅ ਉਸ ਤੱਕੇ, ਉਸ ਦੇ ਜੀਵਨ ਦਾ ਕੀ ਪਿਛੋਕੜ ਸੀ, ਉਸ ਦੇ ਮਾਪਿਆਂ ਦਾ ਕੀ ਨਾਮ ਸੀ, ਉਸ ਦਾ ਕਿਹੜਾ ਖਾਨਦਾਨ ਸੀ, ਸਾਨੂੰ ਕੁਝ ਪਤਾ ਨਹੀਂ। ਇਸ ਸਭ ਕੁਝ ਨਾ ਜਾਣਨ ਦੇ ਬਾਵਜੂਦ ਅਸੀਂ ਇਹ ਜਾਣਦੇ ਹਾਂ ਕਿ ਕਵਿਤਾ ਉਸ ਸ਼ਹਿਨਸ਼ਾਹ ਦੀ ਮਲਕਾ ਸੀ। ਉਹ ਮਲਕਾ ਆਖਦੀ ਹੈ, 'ਉਸ ਦੀ ਹੋਂਦ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ, ਜਿਤਨਾ ਚਿਰ ਮੈਂ ਸੰਸਾਰ 'ਤੇ ਜੀਉਂਦੀ ਹਾਂ, ਅਸੀਂ ਦੋਵੇਂ ਅਮਰ ਹਾਂ।'

ਕਿਤਨੀ ਅਜੀਬ ਘਟਨਾ ਹੈ ਕਿ ਇੱਕ ਅਬਲਾ ਸਦੀਆਂ ਤੋਂ ਮੋਏ ਪੁਰਸ਼ ਨੂੰ ਜੀਉਂਦਿਆਂ ਰੱਖੀ ਆ ਰਹੀ ਹੈ, ਨਾਰੀ ਦੀ ਕਰਾਮਾਤ।

ਕਵਿਤਾ ਆਪਣੇ ਪ੍ਰੀਤਮ ਕਾਲੀਦਾਸ ਬਾਰੇ ਜੋ ਕੁਝ ਦੱਸਦੀ ਹੈ, ਉਹ ਤੇ ਦੱਸਦੀ ਹੀ ਹੈ, ਹੁਣ ਲੋਕ ਹੋਰ ਪੜਤਾਲਾਂ ਕਰ ਕੇ ਉਸ ਬਾਰੇ ਨਾ ਜਾਣੀਆਂ ਗੱਲਾਂ ਨੂੰ ਵੀ ਜਾਣਨ ਚਾਹੁੰਦੇ ਹਨ। ਉਹ ਅਨੁਮਾਨ ਲਾ ਕੇ ਦੱਸਦੇ ਹਨ ਕਿ ਕਾਲੀਦਾਸ ਹਿੰਦੁਸਤਾਨ ਦੇ ਪ੍ਰਤਾਪੀ ਬਾਦਸ਼ਾਹ ਬਿਕ੍ਰਮਾਜੀਤ ਜੀ ਦੇ ਨੌਂ ਦਰਬਾਰੀ ਰਤਨਾਂ ਵਿੱਚੋਂ ਇੱਕ ਸੀ।

ਪੁਰਾਣਾ ਇਤਿਹਾਸਕਾਰ 'ਰਾਜ-ਤ੍ਰੰਗਣੀ' ਦਾ ਕਰਤਾ, ਕੱਲ੍ਹਣ ਆਪਣੀ ਪੁਸਤਕ ਵਿੱਚ ਤਿੰਨ ਬਿਕ੍ਰਮਾਦਿਤਾਂ ਦਾ ਜ਼ਿਕਰ ਕਰਦਾ ਹੈ। ਕਿਹੜਾ ਕਿਸ ਸਮੇਂ? ਇਹ ਨਹੀਂ ਪਤਾ। ਇੱਕ ਬਿਕ੍ਰਮਾਦਿਤ ਗਿਆਰ੍ਹਵੀਂ ਸਦੀ ਵਿੱਚ ਵੀ ਹੋਇਆ ਹੈ। ਇੱਕ ਚੌਥੀ ਸਦੀ ਵਿੱਚ ਤੇ ਇੱਕ ਪਹਿਲੀ ਸਦੀ ਤੋਂ ਭੀ ਪਹਿਲਾਂ। ਦੱਸਿਆ ਜਾਂਦਾ ਹੈ ਇਸ ਪਹਿਲੇ ਬਿਕ੍ਰਮਾਦਿਤ ਦੇ ਨਾਮ 'ਤੇ ਹੀ ਪਹਿਲੀ ਈ: ਸਦੀ ਤੋਂ 56 ਵਰ੍ਹੇ ਪਹਿਲਾਂ ਇਸ ਦਾ ਬਿਕ੍ਰਮੀ ਸੰਮਤ ਸ਼ੁਰੂ ਹੋਇਆ. ਜੋ ਕੁਝ ਸਮਾਂ ਪਹਿਲੇ 'ਮਾਲਵਾ ਸੰਮਤ', ਦੇ ਨਾਮ 'ਤੇ ਵੀ ਪ੍ਰਚਲਿਤ ਰਿਹਾ। ਇਹ ਬਿਕ੍ਰਮਾਦਿਤ ਉਜੈਨ ਦਾ ਬਾਦਸ਼ਾਹ ਸੀ। ਇਸ ਦੇ ਦਰਬਾਰ ਦਾ ਸ਼ਿੰਗਾਰ ਕਾਲੀਦਾਸ ਸੀ। ਕਾਲੀਦਾਸ ਆਪਣੀਆਂ ਪੁਸਤਕਾਂ ਵਿੱਚ ਉਜੈਨ ਨਗਰੀ ਦਾ ਚੰਗੇ ਗੂੜ੍ਹੇ ਸਨੇਹ ਨਾਲ ਬਿਆਨ ਕਰਦਾ ਹੈ। ਆਮ ਰਵਾਇਤ ਵੀ ਹੈ ਕਿ ਕਾਲੀਦਾਸ ਬਿਕ੍ਰਮਾਜੀਤ ਦੇ ਦਰਬਾਰ ਦਾ ਮਹਾਂਕਵੀ ਸੀ ਪਰ ਇਹ ਨਿਰਣਾ ਕਰਨਾ ਜ਼ਰਾ ਔਖਾ ਹੈ ਕਿ ਕਿਸ ਬਿਕ੍ਰਮਾਜੀਤ ਦੇ ਸਮੇਂ ਇਹ ਕਵੀ ਹੋਇਆ।

ਉਹ ਜਿਸ ਵੇਲੇ ਵੀ ਹੋਇਆ ਉਹ ਸਮਾਂ ਸੁਨਹਿਰੀ ਸੀ। ਉਹ ਰਾਜਾ ਭਾਗਵਾਨ ਹੋਵੇਗਾ, ਜਿਸ ਦੇ ਦਰਬਾਰ ਵਿੱਚ ਉਸ ਨੇ ਆਪਣੀ ਕਵਿਤਾ ਦੇ ਸਲੋਕ ਉਚਾਰੇ। ਸਾਨੂੰ ਕੀ ਲੋੜ ਹੈ ਇਸ ਗੋਰਖ-ਧੰਦੇ ਵਿੱਚ ਪੈਣ ਦੀ ਕਿ ਇਸ ਗੁਲਾਬ ਦੇ ਬੂਟੇ ਨੇ ਕਦੋਂ ਜਨਮ ਲਿਆ ਸੀ, ਸਾਡਾ ਕੰਮ ਉਸ ਦੇ ਫੁੱਲਾਂ ਦੀ ਭਿੰਨੀ-ਭਿੰਨੀ ਵਾਸ਼ਨਾ ਨਾਲ਼ ਆਪਣੇ ਦਿਲ ਦਿਮਾਗ਼ ਨੂੰ ਮੁਅੱਤਰ ਕਰਨਾ ਹੈ।

ਇਸੇ ਤਰ੍ਹਾਂ ਕੁਝ ਲੋਕ ਉਸ ਦੀ ਜਾਤਿ ਤੇ ਧਰਮ ਬਾਰੇ ਵੀ ਭਿੰਨ ਭਿੰਨ ਵਿਚਾਰ ਰੱਖਦੇ ਹਨ। ਕੋਈ ਕਹਿੰਦਾ ਹੈ, ਉਹ ਸਾਰਸੁਤ ਬ੍ਰਾਹਮਣ ਸੀ, ਕੋਈ ਉਸ ਨੂੰ ਬੰਗਾਲੀ,

Downloaded from https:// www.studiestoday.com

Downloaded from https:// www.studiestoday.com



ਕੋਈ ਕਸ਼ਮੀਰੀ ਤੇ ਕੋਈ ਪੰਜਾਬੀ ਦੱਸਦਾ ਹੈ। ਦਰਅਸਲ ਗੱਲ ਇਹ ਹੈ ਕਿ ਕਾਲੀਦਾਸ ਅਤਿ ਸੁੰਦਰ ਰਤਨ ਸੀ, ਜਿਸ ਨੂੰ ਹਰ ਪ੍ਰਾਂਤ ਯਾ ਜਾਤੀ ਵਾਲਾ ਆਪਣਾ ਦੱਸਣਾ ਚਾਹੁੰਦਾ ਹੈ। ਉਹ ਕਾਵਿ ਸੁੰਦਰਤਾ ਕਰ ਕੇ ਸਭ ਨੂੰ ਪਿਆਰਾ ਲੱਗਦਾ ਹੈ। ਸੁੰਦਰਤਾ ਦੀ ਜਾਤ ਜਨਮ ਪਰਖਣੀ ਸਿਆਣਪ ਦੀ ਗੱਲ ਨਹੀਂ। ਭਾਈ ਵੀਰ ਸਿੰਘ ਜੀ ਨੇ ਠੀਕ ਕਿਹਾ ਹੈ:-

ਜਾਤ ਜਨਮ ਤੇ ਅਸਲ ਨਸਲ ਨੂੰ ਕੋਈ ਕਦੇ ਨਾ ਛਾਣੇ,<br>ਜਦ ਸੁੰਦਰਤਾ ਦਰਸ਼ਨ ਦੇਵੇ, ਸਭ ਕੋਈ ਆਪਣੀ ਜਾਣੇ।

ਸਾਡੇ ਲਈ ਏਨਾ ਜਾਣਨਾ ਹੀ ਕਾਫੀ ਹੈ ਕਿ ਉਹ ਕਵੀ ਸੀ ਤੇ ਹਿੰਦੁਸਤਾਨ ਦਾ ਕਵੀ ਸੀ। ਕਵੀ ਦੀ ਕੋਈ ਜਾਤ ਨਹੀਂ ਹੁੰਦੀ ਤੇ ਨਾ ਹੀ ਉਸ ਦਾ ਕੋਈ ਮਜ਼੍ਹਬ ਹੁੰਦਾ ਹੈ। ਉਸ ਦੀ ਕਵਿਤਾ ਹੀ ਉਸ ਦਾ ਸੱਭੋ ਕੁਝ ਹੁੰਦੀ ਹੈ। ਸੋ ਹੁਣ ਅਸੀਂ ਉਸ ਦੀ ਕਾਵਿ-ਰਚਨਾ ਵੱਲ ਆਉਂਦੇ ਹਾਂ।

ਕਾਲੀਦਾਸ ਦੀਆਂ ਸੱਤ ਪੁਸਤਕਾਂ ਪ੍ਰਸਿੱਧ ਹਨ, ਚਾਰ ਕਾਵਯ ਤੇ ਤਿੰਨ ਨਾਟਕ। 'ਰਘੂਵੰਸ਼', 'ਕੁਮਾਰ ਸੰਭਵ', 'ਰਿਤੂ ਸੰਹਾਰ' ਤੇ 'ਮੇਘਦੂਤ' ਇਹ ਚਾਰ ਕਾਵਯ ਹਨ ਤੇ 'ਅਭਿਗਿਆਨ ਸ਼ਾਕੁੰਤਲਾ', 'ਵਿਕ੍ਰਮੋਰਵਸ਼ੀ' ਤੇ 'ਮਾਲਵਿਕਾਗਨਿਮਿਤ੍ਰ' ਤਿੰਨ ਨਾਟਕ ਹਨ। ਇਹਨਾਂ ਤੋਂ ਇਲਾਵਾ ਹੋਰ ਵੀ 10-15 ਪੁਸਤਕਾਂ ਕਾਲੀਦਾਸ ਦੇ ਨਾਮ ਨਾਲ਼ ਮਨਸੂਬ ਕੀਤੀਆਂ ਜਾਂਦੀਆਂ ਹਨ। ਪਰ ਉਹਨਾਂ ਬਾਰੇ ਨਿਸ਼ਚਿਤ ਤੌਰ 'ਤੇ ਕੁਝ ਨਹੀਂ ਕਿਹਾ ਜਾ ਸਕਦਾ।

**ਰਘੂਵੰਸ਼ :**

ਰਘੂਵੰਸ਼ ਮਹਾਂਕਾਵਯ ਹੈ। ਇਸ ਦੀ ਕਥਾ ਕਹਾਣੀ ਦੀ ਉਸਾਰੀ ਬਾਲਮੀਕੀ ਰਮਾਇਣ ਦੇ ਅਧਾਰ 'ਤੇ ਹੈ। ਸੂਰਜਬੰਸੀ ਰਾਜਿਆਂ ਦਾ ਜੀਵਨ ਸਮਾਚਾਰ ਹੈ। ਇਸ ਦੇ ਕੁੱਲ 19 ਸਰਗ ਹਨ। ਇਸ ਮਹਾਂਕਾਵਯ ਵਿੱਚ ਨਦੀਆਂ, ਬਾਗ਼ਾਂ, ਪਹਾੜਾਂ, ਪਿੰਡਾਂ, ਸ਼ਹਿਰਾਂ ਤੇ ਕੁਦਰਤੀ ਨਜ਼ਾਰਿਆਂ ਦੇ ਚਿੱਤਰ ਬਹੁਤ ਸੋਹਣੇ ਚਿਤਰੇ ਹਨ। ਕਵੀ ਨੇ ਆਰੀਆਈ ਸੱਭਿਆਚਾਰ ਦੇ ਹਰ ਪਹਿਲੂ ਨੂੰ ਸਿਖਰ 'ਤੇ ਪੁੱਜਿਆ ਦਰਸਾਇਆ ਹੈ। ਹੋਰ ਭੀ ਭੂਗੋਲ, ਖਗੋਲ, ਵਿਗਿਆਨ, ਫ਼ਿਲਾਸਫੀ ਆਦਿ ਦੀ ਜਾਣਕਾਰੀ ਉਸ ਦੀ ਰਚਨਾ ਦੇ ਹਰ ਹਿੱਸੇ ਤੋਂ ਜ਼ਾਹਰ ਹੁੰਦੀ ਹੈ।

**ਕੁਮਾਰ ਸੰਭਵ :**

ਇਸ ਵਿੱਚ ਪਾਰਬਤੀ ਤੇ ਸ਼ਿਵ ਜੀ ਦੀ ਪ੍ਰੇਮ-ਮਿਲਣੀ ਬਿਆਨੀ ਗਈ ਹੈ। ਹਿਮਾਲੀਆਂ ਦੀਆਂ ਬਰਫ਼ਾਨੀ ਚੋਟੀਆਂ ਦਾ ਸਿਖਰ ਅੱਜ ਵੀ ਦਿਲ ਨੂੰ ਠੰਢਾ-ਠੰਢਾ ਤੇ ਮਨਮੋਹਣਾ ਲੱਗਦਾ ਹੈ। ਇਹਨਾਂ ਚੋਟੀਆਂ ਵਿੱਚ ਤਪ ਕਰਦੇ ਸ਼ਿਵ ਜੀ ਨੂੰ ਵੇਖ ਕੇ ਹੀ ਪਾਰਬਤੀ ਮੋਹਤ ਹੋ ਗਈ ਸੀ। ਪਹਿਲੇ ਪਹਿਲ ਸ਼ਿਵ ਸਮਾਧੀ ਵਿੱਚ ਹਨ, ਉਹ ਆਪਣੀ ਸਮਾਧੀ ਖੋਲ੍ਹਦੇ ਨਹੀਂ। ਪਾਰਬਤੀ ਬੇਚੈਨ ਹੈ। ਕਾਮਦੇਵ ਉਹਨਾਂ ਦੀ ਸਮਾਧੀ ਖੋਲ੍ਹਣ ਲਈ ਆਉਂਦਾ ਹੈ। ਫਿਰ ਸ਼ਿਵਾਂ ਦੇ ਤੇਜ਼ ਨੈਣ ਉਸ ਨੂੰ ਭਸਮਾਭੂਤ ਕਰ ਦੇਂਦੇ ਹਨ।

Downloaded from https:// www.studiestoday.com

Downloaded from https:// www.studiestoday.com



ਆਖਿਰ ਉਮਾ (ਪਾਰਬਤੀ) ਦਾ ਪਿਉ ਹਿਮਾਲਿਆ ਇਸ ਪ੍ਰੇਮ ਮਿਲਣੀ ਦੀ ਪਰਵਾਨਗੀ ਦੇ ਦਿੰਦਾ ਹੈ। ਇਸ ਰਚਨਾ ਦੇ 8 ਸਰਗ ਹਨ।

**ਰਿਤੂ ਸੰਹਾਰ :**

ਇਹ ਕੇਵਲ ਮੁਖ਼ਤਲਿਫ਼ ਰੁੱਤਾਂ ਦੇ ਬਿਆਨ ਦਾ ਨਿੱਕਾ ਕਾਵਯ ਹੈ। ਗ੍ਰੀਖਮ ਤੋਂ ਸ਼ੁਰੂ ਹੋ ਕੇ ਬਸੰਤ ਰੁੱਤ ਤੇ ਮੁੱਕਦਾ ਹੈ। ਭਾਵੇਂ ਇਹ ਛੋਟੀ ਜਿਹੀ ਰਚਨਾ ਹੈ ਪਰ ਕੁਦਰਤ ਦਾ ਰਸ ਮਾਨਣ ਲਈ ਇਹ ਇੱਕ ਅਮੋਲਕ ਚਿਤ੍ਰਾਵਲੀ ਹੈ। ਕਵੀ ਨੇ ਛੇਆਂ ਰੁੱਤਾਂ ਦੀ ਸੁੰਦਰਤਾ ਨੂੰ ਆਪਣੀ ਕਵਿਤਾ ਦੀ ਜੰਜ਼ੀਰ ਨਾਲ਼ ਇੱਕੋ ਥਾਂ ਬੰਨ੍ਹ ਰੱਖਿਆ ਹੈ।

**ਮੇਘਦੂਤ :**

ਇਹ ਵੀ ਨਿੱਕਾ ਜਿਹਾ ਕਾਵਯ ਹੈ। ਇਸ ਵਿੱਚ ਕਵੀ ਨੇ ਮੇਘਾਂ ਦੀ ਸਾਂਵਲੀ, ਉੱਜਲੀ ਸੁੰਦਰਤਾ ਦੇ ਭਿੰਨ-ਭਿੰਨ ਨਜ਼ਾਰੇ ਚਿਤਰੇ ਹਨ। ਅਸਲ ਕਹਾਣੀ ਇਹ ਹੈ ਕਿ ਦੇਵਤਿਆਂ ਦੇ ਖਜ਼ਾਨਚੀ ਕੁਬੇਰ, ਇੱਕ ਯਕਸ਼ ਨੂੰ ਸਰਾਪ ਦੇ ਦਿੰਦੇ ਹਨ, ਜਿਸ ਕਰ ਕੇ ਉਸ ਨੂੰ ਸਾਲ ਭਰ ਆਪਣੀ ਪ੍ਰੀਤਮਾ ਤੋਂ ਵਿਛੜੇ ਰਹਿਣਾ ਪੈਂਦਾ ਹੈ। ਯਕਸ਼ ਰਾਮਗਿਰੀ 'ਤੇ ਰਹਿੰਦਾ ਹੈ। ਉਸ ਦੀ ਪਤਨੀ ਅਲਕਾਪੁਰੀ ਵਿੱਚ, ਜੋ ਕਿ ਕੈਲਾਸ਼ ਦੀ ਚੋਟੀ 'ਤੇ ਇੱਕ ਬਸਤੀ ਹੈ। ਸਾਵਣ ਦੇ ਵਰ੍ਹਦੇ ਮੇਘਾਂ ਤੇ ਚਮਕਦੀਆਂ ਬਿਜਲੀਆਂ ਵਿੱਚ ਦੋਂਹਾਂ ਪ੍ਰੇਮੀਆਂ ਨੂੰ ਵਿਛੋੜੇ ਦਾ ਸਮਾਂ ਗੁਜ਼ਾਰਨਾ ਪੈਂਦਾ ਹੈ। ਇਸ ਸਮੇਂ ਯਕਸ਼ ਆਪਣੀ ਪ੍ਰੀਤਮਾ ਪਾਸ ਮੇਘ ਨੂੰ ਦੂਤ ਬਣਾ ਕੇ ਆਪਣਾ ਸੰਦੇਸ਼ ਦੇਣ ਲਈ ਭੇਜਦਾ ਹੈ। ਕਵੀ ਦੀ ਕਲਪਨਾ ਵੇਖੋ, ਮੇਘ ਨੂੰ ਸੁਨੇਹਾ ਦੇ ਕੇ ਅਲਕਾਪੁਰੀ ਵਲ ਟੋਰਿਆ ਤੇ ਤਾਕੀਦ ਕੀਤੀ ਹੈ, 'ਤੂੰ ਕਿਤੇ ਠਹਿਰਨਾ ਨਹੀਂ ਹੋਵੇਗਾ, ਜਾਂਦਾ-ਜਾਂਦਾ ਨਦੀਆਂ ਦੇ ਪਾਣੀ ਪੀਂਦਾ ਉਸ ਦੇਸ ਜ਼ਰੂਰ ਪਹੁੰਚਣਾ। ਮੇਰੀ ਪ੍ਰੀਤਮਾ ਤੇਰੇ ਸੰਦੇਸ਼ ਨੂੰ ਸੁਣਨ ਲਈ ਉਡੀਕ ਵਿੱਚ ਖਲੋਤੀ ਹੋਵੇਗੀ।'

**ਅਭਿਗਯਾਨ ਸ਼ਾਕੁੰਤਲਾ :**

ਇਸ ਨਾਟਕ ਦੇ ਪੰਜ ਅੰਕ ਹਨ। ਇਸ ਵਿੱਚ ਕਵੀ ਨੇ ਹਿੰਦੁਸਤਾਨ ਦੇ ਸ਼ਹਿਜ਼ਾਦੇ ਦੁਸ਼ਯੰਤ ਦੇ ਬਣ ਵਿੱਚ ਰਹਿਣ ਵਾਲੇ ਰਿਸ਼ੀਆਂ ਦੀ ਕੁੜੀ ਸ਼ਕੁੰਤਲਾ ਦੀ ਪ੍ਰੀਤ ਦਾ ਬਿਆਨ ਹੈ। ਦੁਸ਼ਯੰਤ ਸ਼ਿਕਾਰ ਖੇਡਦਾ-ਖੇਡਦਾ ਰਿਸ਼ੀਆਂ ਦੇ ਆਸ਼ਰਮ ਪਾਸ ਆ ਜਾਂਦਾ ਹੈ, ਜਿੱਥੇ ਸ਼ਕੁੰਤਲਾ ਆਪਣੀਆਂ ਸਹੇਲੀਆਂ ਨਾਲ਼ ਫੁਲਵਾੜੀ ਨੂੰ ਪਾਣੀ ਦੇ ਰਹੀ ਹੈ। ਇੱਥੇ ਹੀ ਦੋਂਹਾਂ ਦਾ ਮਿਲਾਪ ਹੁੰਦਾ ਹੈ। ਸ਼ਹਿਜ਼ਾਦਾ, ਸ਼ਕੁੰਤਲਾ ਦੀ ਉਂਗਲ਼ੀ ਵਿੱਚ ਪ੍ਰੀਤ-ਨਿਸ਼ਾਨੀ ਆਪਣੀ ਮੁੰਦਰੀ ਪਾ ਜਾਂਦਾ ਹੈ। ਕੁਝ ਸਮੇਂ ਬਾਅਦ ਸ਼ਕੁੰਤਲਾ ਦਾ ਪਿਤਾ ਉਸ ਨੂੰ ਆਪਣੇ ਸਹੁਰੇ ਘਰ ਭੇਜਦਾ ਹੈ, ਪਰੰਤੂ ਦੁਸ਼ਯੰਤ ਦੁਰਬਾਸ਼ਾ ਦੇ ਸਰਾਪ ਕਾਰਨ ਉਸ ਨੂੰ ਭੁੱਲ ਜਾਂਦਾ ਹੈ। ਸ਼ਕੁੰਤਲਾ ਮੁੰਦਰੀ ਦਿਖਾਉਣ ਲੱਗਦੀ ਹੈ ਪਰੰਤੂ ਮੁੰਦਰੀ ਰਸਤੇ ਵਿੱਚ ਹੀ, ਕਿਤੇ ਪਾਣੀ ਪੀਣ ਲੱਗਿਆਂ ਦਰਿਆ ਵਿੱਚ ਡਿੱਗ ਪੈਂਦੀ ਹੈ, ਜਿਸ ਨੂੰ ਇੱਕ ਮੱਛੀ ਨਿਗਲ ਜਾਂਦੀ ਹੈ। ਮਾਛੀ, ਮੱਛੀ ਪਕੜ ਕੇ ਲੈ ਜਾਂਦਾ ਹੈ ਤੇ ਮੁੰਦਰੀ ਦੁਸ਼ਯੰਤ ਪਾਸ ਪੁੱਜ ਜਾਂਦੀ ਹੈ। ਮੁੰਦਰੀ ਨੂੰ ਵੇਖਣ ਸਾਰ ਉਸ ਨੂੰ ਸ਼ਕੁੰਤਲਾ ਦੇ ਮਾਸੂਮ ਪ੍ਰੇਮ ਦੀ ਯਾਦ ਆ ਜਾਂਦੀ ਹੈ। ਉਹ

Downloaded from https:// www.studiestoday.com

Downloaded from https:// www.studiestoday.com



ਬਣ ਵਿੱਚ ਵਿਛੋੜੇ ਦੇ ਦਿਨ ਗੁਜ਼ਾਰਦੀ ਆਪਣੇ ਨਵੇਂ ਜੰਮੇ ਬੱਚੇ 'ਭਰਤ' ਨਾਲ ਦਿਲ-ਪਰਚਾਵਾ ਕਰਦੀ ਹੈ। ਇੱਥੇ ਹੀ ਦੁਸ਼ਯੰਤ ਦਾ ਮਿਲਾਪ ਹੋ ਜਾਂਦਾ ਹੈ।

**ਵਿਕ੍ਰਮੋਰਵਸ਼ੀ ਨਾਟਕ:**

ਇਹ ਚੰਦ੍ਰਬੰਸ਼ੀ ਖ਼ਾਨਦਾਨ ਦੇ ਰਾਜਾ ਪੁਰੂਰਵਸ਼ ਤੇ ਉਰਵਸ਼ੀ ਦੀ ਪਿਆਰ-ਕਹਾਣੀ ਦਾ ਨਾਟਕ ਹੈ।

ਰਾਜਾ ਪੁਰੂਰਵਸ਼, ਨਰਾਇਣ, ਰਿਸ਼ੀ ਦੀ ਧੀ ਉਰਵਸ਼ੀ ਨੂੰ ਦੈਤਾਂ ਦੇ ਪੰਜੇ ਵਿੱਚੋਂ ਛੁਡਾ ਕੇ ਲਿਆਉਂਦਾ ਹੈ। ਇਸ ਸਮੇਂ ਦੋਂਹਾਂ ਦਾ ਪਿਆਰ ਪੈ ਜਾਂਦਾ ਹੈ, ਉਰਵਸ਼ੀ ਜਾਣਾ ਨਹੀਂ ਚਾਹੁੰਦੀ। ਉਸ ਦੀ ਸਹੇਲੀ ਚਿਤਰਲੇਖਾ ਕਹਿੰਦੀ ਹੈ, 'ਮਹਾਰਾਜ ! ਉਰਵਸ਼ੀ ਨੂੰ ਜਾਣ ਦੀ ਆਗਿਆ ਦਿਓ, ਉਹ ਤੁਹਾਡੇ ਪਰਉਪਕਾਰ ਦੀ ਕੀਰਤੀ ਸੁਰਗ ਵਿੱਚ ਲੈ ਜਾਵੇ।'

ਉਰਵਸ਼ੀ ਸੁਰਗ ਨੂੰ ਚਲੀ ਜਾਂਦੀ ਹੈ। ਇਧਰ ਰਾਜਾ ਬ੍ਰਿਹੋਂ ਨਾਲ ਬੇਚੈਨ ਰਹਿੰਦਾ ਹੈ। ਫਿਰ ਉਹ ਦੈਵੀ ਸ਼ਕਤੀ ਨਾਲ ਰਾਜੇ ਦੇ ਦਰਸ਼ਨਾਂ ਨੂੰ ਆਉਂਦੀ ਹੈ ਪਰੰਤੂ ਫੌਰਨ ਸੁਰਗ ਵਾਲੇ ਉਸ ਨੂੰ 'ਲਛਮੀ ਸਵਯੰਬਰ' ਨਾਟਕ ਖੇਡਣ ਲਈ ਸੱਦ ਲੈਂਦੇ ਹਨ। ਉੱਥੇ ਨਾਟਕ ਖੇਡਦਿਆਂ ਵੀ ਉਸ ਨੂੰ ਪਰੂਰਵਸ਼ ਦਾ ਪਿਆਰ ਨਹੀਂ ਭੁੱਲਦਾ। ਪ੍ਰੀਤ ਦੀ ਦੀਵਾਨੀ ਕੀਤੀ ਹੋਈ ਨਾਟਕ ਵਿੱਚ 'ਪੁਰਸ਼ੋਤਮ' ਦੀ ਥਾਂ 'ਪਰੂਰਵਸ਼' ਹੀ ਆਖ ਦਿੰਦੀ ਹੈ। ਇਸ ਤੋਂ ਭਰਤ ਮੁਨੀ ਗੁੱਸੇ ਹੁੰਦੇ ਹਨ ਤੇ ਸੁਰਗੋਂ ਬਾਹਰ ਕੱਢ ਦਿੰਦੇ ਹਨ। ਇੰਦਰ ਇਸ ਸਰਾਪ ਨੂੰ ਸੁਖਦਾਈ ਬਣਾ ਦਿੰਦਾ ਹੈ ਕਿ ਜਿਤਨਾ ਚਿਰ ਉਰਵਸ਼ੀ ਧਰਤੀ 'ਤੇ ਰਹੇ, ਰਾਜਾ ਪਰੂਰਵਸ਼ ਪਾਸ ਰਹੇ।

ਇਉਂ ਸਿਆਣਾ ਨਾਟਕਕਾਰ ਸੁਰਗ ਤੇ ਧਰਤੀ ਦਾ ਵਿਆਹ ਕਰ ਦਿੰਦਾ ਹੈ। ਇੱਕ ਦਿਨ ਰਾਜਾ ਤੇ ਉਰਵਸ਼ੀ ਵਿਛੜ ਜਾਂਦੇ ਹਨ। ਰਾਜਾ ਬਾਉਰਾ ਹੋਇਆ ਪਰਬਤਾਂ, ਨਦੀਆਂ ਪੰਛੀਆਂ ਭੌਰਿਆਂ, ਹਿਰਨਾਂ, ਹਾਥੀਆਂ ਨੂੰ ਪੁੱਛਦਾ ਫਿਰਦਾ ਹੈ। ਆਖਰ ਰਾਜਾ ਉਰਵਸ਼ੀ ਨੂੰ ਲੱਭ ਲੈਂਦਾ ਹੈ ਜੋ ਬਣ ਵਿੱਚ ਵੇਲ ਬਣੀ ਹੋਈ ਸੀ। ਦੋਵੇਂ ਵਾਪਸ ਰਾਜ ਮਹਿਲਾਂ ਨੂੰ ਆ ਜਾਂਦੇ ਹਨ। ਦੋਂਹਾਂ ਦਾ ਜੀਵਨ ਭਰ ਲਈ ਮੇਲ ਬਣਿਆ ਰਹਿੰਦਾ ਹੈ।

**ਮਾਲਵਿਕਾਗਨਿਮਿਤ੍ਰ:**

ਇਸ ਵਿੱਚ ਰਾਜੇ ਅਗਨੀਮਿਤ੍ਰ ਦਾ ਇੱਕ ਬੋਧੀ ਭਿਖਸ਼ਣੀ ਨਾਲ ਪ੍ਰੀਤ ਕਿੱਸਾ ਬਿਆਨ ਕੀਤਾ ਗਿਆ ਹੈ। ਸਾਰੇ ਵਿਦਵਾਨ ਇਸ ਨਾਟਕ ਨੂੰ ਕਾਲੀਦਾਸ ਦੀ ਰਚਨਾ ਮੰਨਣ 'ਤੇ ਇਤਫ਼ਾਕ ਨਹੀਂ ਕਰਦੇ ਪਰ ਕਈ ਵਿਦਵਾਨਾਂ ਦਾ ਵਿਚਾਰ ਹੈ ਕਿ ਇਹ ਉਸ ਦੀ ਰਚਨਾ ਹੈ।

ਕਾਲੀਦਾਸ ਦੇ ਨਾਟਕ ਸੁਖਾਂਤ ਹਨ, ਹਿੰਦੁਸਤਾਨੀ ਵਿਚਾਰਵਾਨ ਜ਼ਿੰਦਗੀ ਦਾ ਮਨੋਰਥ ਪਰਮਾਨੰਦ ਮੰਨਦੇ ਹਨ। ਇਸ ਲਈ ਇੱਥੋਂ ਦੇ ਨਾਟਕਕਾਰ ਜੀਵਨ-ਸੰਗਰਾਮ ਦਿਖਾ ਕੇ ਅੰਤ ਵਿੱਚ ਖ਼ੁਸ਼ੀ ਤੇ ਸ਼ਾਂਤੀ ਦਾ ਨਜ਼ਾਰਾ ਹੀ ਮੂਰਤੀਮਾਨ ਕਰਦੇ ਹਨ। ਪੱਛਮ

Downloaded from https:// www.studiestoday.com

Downloaded from https:// www.studiestoday.com



ਵਿੱਚ ਨਾਟਕ ਵਧੇਰੇ ਦੁਖਾਂਤ ਦਿਖਾਏ ਜਾਂਦੇ ਹਨ, ਜੋ ਜੀਵਨ ਨੂੰ ਨਿਰਾਸਤਾ ਦੀ ਖੱਡ ਵਿੱਚ ਸੁੱਟ ਕੇ ਸ਼ਾਂਤੀ ਦਾ ਸੰਦੇਸ਼ ਨਹੀਂ ਦਿੰਦੇ।

ਕਾਲੀਦਾਸ ਦੀ ਕਵਿਤਾ ਕੱਚਾ ਦੁੱਧ ਹੈ, ਕਿਤੇ ਪਤਲੀ ਲੱਸੀ ਨਹੀਂ। ਹਰ ਗੱਲ ਵਿੱਚ ਕੋਈ ਨਾ ਕੋਈ ਚਮਤਕਾਰ ਪਾਇਆ ਜਾਂਦਾ ਹੈ। ਉਸ ਦੀਆਂ ਉਪਮਾਵਾਂ ਬਹੁਤ ਮੰਨੀਆਂ ਗਈਆਂ ਹਨ। ਸੌਖੇ-ਸੌਖੇ, ਨਿੱਕੇ-ਨਿੱਕੇ ਸ਼ਬਦਾਂ ਨਾਲ ਹੌਲ਼ਾ ਫੁੱਲ ਬਿਆਨ ਟੋਰੀ ਜਾਂਦਾ ਹੈ। ਪਰੰਤੂ ਕਵੀ ਜਦੋਂ ਭਿਆਨਕ ਨਜ਼ਾਰੇ ਚਿਤਰਦਾ ਹੈ ਤਾਂ ਬਿਜਲੀ ਵਰਗੇ ਗਰਜਵੇਂ ਸ਼ਬਦ ਲੈ ਆਉਂਦਾ ਹੈ। ਬੋਲੀ 'ਤੇ ਉਸ ਦਾ ਅਜਬ ਕਾਬੂ ਹੈ, ਇੱਕ ਦੋ ਬੁਰਸ਼ ਮਾਰ ਕੇ ਹੀ ਤਸਵੀਰ ਮੁਕੰਮਲ ਕਰ ਦਿੰਦਾ ਹੈ।

ਕਵੀ ਹਰ ਗੱਲ ਨੂੰ ਕਟਾਖਸ਼ ਨਾਲ਼ ਬਿਆਨ ਕਰਨ ਵਿੱਚ ਮਾਹਿਰ ਹੈ। ਕਾਲੀਦਾਸ ਸੁੰਦਰਤਾ ਦਾ ਕਵੀ ਹੈ। ਸੁੰਦਰਤਾ ਦਾ ਬਿਆਨ ਉਹ ਬਹੁਤ ਸਾਦੀਆਂ ਗੱਲਾਂ ਵਿੱਚ ਕਰ ਜਾਂਦਾ ਹੈ, ਕਈ ਥਾਂ ਬੁਝਾਰਤਾਂ ਪਾ ਪਾ ਕੇ ਵੀ। ਇਉਂ ਅਸੀਂ ਵੇਖਦੇ ਹਾਂ ਕਿ ਕਾਲੀਦਾਸ ਦੇ ਸੁੰਦਰਤਾ ਦੇ ਬਿਆਨ, ਬ੍ਰਿਹੁ ਦੇ ਵਿਆਕੁਲ ਚਿੱਤਰ, ਕੁਦਰਤੀ ਨਜ਼ਾਰੇ, ਹਰ ਪਹਿਲੂ ਤੋਂ ਪੂਰੇ ਪੂਰੇ ਉਤਰਦੇ ਦਿਸਦੇ ਹਨ।

ਪੂਰਬ ਦੇ ਲੋਕ ਕਾਲੀਦਾਸ ਦਾ ਨਾਮ ਕਵਿਤਾ ਦਾ ਸਭ ਤੋਂ ਉੱਚਾ ਮਿਆਰ ਦੱਸਣ ਲਈ ਵਰਤਦੇ ਹਨ। ਇੱਕ ਵਿਦਵਾਨ ਸਮਾਲੋਚਕ ਨੇ ਤਾਂ ਕਿਹਾ ਹੈ ਕਿ ਹੱਥ ਦੀ ਚੀਚੀ ਲਾਗਲੀ ਉਂਗਲ਼ੀ ਨੂੰ 'ਅਨਾਮਕਾ' ਦਾ ਨਾਮ ਐਵੇਂ ਨਹੀਂ ਦਿੱਤਾ ਗਿਆ, ਇਸ ਦੇ ਅਰਥ ਹਨ–ਉਸ ਦਾ ਕੋਈ ਨਾਂ ਥਾਂ ਨਹੀਂ ਜਾ ਉਹ ਹੈ ਹੀ ਨਹੀਂ। ਇਸ ਦਾ ਕਾਰਨ ਉਹ ਇਹ ਦੱਸਦਾ ਹੈ ਕਿ ਜਦੋਂ ਕਵੀਆਂ ਦੀ ਗਿਣਤੀ ਕਰਨ ਲੱਗਿਆਂ ਪਹਿਲੇ, ਚੀਚੀ 'ਤੇ ਕਾਲੀਦਾਸ ਦਾ ਨਾਮ ਗਿਣਿਆ, ਉਸ ਤੋਂ ਬਾਅਦ ਅਜਿਹਾ ਹੋਰ ਕਵੀ ਕੋਈ ਨਹੀਂ ਹੋਇਆ। ਇਸ ਲਈ ਅਗਲੀ ਉਂਗਲ਼ੀ 'ਅਨਾਮਕਾ' ਦਾ ਨਾਮ ਵੀ ਸਾਰਥਕ ਹੋ ਗਿਆ, ਕਿਉਂਕਿ ਅੱਗੇ ਨਾਮ ਲੈਣ ਨੂੰ ਕਾਲੀਦਾਸ ਦੇ ਮੁਕਾਬਲੇ ਦਾ ਹੋਰ ਕੋਈ ਕਵੀ ਹੈ ਹੀ ਨਹੀਂ ਸੀ।

ਪੱਛਮ ਵਾਲ਼ਿਆਂ ਪਾਸ ਸਭ ਤੋਂ ਚੰਗਾ ਕਵੀ ਸ਼ੈਕਸਪੀਅਰ ਹੈ। ਉਹਨਾਂ ਕਾਲੀਦਾਸ ਦੀ ਪ੍ਰਤਿਭਾ ਦਾ ਮਾਪ ਇਹ ਕਹਿ ਕੇ ਕੀਤਾ ਹੈ ਕਿ ਉਹ ਹਿੰਦੁਸਤਾਨ ਦਾ ਸ਼ੈਕਸਪੀਅਰ ਸੀ, ਇਸ ਤੋਂ ਵੱਧ ਉਹ ਵਿਚਾਰੇ ਕੁਝ ਕਹਿ ਵੀ ਨਹੀਂ ਸੀ ਸਕਦੇ।

ਅਜੇ ਪਤਾ ਨਹੀਂ ਪੂਰਬ ਤੇ ਪੱਛਮ ਵਾਲ਼ੇ, ਸਮੂਹ ਕਾਵਿ-ਪ੍ਰੇਮੀ ਕਿਤਨਾ ਚਿਰ ਉਸ ਦੇ ਕਵਿਤਾ ਦੇ ਮਹਿਕਦੇ ਫੁੱਲਾਂ ਦੀ ਸੁਗੰਧੀ ਮਾਣਦੇ ਰਹਿਣਗੇ, ਇਹ ਸੁਗੰਧੀ ਮੁੱਕਣ ਵਾਲੀ ਨਹੀਂ।

**ਅਰਥਾਵਲੀ :**

**ਸੁਯੰਬਰ**-ਆਪ ਪਸੰਦ ਕਰ ਕੇ ਵਿਆਹ ਕਰਾਉਣਾ। **ਰਸਿਕ**-ਰਸ ਜਾਂ ਸਵਾਦ ਮਾਨਣ ਵਾਲ਼ੇ। **ਮਨੋਹਰ**-ਮਨ ਨੂੰ ਖਿੱਚਣ ਵਾਲ਼ਾ। **ਬਿਕਰਮਾਦਿਤ**-ਇਸ ਰਾਜੇ ਨੂੰ ਬਿਕਰਮਾਜੀਤ

Downloaded from https:// www.studiestoday.com

Downloaded from https:// www.studiestoday.com



ਵੀ ਕਿਹਾ ਜਾਂਦਾ ਹੈ। **ਸਲਤਨਤ**-ਹਕੂਮਤ, ਬਾਦਸ਼ਾਹਤ। **ਮਲਕਾ**-ਮਹਾਰਾਣੀ। **ਪ੍ਰਤਾਪੀ**-ਤੇਜ ਵਾਲਾ, ਪ੍ਰਭਾਵ ਵਾਲਾ। **ਮੁਅੱਤਰ**-ਸੁਗੰਧਤ। **ਸਰਗ**-ਅਧਿਆਏ। **ਮੁਖ਼ਤਲਿਫ਼**-ਭਿੰਨਤਾ, ਵੱਖ ਵੱਖ। **ਗ੍ਰੀਖਮ**-ਗਰਮੀ ਦੀ ਰੁੱਤ। **ਅਭਿਗਯਾਨ**- ਜਾਣ-ਪਛਾਣ। **ਮਾਲਵਿਕਾਗਨਿਮਿਤ੍ਰ**-ਮਾਲਵਿਕਾ ਅਗਨੀ ਦਾ ਮਿਤ੍ਰ। **ਬਿਰ੍ਹੁ**-ਵਿਛੋੜਾ। **ਕਟਾਖਸ਼**-ਵਿਅੰਗ, ਰਮਜ਼।

## ਪਾਠ-ਅਭਿਆਸ

1. ਕਾਲੀਦਾਸ ਕੌਣ ਸੀ? ਉਸ ਨੂੰ ਇੰਨੀ ਪ੍ਰਸਿੱਧੀ ਕਿਉਂ ਮਿਲੀ?
2. ਬਿਕ੍ਰਮੀ ਸੰਮਤ ਕਦੋਂ ਅਤੇ ਕਿਹੜੇ ਬਾਦਸ਼ਾਹ ਦੇ ਨਾਂ ਤੋਂ ਸ਼ੁਰੂ ਹੋਇਆ?
3. ਕਾਲੀਦਾਸ ਨੂੰ ਹਰ ਪ੍ਰਾਂਤ ਤੇ ਹਰ ਜਾਤੀ ਦੇ ਲੋਕ ਆਪਣਾ ਕਿਉਂ ਦੱਸਦੇ ਹਨ?
4. ਮਹਾਂਕਵੀ ਕਾਲੀਦਾਸ ਦੀਆਂ ਪ੍ਰਸਿੱਧ ਰਚਨਾਵਾਂ ਬਾਰੇ ਸੰਖੇਪ ਵਿੱਚ ਲਿਖੋ?
5. ਕਵੀ ਨੇ 'ਮੇਘਦੂਤ' ਰਚਨਾ 'ਚ ਮੇਘ ਨੂੰ ਕੀ ਤਾਕੀਦ ਕੀਤੀ?
6. ਸ਼ਕੁੰਤਲਾ ਕੌਣ ਸੀ, ਉਸ ਦਾ ਦੁਸ਼ਯੰਤ ਨਾਲ ਦੁਬਾਰਾ ਮਿਲਾਪ ਕਿਵੇਂ ਹੋਇਆ?
7. ਅਨਾਮਕਾ ਤੋਂ ਕੀ ਭਾਵ ਹੈ? ਇਸ ਬਾਰੇ ਕਿਹੜੀ ਘਟਨਾ ਪ੍ਰਚਲਿਤ ਹੈ?
8. ਪੂਰਬ ਤੇ ਪੱਛਮ ਵਾਲੇ ਕਾਲੀਦਾਸ ਦੀ ਪ੍ਰਤਿਭਾ ਦਾ ਮਾਪ ਕਿਵੇਂ ਕਰਦੇ ਹਨ?
9. 'ਮਹਾਂਕਵੀ ਕਾਲੀਦਾਸ' ਲੇਖ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ?

*'ਮੇਘਦੂਤ' ਬਾਰੇ ਆਪਣੇ ਅਧਿਆਪਕ ਜੀ ਦੀ ਮਦਦ ਨਾਲ ਹੋਰ ਜਾਣਕਾਰੀ ਪ੍ਰਾਪਤ ਕਰੋ।*

Downloaded from https:// www.studiestoday.com

Downloaded from https:// www.studiestoday.com

# ਗਿਆਨੀ ਗੁਰਦਿੱਤ ਸਿੰਘ

(1923-2007)

ਗਿਆਨੀ ਗੁਰਦਿੱਤ ਸਿੰਘ ਦਾ ਜਨਮ ਪਿੰਡ ਮਿੱਠੇਵਾਲ, ਰਿਆਸਤ ਮਲੇਰਕੋਟਲਾ ਵਿੱਚ 1923 ਈਸਵੀ: ਨੂੰ ਸ. ਹੀਰਾ ਸਿੰਘ ਦੇ ਘਰ ਹੋਇਆ। 1945 ਵਿੱਚ ਆਪ ਨੇ ਗਿਆਨੀ ਪਾਸ ਕੀਤੀ। 1948 ਵਿੱਚ 'ਜੀਵਨ ਸੰਦੇਸ਼' ਮਾਸਿਕ ਪੱਤਰ ਤੇ 1950 ਵਿੱਚ 'ਪ੍ਰਕਾਸ਼' ਨਾਂ ਦਾ ਦੈਨਿਕ ਪਰਚਾ ਸ਼ੁਰੂ ਕੀਤਾ। ਆਪ ਵਿਧਾਨ ਪ੍ਰੀਸ਼ਦ ਦੇ ਮੈਂਬਰ ਵੀ ਰਹੇ।

ਗਿਆਨੀ ਗੁਰਦਿੱਤ ਸਿੰਘ, ਗੁਰਮਤਿ ਸਾਹਿਤ ਦੀ ਖੋਜ ਤੇ ਲਿਪੀ ਆਦਿ ਦੇ ਕਈ ਕਠਨ ਮਸਲਿਆਂ ਨੂੰ ਸੁਲਝਾਉਣ ਵਾਲੇ ਲੇਖਕ ਸਨ। 'ਪ੍ਰਾਚੀਨ ਵਾਰਾਂ', 'ਰਾਗ ਮਾਲਾ ਦੀ ਅਸਲੀਅਤ', 'ਗੁਰਬਾਣੀ ਦਾ ਇਤਿਹਾਸ', 'ਜੀਵਨ ਦਾ ਉਸਰਈਆ', 'ਭੱਟਾਂ ਦੇ ਸੱਵਈਏ' ਆਦਿ ਆਪ ਦੇ ਲੇਖ ਸੰਗ੍ਰਹਿ ਹਨ।

ਗੰਭੀਰ ਸ਼ੈਲੀ ਵਿੱਚ ਲਿਖਣ ਵਾਲੇ ਇਸ ਗੱਦ ਲੇਖਕ ਦੀ 'ਮੇਰਾ ਪਿੰਡ' ਪੁਸਤਕ ਪੰਜਾਬੀ ਗੱਦ ਸਾਹਿਤ ਵਿੱਚ ਕਲਾਸਕੀ ਮਹੱਤਵ ਗ੍ਰਹਿਣ ਕਰ ਚੁੱਕੀ ਹੈ। ਇਸ ਪੁਸਤਕ ਵਿੱਚ ਮਾਲਵੇ ਦੇ ਇੱਕ ਪਿੰਡ ਨੂੰ ਕੇਂਦਰ-ਬਿੰਦੂ ਬਣਾ ਕੇ ਪੰਜਾਬ ਦੇ ਸੱਭਿਆਚਾਰ ਬਾਰੇ ਵਿਸ਼ਾਲ ਚਿੱਤਰ ਪੇਸ਼ ਕੀਤਾ ਹੈ। ਪਿੰਡ ਦੇ ਲੋਕਾਂ ਦੀਆਂ ਮੰਨ-ਮਨੌਤਾਂ, ਵਹਿਮਾਂ-ਭਰਮਾਂ, ਮੇਲਿਆਂ-ਤਿਉਹਾਰਾਂ ਤੇ ਸੱਭਿਆਚਾਰ ਦੇ ਅਲੋਪ ਹੋ ਰਹੇ ਪੱਖਾਂ ਨੂੰ ਸੋਹਣੀ ਤਰ੍ਹਾਂ ਪੇਸ਼ ਕੀਤਾ ਹੈ।

ਗਿਆਨੀ ਜੀ ਦੀ ਲਿਖਣ-ਕਲਾ ਬੜੀ ਸਿੱਧੀ-ਸਾਦੀ, ਲੋਕ ਬੋਲ-ਚਾਲ ਉੱਤੇ ਆਧਾਰਿਤ, ਮੁਹਾਵਰੇਦਾਰ ਤੇ ਲੋਕ-ਅਖਾਣਾਂ ਨਾਲ ਭਰਪੂਰ ਹੈ। ਪੰਜਾਬੀ ਸਾਹਿਤ ਦੇ ਖੇਤਰ ਵਿੱਚ ਅਨੇਕਾਂ ਮਾਣ-ਸਨਮਾਨ ਪ੍ਰਾਪਤ ਕੀਤੇ। ਆਪ 17 ਜਨਵਰੀ, 2007 ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਏ।

## ਮੇਰੇ ਵੱਡੇ ਵਡੇਰੇ

ਮੇਰੇ ਦਾਦੇ ਪੜਦਾਦੇ, ਵੱਡੇ ਵਡੇਰੇ ਕਿਸੇ ਰਾਜੇ, ਨਵਾਬ ਦੇ ਨੌਕਰ, ਰਈਸ ਜਾਂ ਬਖਤਾਵਰ ਨਹੀਂ ਸਨ। ਨਾ ਹੀ ਉਹ ਅਧਿਆਤਮਿਕ ਖੇਤਰ ਵਿੱਚ ਕੋਈ ਦਰਜਾ ਰੱਖਦੇ ਸੀ, ਤੇ ਵਿਦਵਾਨ ਹੋਣਾ ਤਾਂ ਉਹਨਾਂ ਲਈ ਇੱਕ ਦਮ ਹੀ ਅਜਨਬੀ ਹੋਇਆ। ਉਹ ਕੇਵਲ ਆਪਣੇ ਜ਼ਮਾਨੇ ਦੇ ਮਨੁੱਖ ਸਨ। ਮੇਰੇ ਵੱਡੇ ਵਡੇਰੇ ਜੇ ਕਿਸੇ ਰਾਜੇ ਨਵਾਬ ਦੇ ਮੁਲਾਜ਼ਮ ਹੁੰਦੇ ਤਾਂ ਅਸੀਂ ਵੀ ਕਿਸੇ ਦਫ਼ਤਰ ਦੇ ਕਲਰਕ ਹੋ ਕੇ ਨੱਥਿਆਂ ਦੇ ਲੇਖੇ



Downloaded from https:// www.studiestoday.com

Downloaded from https:// www.studiestoday.com



ਵਿੱਚ ਪਏ ਹੋਣਾ ਸੀ ਜਾਂ ਕਿਤੇ ਫ਼ੌਜੀ ਅਫ਼ਸਰੀ ਛਾਂਟਦੇ ਹੁੰਦੇ। ਜੇ ਉਹ ਵਿਸਵੇਦਾਰ ਤੇ ਜਗੀਰਦਾਰ ਹੁੰਦੇ ਤਾਂ ਅਸੀਂ 'ਗਿਆਨੀ' ਹੋਣ ਦੀ ਥਾਂ ਸ਼ਿਕਾਰੀ ਹੁੰਦੇ, ਕੁੱਤਿਆਂ ਤੇ ਬੰਦੂਕਾਂ ਦੇ ਦਲਾਂ ਨਾਲ 'ਦਲ-ਭੰਜਨੀ' ਸ਼ਸਤਰ ਤੇ ਸਮਿਆਨ ਲੈ ਕੇ ਰੋਹੀਆਂ ਕੱਛਦੇ ਫਿਰਦੇ। ਜੇ ਉਹ ਅਧਿਆਤਮਿਕ ਭਾਵਾਂ ਵਾਲੇ ਪੂਜਨੀਕ ਹੁੰਦੇ ਤਾਂ ਅਸੀਂ ਕਿਸੇ ਡੇਰੇ ਦੀ ਮਹੰਤੀ ਸੰਭਾਲੀ ਹੁੰਦੀ, ਜਿਨ੍ਹਾਂ ਦੇ ਮਹੰਤਾਂ ਦਾ ਕੰਮ ਅੱਜ ਕੱਲ੍ਹ ਕਥਾ ਕੀਰਤਨ ਦੀ ਥਾਂ ਸਵੇਰੇ ਆਪਣੇ ਹਾਲੀਆਂ ਪਾਲੀਆਂ ਨੂੰ ਧੰਦੇ ਲਗਾਉਣਾ, ਟਿਊਬਵੈੱਲਾਂ 'ਤੇ ਟਰੈਕਟਰ ਚਲਾਉਣਾ ਰਹਿ ਗਿਆ ਹੈ। ਸਾਡੇ ਵੱਡੇ ਵਡੇਰੇ ਜੋ ਵੀ ਸਨ ਠੀਕ ਹੀ ਸਨ, ਆਪਣੇ ਵੱਡੇ ਵਡੇਰਿਆਂ ਦਾ ਵਰਣਨ ਮੈਂ 'ਪਿਦਰਮ ਸੁਲਤਾਨ ਬੂਦ' ਦਾ ਰੋਹਬ ਜਮਾਉਣ ਲਈ ਨਹੀਂ, ਇਸ ਲਈ ਕਰਨਾ ਜ਼ਰੂਰੀ ਸਮਝਦਾ ਹਾਂ ਕਿ ਮੇਰੇ ਪਿੰਡ ਦੇ ਆਪਣੇ ਵੇਲੇ ਦੇ ਜਾਂ ਇਉਂ ਕਹੋ ਕਿ ਉਹ ਪੁਰਾਣੇ ਪੰਜਾਬ ਦੇ ਇੱਕ ਨਮੂਨੇ ਦੇ ਪੁਰਖੇ ਸਨ। ਮੈਂ ਆਪਣੇ ਦਾਦੇ ਬਾਬੇ ਅੱਖੀਂ ਨਹੀਂ ਦੇਖੇ। ਉਹਨਾਂ ਦੀਆਂ ਕਹਾਣੀਆਂ ਹੀ ਕੰਨੀਂ ਸੁਣੀਆਂ ਨੇ, ਤੇ ਉਹ ਕਥਾਵਾਂ ਹੁਣ ਵੀ ਮੇਰੇ ਪਿੰਡ ਦੇ ਕਿਸੇ ਵੀ ਪੁਰਾਣੇ ਆਦਮੀ ਤੋਂ ਸੁਣੀਆਂ ਜਾ ਸਕਦੀਆਂ ਹਨ। ਜਦੋਂ ਮੈਂ ਪਿੰਡ ਰਹਿੰਦਾ ਹੁੰਦਾ ਸੀ ਮੇਰੀਆਂ ਪਾਈਆ ਕੁ ਦੀਆਂ ਹੱਡੀਆਂ ਤੇ ਇਕਹਿਰੇ ਕਾਰੰਗੇ ਵਾਲਾ ਜੁੱਸਾ ਦੇਖ ਕੇ ਪਿੰਡ ਦੇ ਪੁਰਾਣੇ ਲੋਕ ਕਿਹਾ ਕਰਦੇ ਸਨ 'ਵੇਹਖਾਂ ਕਾਗਜ਼ੀ ਭਲਵਾਨ; ਕਿਵੇਂ ਕੁਲ ਨੂੰ ਲੀਕ ਲਾਉਣ ਵਾਲਾ, ਇਹ ਬਾਬਿਆਂ ਦੇ ਘਰ ਨਕਵਾਇਆ ਪੁੱਤ ਜੰਮ ਪਿਆ ਏ, ਜੇ ਅੱਜ ਇਸ ਦੇ ਦਾਦੇ ਬਾਬੇ ਆ ਕੇ ਦੇਖਣ ਵਈ, ਸਾਡੀ ਔਲਾਦ ਵਿੱਚ ਇਹ ਵੀ ਇੱਕ 'ਚੰਨ-ਚਰਾਗ' ਹੈ ਤਾਂ ਦੋਹੱਥੜੀ ਪਏ ਪਿੱਟਣ। ਕਿੱਥੇ ਉਹ ਦਿਉਆਂ ਜੇਡੇ ਵੱਡੇ ਕੱਦ ਕਾਠ ਵਾਲੇ ਬੰਦੇ, ਕਿੱਥੇ ਇਹ 'ਬਲੂੰਗੜਾ ਪਹਿਲਵਾਨ'।

ਮੇਰੇ ਵੱਡੇ ਵਡੇਰਿਆਂ ਦੀਆਂ ਕਈ ਮਜ਼ੇਦਾਰ ਕਹਾਣੀਆਂ ਹਨ, ਜਿਨ੍ਹਾਂ ਨੂੰ ਪਿੰਡ ਦੇ ਸਿਆਣੇ ਲੋਕ ਤੇ ਗਾਲੜੀ ਚੱਟਖਾਰੇ ਲਾ ਲਾ ਸੁਣਾਇਆ ਕਰਦੇ ਹਨ। ਮੇਰੇ ਦਾਦੇ ਚਾਰ ਭਰਾ ਸਨ ਦਾਸ, ਪੁੰਨੂ, ਰਾਮ ਦਿੱਤਾ ਤੇ ਸਾਹਿਬ ਸਿੰਘ।

ਚਾਰੇ ਭਰਾ ਕੱਦ ਵੱਲੋਂ ਏਨੇ ਨਰੋਏ ਤੇ ਵੱਡੇ, ਰੱਜ ਕੇ ਖਾਣ ਤੇ ਦੱਬ ਕੇ ਵਾਹੁਣ ਵਾਲੇ ਇਹੋ ਜਿਹੇ ਕਿ ਆਸ ਪਾਸ ਦੇ ਪਿੰਡਾਂ ਲਈ ਹਊਆ ਬਣੇ ਹੋਏ ਸਨ। ਲੋਕ ਆਖਦੇ ਹੁੰਦੇ ਸਨ ਕਿ ਜਿਸ ਖੇਤ ਦੇ ਵਿੱਚੋਂ ਦੀ ਇਹ ਚਾਰੇ ਬਾਬੇ ਲੰਘ ਜਾਣ, ਉਸ ਖੇਤ ਵਿੱਚ ਡੰਡੀ ਆਪੇ ਪੈ ਜਾਂਦੀ ਹੈ। ਸਾਡੇ ਵੱਡਿਆਂ ਦਾ ਨੇੜੇ ਦੇ ਪਿੰਡ 'ਛਾਪੇ', ਖ਼ੂਨ ਦਾ ਰਿਸ਼ਤਾ ਹੋਣ ਕਰਕੇ ਵਰਤ-ਵਰਤਾਰਾ ਸੀ। ਉਹਨਾਂ ਨੇ ਇੱਕ ਵਿਆਹ ਸਮੇਂ ਮੇਰੇ ਦਾਦਿਆਂ ਨੂੰ ਰੋਟੀ ਉੱਤੇ ਸੱਦਿਆ, ਉਹ ਉਸ ਦਿਨ ਰੋਹੀ ਵਿੱਚ ਹਲ ਵਾਹੁੰਦੇ ਸੀ, ਉੱਥੋਂ ਹੀ ਬਲ਼ਦ ਪਿੰਡ ਨੂੰ ਤੋਰ ਕੇ ਸਿੱਧੇ ਦੁਪਹਿਰੇ ਰੋਟੀ ਵੇਲੇ ਨੂੰ ਪਿੰਡ 'ਛਾਪੇ' ਜਾ ਪੁੱਜੇ। ਅਗੋਂ ਵਿਆਹ ਵਾਲਿਆਂ ਨੇ ਮੇਲ ਗੇਲ ਲਈ ਇੱਕ ਕੜਾਹਾ ਗੁੜ ਦੇ ਪ੍ਰਸ਼ਾਦ ਦਾ ਕੱਢਿਆ ਹੋਇਆ ਸੀ। ਅਗਲਿਆਂ ਨੇ ਕਿਹਾ ਪਹਿਲਾਂ ਸ਼ਰੀਕੇ ਨੂੰ ਖਵਾ ਲਈਏ, ਸਾਡੇ ਬਾਬੇ ਕੜਾਹ ਖਾਣ ਲਈ ਪਹਿਲਾਂ ਹੀ ਬੈਠ ਗਏ। ਚਾਰੇ ਭਾਈ ਜਿਉਂ ਨੀਵੀਂ

Downloaded from https:// www.studiestoday.com

Downloaded from https:// www.studiestoday.com



ਪਾ ਕੇ ਖਾਣ ਲੱਗੇ ਪ੍ਰਸ਼ਾਦ ਦਾ ਸਾਰਾ ਕੜਾਹਾ ਸਮੇਟ ਛੱਡਿਆ। ਉਹਨਾਂ ਦੇ ਵਰਤਾਵਿਆਂ ਨੇ ਬਥੇਰਾ ਇੱਧਰ ਉੱਧਰ ਦੇਖਿਆ ਵਈ ਕਿਧਰੇ ਇਹ ਕੜਾਹ ਪ੍ਰਸ਼ਾਦ ਕਿਸੇ ਚੀਜ਼ ਵਿੱਚ ਸੁੱਟੀ ਤਾਂ ਨਹੀਂ ਜਾ ਰਹੇ ਪਰ ਉਹਨਾਂ ਦੇ ਕੱਦ ਕਾਠ ਤੇ ਖੁਰਾਕ ਈ ਏਨੀ ਸੀ ਕਿ ਜੇ ਇੱਕ ਕੜਾਹਾ ਹੋਰ ਬਣਿਆ ਹੁੰਦਾ, ਅੱਧ ਪਚੱਧ ਉਸ ਵਿੱਚੋਂ ਕੇਹੜਾ ਨਾ 'ਚਰ' ਜਾਂਦੇ।

ਸਾਡੇ ਉਹਨਾਂ ਸੰਬੰਧੀਆਂ ਨੇ ਇਹਨਾਂ ਮਹਾਨ ਪੁਰਖਾਂ ਦੀ ਇਹ 'ਕਰਨੀ ਕਮਾਈ' ਦਾ ਧਿਆਨ ਧਰ ਕੇ ਫ਼ੈਸਲਾ ਕਰ ਲਿਆ ਕਿ ਅੱਗੇ ਨੂੰ ਏਨ੍ਹਾਂ ਦੇ ਨਾ ਕਦੇ ਵਿਆਹ-ਸ਼ਾਦੀ 'ਤੇ ਜਾਣਾ ਹੈ ਤੇ ਨਾ ਹੀ ਇਹਨਾਂ ਨੂੰ ਮੁੜ ਕੇ ਸੱਦਣਾ ਹੈ। ਜਦੋਂ ਮੇਰੇ ਜਿਹੇ ਛਟਾਂਕੀਆਂ ਖਾਣ ਵਾਲੇ ਕੁਲ ਵਿੱਚ 'ਚੰਨ-ਚਰਾਗ' ਪ੍ਰਗਟ ਹੋਏ, ਫਿਰ ਜਾ ਕੇ ਪੀੜ੍ਹੀਆਂ ਦੀ ਟੁੱਟੀ ਗੰਢੀ ਗਈ।

ਖਾਣ ਪੀਣ ਦੇ ਪੱਖ ਨਾਲੋਂ ਵੱਧ ਪ੍ਰਸਿੱਧੀ ਉਹਨਾਂ ਦੀ ਜ਼ੋਰਾਵਰੀ ਵਧੇਰੇ ਮਸ਼ਹੂਰ ਸੀ। ਲੋਕ ਗੱਲਾਂ ਸੁਣਾਉਂਦੇ ਹਨ: ਪੁਰਾਣੇ ਸਮੇਂ ਵਿੱਚ ਪਹਿਲਵਾਨ, ਢੋਲ ਵਾਲੇ ਨੂੰ ਨਾਲ ਲੈ ਕੇ ਦਿਗ ਵਿਜੇ ਦਾ ਝੰਡਾ ਫੜ ਕੇ ਚੜ੍ਹਦੇ ਹੁੰਦੇ ਸੀ। ਇੱਕ ਪਿੰਡ ਫ਼ਤਿਹ ਕਰਨਾ, ਦੂਜੇ ਪਿੰਡ ਉੱਤੇ ਚੜ੍ਹਾਈ ਕਰ ਦੇਣੀ। ਨਾਲ ਮੁੰਡੀਹਰ ਤੇ ਉਹਨਾਂ ਦੇ ਕਈ ਪੱਠੇ ਚਾਂਭਲੇ ਹੁੰਦੇ, ਜਿਸ ਪਿੰਡ ਪੁਜਦੇ, ਪਿੰਡ ਦੇ ਲੋਕਾਂ ਲਈ ਪਹਿਲਵਾਨਾਂ ਦਾ ਸਵਾਗਤ ਕਰਨਾ ਜ਼ਰੂਰੀ ਹੁੰਦਾ ਤੇ ਉਹ ਸਵਾਗਤ ਪਿਛੋਂ ਸਭਾ ਵਿੱਚ ਝੰਡਾ ਗੱਡ ਦੇਂਦੇ ਵਈ 'ਜੇ ਕੋਈ ਬੰਦਾ ਏਥੇ ਜ਼ੋਰ ਵਾਲਾ ਹੈ ਤਾਂ ਸਾਡੇ ਨਾਲ ਘੁਲ ਲਵੇ।'

ਇਸ ਤਰ੍ਹਾਂ ਦਾ ਇੱਕ ਜੰਗਲ ਵੱਲ ਦਾ ਭੂਸਰਿਆ ਹੋਇਆ ਪਹਿਲਵਾਨ ਆਪਣੀ 'ਬਿਜੇਪਾ-ਤਾਕਾ' ਲਹਿਰਾਉਂਦਾ ਸਾਡੇ ਪਿੰਡ ਵੀ ਆ ਗੱਜਿਆ। ਪਿੰਡ ਦਾ ਚੌਧਰੀ ਚੜ੍ਹਤ ਸਿੰਘ ਉਸ ਦੇ ਸੁਆਗਤ ਲਈ ਗਿਆ। ਇੱਕ ਸਥਾਤ (ਬੈਠਕ) ਵਿੱਚ ਉਤਾਰਾ ਕਰਾਇਆ ਗਿਆ। ਸਾਡਾ ਛੋਟਾ ਜਿਹਾ ਪਿੰਡ ਦੇਖ ਕੇ ਪਹਿਲਵਾਨ ਹੋਰ ਹੰਕਾਰ ਗਿਆ। ਉਹ ਬਿੰਦੇ ਝਟੇ ਆਖੇ, "ਇਥੇ ਦਾ ਤਾਂ ਕਦੇ ਕੋਈ ਪਹਿਲਵਾਨ ਸੁਣਿਆ ਈ ਨਹੀਂ, ਤੁਸੀਂ ਪੱਕੀ ਰਸਤ ਹਵਾਲੇ ਕਰੋ, ਅਸੀਂ ਅਗਲੇ ਪਿੰਡ ਜਾਈਏ।"

ਪਿੰਡ ਦਾ ਚੌਧਰੀ ਸਿਆਣਾ ਸੀ, ਉਸ ਨੇ ਕਿਹਾ, 'ਰਸਤਾਂ ਨੂੰ ਕੇਹੜਾ ਜੀ ਅਸੀਂ ਕੋਈ ਨਾਂਹ ਨੁਕਰ ਕਰਨੀ ਏ। ਅਸੀਂ ਕਿਸੇ ਚੀਜ਼ ਤੋਂ ਨਾਬਰ ਨਹੀਂ, ਚੰਗੇ ਭਾਗਾਂ ਨੂੰ ਪਿੰਡ ਵਿੱਚ ਮਸਾਂ ਮਸਾਂ ਭਲਵਾਨ ਦੇ ਚਰਨ ਪਏ ਨੇ- ਇੱਕ ਰਾਤ ਤਾਂ ਕੱਟੋ, ਹੁਣ ਖਾਣ ਪੀਣ ਜੋਗੀ ਰਸਤ-ਵਸਤ ਭੇਜ ਦਿੰਦੇ ਹਾਂ,ਦਿਨ ਚੜ੍ਹਦੇ ਨੂੰ ਸਾਰੀ ਗੱਲ ਨਜਿੱਠ ਲਵਾਂਗੇ।'

ਓਸ ਪੁਰਾਣੇ ਜ਼ਮਾਨੇ ਵਿੱਚ ਪਹਿਲਵਾਨਾਂ ਨੂੰ ਪਿੰਡਾਂ ਦੇ ਲੋਕ ਘਿਓ ਇੱਕਠਾ ਕਰਕੇ ਦਿੰਦੇ ਹੁੰਦੇ ਸਨ, ਗੁੜ ਤੇ ਕੱਪੜਿਆਂ ਦੇ ਥਾਨਾਂ ਦੀਆਂ ਪੰਡਾਂ ਬੰਨ੍ਹ ਦੇਂਦੇ ਸੀ। ਨਗਦੀ ਵੀ ਪੀਰਾਂ ਫ਼ਕੀਰਾਂ ਵਾਂਗ ਚੜ੍ਹਾਈ ਜਾਂਦੀ ਸੀ। ਇਹ ਪਹਿਲਵਾਨ ਪਿੰਡਾਂ ਤੋਂ

Downloaded from https:// www.studiestoday.com

Downloaded from https:// www.studiestoday.com



ਕਾਫੀ ਸਮਗਰੀ, ਘਿਉ ਤੇ ਕਈ ਤਰ੍ਹਾਂ ਦੇ ਬਦਾਮ ਆਦਿ ਮੇਵੇ ਤੇ ਹੋਰ ਗੁੜ-ਗੰਡ, ਪੂਰੇ ਗੱਡੇ ਦਾ ਲੱਦ ਇਕੱਠਾ ਕਰੀ ਨਾਲੋ ਨਾਲ ਚੁੱਕੀ ਫਿਰਦਾ ਸੀ। ਉੱਪਰੋਂ ਬਿਆਸੀਏ ਦਾ ਕਾਲ ਪਿਆ ਹੋਇਆ ਸੀ। ਮੀਂਹ ਨਾ ਪੈਣ ਕਰ ਕੇ ਕਹਿਰ ਪੈਣ ਨਾਲ ਏਧਰ ਖਾਣ ਨੂੰ ਦਲੀਆ ਨਾ ਜੁੜੇ। ਪਹਿਲਵਾਨ ਨੇ ਆ ਕੇ ਪੱਕੀ ਰਸਤ ਦੀ ਨਵੀਂ ਚੱਟੀ ਲਗਾ ਦਿੱਤੀ। ਪੱਕੀ ਰਸਤ, ਘੱਟੋ ਘੱਟ, ਧੜੀ ਘਿਓ, ਏਨੀ ਹੀ ਖੰਡ ਬਦਾਮ ਤੇ ਹੋਰ ਸੀਧਾ-ਬਾਧਾ ਹੁੰਦਾ ਸੀ। ਰਸਤ ਤਾਂ ਦੇਣੀ ਏਨੀ ਔਖੀ ਸ਼ਾਇਦ ਕਾਲ ਵੇਲ਼ੇ ਵੀ ਨਾ ਮੰਨੀ ਜਾਂਦੀ ਪਰ ਪਿੰਡ ਦੀ ਹਲੱਤਣ (ਹੱਤਕ) ਝੱਲਣੀ ਬਹੁਤ ਔਖੀ ਸੀ। ਪਹਿਲਵਾਨਾਂ ਦੇ ਜਥੇ ਨੂੰ ਰਾਤ ਨੂੰ ਰਸਤ ਦੇ ਕੇ ਚੜ੍ਹਤ ਸਿੰਘ ਚੌਧਰੀ, ਬਾਬੇ ਪੁੰਨੂੰ ਕੋਲ਼ ਆਇਆ। ਪਿੰਡ ਦੇ ਚੌਧਰੀ ਨੂੰ ਘਰੇ ਆਇਆ ਦੇਖ ਕੇ ਬੈਠਣ ਲਈ ਪੀਹੜੀ ਦਿੱਤੀ ਤੇ ਪੁੱਛਿਆ 'ਚੌਧਰੀ ਅੱਜ ਕੁਵੇਲ਼ੇ ਕਿਵੇਂ ਆਉਣਾ ਹੋਇਆ? ਚੌਧਰੀ ਨੇ ਸਾਰੀ ਗੱਲ ਸੁਣਾਈ, ਤੇ ਪਿੰਡ ਦੀ ਇਜ਼ਤ ਦਾ ਵਾਸਤਾ ਪਾ ਕੇ ਕਿਹਾ, 'ਬਾਬਾ ! ਤੂੰ ਹੀ ਲਾਜ ਰੱਖ ਸਕਦਾ ਹੈਂ। ਬੱਸ ਮੈਨੂੰ ਇੱਕ ਵਾਰੀ 'ਹਾਂ' ਕਰ ਦੇ।' ਚੌਧਰੀ ਨੂੰ ਬਾਬੇ ਦੀ ਤਾਕਤ ਦਾ ਪਤਾ ਸੀ, ਵਈ ਉਹ ਕਈ ਪਹਿਲਵਾਨਾਂ ਨਾਲੋਂ ਵੱਧ ਤਾਕਤਵਰ ਹੈ। ਇਸ ਲਈ ਉਸ ਨੇ 'ਹਾਂ' ਦੀ ਮੰਗ ਹੀ ਕੀਤੀ।

ਅਖੇ ! ਸੋਚ ਸੋਚ ਕੇ ਪੁਨੂੰ ਬੁੜ੍ਹੇ ਨੇ ਕਿਹਾ, 'ਚੌਧਰੀ ਦਾ ਕਹਿਣਾ ਮੋੜਨਾ ਵੀ ਔਖਾ ਹੈ, ਹੰਮਾ ਧਾਰ ਕੇ ਆਇਆ ਹੈ, ਪਰ ਉੱਤੋਂ ਲਵੇਰੀਆਂ ਦੇ ਦੁੱਧ ਤਾਂ ਇੱਕ ਪਾਸੇ, ਰੁੱਖ ਵੀ ਸੁੱਕ ਗਏ ਨੇ, ਖਾਣ ਪੀਣ ਨੂੰ ਚੱਜ ਹਾਲ ਦੀ ਰੋਟੀ ਵੀ ਨਹੀਂ ਜੁੜਦੀ, ਦੇਖੀਂ ਚੌਧਰੀ ਕਿਤੇ ਸੁੱਕੇ ਹੱਡੀਂ ਮਰਵਾ ਦੇਵੇਂ?', ਬਾਬੇ ਨੇ ਨੀਮ ਰਜ਼ਾਮੰਦੀ ਪ੍ਰਗਟ ਕਰਦਿਆਂ ਨਿਹੋਰੇ ਨਾਲ਼ ਕਿਹਾ।

ਚੌਧਰੀ ਨੇ ਕਿਹਾ-'ਬਾਬਾ ਤੂੰ ਫ਼ਿਕਰ ਨਾ ਕਰ, ਮੈਂ ਇੱਕ ਦੋ ਦਿਨ ਤੈਨੂੰ ਤਿਉੜ ਕਰਕੇ ਮੋਠ ਬਾਜਰੇ ਦੀ ਰੱਜਵੀਂ ਖਿਚੜੀ ਭੇਜਦਾ ਰਹੂੰਗਾ, ਤੂੰ ਜ਼ਰਾ ਆਸ ਬਨ੍ਹਾ, ਆਪਾਂ ਤੋਂ ਪਿੰਡ ਦੀ ਹੀਣਤਾ ਨਹੀਂ ਝੱਲੀ ਜਾਂਦੀ।'

ਦੂਜੇ ਦਿਨ ਚੌਧਰੀ ਨੇ ਪਹਿਲਵਾਨ ਨੂੰ ਆਖ ਦਿੱਤਾ, 'ਜੀ ! ਅਸੀਂ ਪੱਕੀ ਰਸਤ ਦੇਣ ਦੀ ਥਾਂ ਜਿੱਦਣ ਕਹੋ ਦੋ ਹੱਥ ਈ ਕਰਕੇ ਦੇਖਾਂਗੇ', 'ਪਿੰਡ ਦੀ ਹਲੱਤਣ-ਲੋਕ ਕਹਿੰਦੇ ਨੇ ਜੀ, ਸਾਥੋਂ ਝੱਲੀ ਨਹੀਂ ਜਾਂਦੀ।' ਦਿਨ ਬੰਨ੍ਹਿਆ ਗਿਆ, ਪਿੰਡ ਦੇ ਪਿੰਡ ਟੁੱਟ ਕੇ ਤਮਾਸ਼ਾ ਵੇਖਣ ਆ ਪਏ, ਬਹੁਤੀ ਹੈਰਾਨੀ ਇਹ ਵਈ ਟਿੱਡੇ ਜਿੱਡਾ ਪਿੰਡ, ਏਥੇ ਨਾਮੀ ਪਹਿਲਵਾਨ ਨਾਲ਼ ਕਿਹੜਾ ਲੋਹਾ ਲੈਣ ਵਾਲਾ ਜੰਮ ਪਿਆ ਹੈ, 'ਚੱਲੋ ਦੇਖੀਏ ਤਾਂ ਸਹੀ?'

ਢੋਲ ਵੱਜਿਆ, ਛਿੰਝ ਮੱਘ ਗਈ, ਪਹਿਲਵਾਨ ਦਾ ਨਿਹਾਰੀਆਂ ਖਾ ਖਾ ਗੁੰਨ੍ਹਿਆਂ ਜਿਸਮ ਤੇ ਨਿੱਤ ਕਰਤਬੀ ਜੁੱਸਾ ਦੇਖ ਕੇ ਸਾਰੇ ਲੋਕ ਹੈਰਾਨ, ਵਈ ਏਸ ਚੁਸਤ ਜੁਆਨ ਨਾਲ਼ ਕੌਣ ਘੁਲੇਗਾ? ਬਾਬਾ ਪੁਨੂੰ ਅਖਾੜੇ ਦੇ ਇੱਕ ਪਾਸੇ ਖੇਸ ਦੀ ਬੁੱਕਲ

Downloaded from https:// www.studiestoday.com

Downloaded from https:// www.studiestoday.com



ਮਾਰੀ ਬੈਠਾ ਸੀ। ਪਹਿਲਵਾਨ ਅਖਾੜੇ ਵਿੱਚ ਗੇੜੇ ਮਾਰ ਮਾਰ ਕੇ, ਰੋਹਬ ਪਾਉਂਦਾ ਤੇ ਆਪਣੇ ਸਰੀਰ ਦੇ ਸੋਹਣੇ ਅੰਗ ਦਿਖਾਉਂਦਾ, ਚਟਕਾਉਂਦਾ ਅਤੇ ਮਟਕਾਉਂਦਾ ਫਿਰਦਾ ਰਿਹਾ। ਜਦੋਂ ਅਖਾੜਾ ਜੰਮ ਗਿਆ ਚੌਧਰੀ ਚੜ੍ਹਤ ਸਿੰਘ ਬਾਬੇ ਪੂਨੂੰ ਕੋਲ ਆਇਆ। ਮੱਥਾ ਟੇਕ ਕੇ ਕਿਹਾ, 'ਬਾਬਾ-ਰੱਖ ਪਿੰਡ ਦੀ ਪੱਤ, ਰੱਬ ਤੇਰੇ ਵਿੱਚ ਸਤ ਪਾਵੇ' ਬਾਬੇ ਨੇ ਖੇਸ ਲਾਹ ਕੇ ਅਖਾੜੇ ਵਿੱਚ ਛਾਲ ਮਾਰੀ। ਕਿੱਥੇ ਨਾਗ ਵਾਂਗ ਲਿਸ਼ਕਦੇ ਜਿਸਮ ਵਾਲਾ ਪਹਿਲਵਾਨ ਦਾ ਜੁੱਸਾ, ਕਿੱਥੇ ਬਾਬਾ ਪੂਨੂੰ ਦਾ ਖੁਰਦਰਾ ਪਿੰਡਾ, ਜਿਸ ਦੇ ਪਿੰਡੇ ਨੂੰ ਤੇਲ ਦੀ ਤਿੱਪ ਵੀ ਨਹੀਂ ਛੋਹੀ ਹੋਈ ਸੀ। ਪਹਿਲਾਂ ਤਾਂ ਬਾਬੇ ਪੂਨੂੰ ਨੂੰ ਦੇਖ ਕੇ ਪਹਿਲਵਾਨ ਖਿੜ ਖਿੜਾ ਕੇ ਹੱਸਿਆ, ਫਿਰ ਰਹਿਮ ਦੇ ਘਰ ਆ ਕੇ ਬੋਲਿਆ, 'ਕਿਉਂ ਵਿਚਾਰੇ ਗਰੀਬ ਕਬੀਲਦਾਰ ਬੰਦੇ ਨੂੰ ਮਰਵਾਉਣ ਲੱਗੇ ਓ, ਪਹਿਲਵਾਨ ਨੂੰ ਕੱਢੋ ਜੇ ਦੋ ਹੱਥ ਕਰਨੇ ਹਨ।'

ਬਾਬੇ ਪੂਨੂੰ ਨੇ ਧੀਰਜ ਨਾਲ ਕਿਹਾ, 'ਕੋਈ ਨਾ ਭਾਈ, ਪਹਿਲਵਾਨ ਕਦੇ ਫੇਰ ਕੱਢਾਂਗੇ, ਪਹਿਲਾਂ ਤੂੰ ਮੇਰੇ ਅੱਖੜ ਜਿਹੇ ਬੰਦੇ ਨਾਲ ਈ ਦੇਖ ਲੈ।' ਇੱਕ ਦੋ ਅਰੰਭਿਕ ਹੱਥ ਕਰਨ ਪਿੱਛੋਂ ਬਾਬੇ ਪੂਨੂੰ ਨੇ ਪਹਿਲਵਾਨ ਦੀ ਠੋਡੀ ਹੇਠਾਂ ਕੂਹਣੀ ਦਾ ਹੋੜਾ ਦੇ ਕੇ ਮਗਰੋਂ ਗਰਦਨ ਵਲੋਂ ਵਲੇਵੇਂ ਨਾਲ ਉਤਾਂਹ ਨੂੰ ਉਗੀਸ ਕੇ ਪਹਿਲਵਾਨ ਨੂੰ ਬਾਹਾਂ ਉੱਤੇ ਧਰਤੀ ਤੋਂ ਉੱਪਰ ਵਲ ਨੂੰ ਅਜੇਹਾ ਚੱਕਿਆ ਕਿ ਉਸ ਦੇ ਪੈਰ ਧਰਤੀ ਉੱਤੇ ਨਾ ਲੱਗਣ। ਸਾਰਾ ਭਾਰ ਮੂੰਹ ਦੀ ਠੋਡੀ ਤੇ ਗਰਦਨ ਉੱਤੇ ਆ ਪਿਆ। ਥੋੜ੍ਹੇ ਚਿਰ ਪਿੱਛੋਂ ਜਦੋਂ ਉਸ ਦੇ ਅੱਖਾਂ ਦੇ ਆਂਡੇ ਬਾਹਰ ਆਉਣ ਲੱਗੇ, ਸਿਰ ਚਕਰਾਇਆ ਤਾਂ ਲੱਗਾ ਘੋਰੜੂ ਵੱਜਣ। ਪਹਿਲਵਾਨ ਸਾਹਿਬ ਦੇ ਸਾਥੀ ਲੱਗੇ ਤੌਰ ਭੌਰ ਹੋ ਕੇ ਦੇਖਣ। ਮਸਾਂ ਮਸਾਂ ਇਸ਼ਾਰਿਆਂ ਨਾਲ ਜਾਨ ਬਖਸ਼ਾਉਣ ਦੇ ਵਾਸਤੇ ਪਾ ਕੇ ਪਹਿਲਵਾਨ ਨੇ ਖਹਿੜਾ ਛੁਡਾਇਆ। ਬਾਬੇ ਪੂਨੂੰ ਨੇ ਲੋਕਾਂ ਨੂੰ ਕਿਹਾ, 'ਦੇਖੋ ਭਾਈ ਅਸੀਂ ਹਾਲਾਂ ਘੁਲੇ ਨਹੀਂ, ਏਸ ਪਹਿਲਵਾਨ ਨੂੰ ਕਹੋ ਜਿੰਨਾ ਚਿਰ ਇੱਕ ਜਣਾ ਪੁੱਠਾ ਸਿੱਧਾ ਨਹੀਂ ਹੋ ਜਾਂਦਾ, ਉਤਨਾ ਚਿਰ ਕੁਸ਼ਤੀ ਪੂਰੀ ਨਹੀਂ ਹੁੰਦੀ।' ਲੋਕ ਉਸ ਪਹਿਲਵਾਨ ਨੂੰ ਘੇਰ ਕੇ ਅਖਾੜੇ ਵੱਲ ਖਿੱਚਣ ਤੇ ਉਹ ਉੱਥੋਂ ਭੱਜਣ ਦੇ ਰਾਹ ਲੱਭੇ। ਆਖਰ ਦਿਨ ਛਿਪਦੇ ਤੋਂ ਪਹਿਲਾਂ ਆਪਣਾ ਲੁੰਗ ਲਾਣਾ ਛੱਡ ਕੇ ਪੱਤਰਾ ਵਾਚ ਗਿਆ। 'ਬਾਬੇ ਪੂਨੂੰ ਦੀ ਜੈ' ਦੀ ਧੁਨੀ ਲੋਕਾਂ ਦੇ ਦਿਲਾਂ ਵਿੱਚ ਕਈ ਵਰ੍ਹੇ ਗੂੰਜਦੀ ਰਹੀ।

ਇੱਕ ਵਾਰ ਦੀ ਗੱਲ ਹੈ, ਇੱਕ ਪੁਰਾਣੇ ਸ਼ਹਿਤੂਤ ਦਾ ਦਰਖ਼ਤ ਹਨੇਰੀ ਨਾਲ ਜੜ੍ਹਾਂ ਤੋਂ ਉੱਖੜ ਕੇ ਰਾਹ ਵਿਚਾਲੇ ਡਿੱਗ ਪਿਆ। ਉਸ ਦੀਆਂ ਜੜ੍ਹਾਂ ਧਰਤੀ ਤੋਂ ਉੱਖੜ ਕੇ ਬਾਹਰ ਆ ਗਈਆਂ ਪਰ ਵਿੱਚੋਂ ਅਲਹਿਦਾ ਨਾ ਹੋਣ। ਦਰਖ਼ਤ ਰਾਹ ਵਿੱਚ ਅੜਿੱਕਾ ਬਣ ਕੇ ਪੈ ਗਿਆ। ਸਾਡਾ ਇੱਕ ਬੁੱਢਾ ਬਾਬਾ ਉੱਧਰ ਲੰਘ ਰਿਹਾ ਸੀ, ਸ਼ਹਿਤੂਤ ਕੋਲ ਖੜੇ ਇੱਕ ਦੋ ਬੰਦੇ ਸੋਚ ਰਹੇ ਸੀ ਵਈ ਇਸ ਦੇ ਬਫ਼ੂਾਂਗ ਨੂੰ ਪਹਿਲਾਂ ਛਾਂਗੀਏ ਜਾਂ ਜੜ੍ਹਾਂ ਦੇ ਤਣੇ ਵੱਢੀਏ ਤਾਂ ਜੁ ਕਿਵੇਂ ਛੇਤੀ ਰਾਹ ਬਣੇ ਤੇ ਲਾਂਘਾ

Downloaded from https:// www.studiestoday.com

Downloaded from https:// www.studiestoday.com



ਹੋਵੇ, ਕੋਲੋਂ ਦੀ ਲੰਘਿਆ ਜਾਂਦਾ ਬਾਬਾ ਦੇਖ ਕੇ ਪੁੱਛਣ ਲੱਗੇ, 'ਬਾਬਾ ! ਇਸ ਦੀ ਛਾਂਗ ਛੰਗਾਈ ਦੱਸ ਕਿਵੇਂ ਕਰੀਏ?'

ਬਾਬੇ ਨੇ ਕਿਹਾ, 'ਖਿੱਚ ਕੇ ਘਰ ਲੈ ਜਾਵੇ ਆਪੇ ਛਾਂਗ ਛੰਗਾਈ ਹੁੰਦੀ ਰਹੇਗੀ।' ਉਹਨਾਂ ਕਿਹਾ, ਲੈ ਵਈ ਬਾਬਾ ! ਰਹੀ ਗੱਲ ਜੇ ਤੂੰ ਖਿੱਚ ਕੇ ਲੈ ਜਾਵੇ ਤਾਂ ਸ਼ਹਿਤੂਤ ਤੇਰਾ ਹੋਇਆ' ਬੱਸ ਜੀ ਫਿਰ ਕੀ ਸੀ ਬਾਬੇ ਨੇ ਪਹਿਲਾਂ ਬੜਾਂਗ ਵਾਲੇ ਪਾਸਿਉਂ ਸ਼ਹਿਤੂਤ ਨੂੰ ਉੱਥਲ ਪੁਥੱਲ ਕੇ ਜੜ੍ਹਾਂ ਉਖਾੜ ਦਿੱਤੀਆਂ, ਫਿਰ ਜੜ੍ਹਾਂ ਵਲੋਂ ਖਿੱਚ ਕੇ ਅੰਦਰ ਵਾੜ ਕੇ ਦਮ ਲਿਆ। ਤੰਗ ਦਰਵਾਜ਼ੇ ਵਿੱਚ ਅੜਿੱਕਾ ਲੱਗਿਆ, ਦੋ ਚਾਰ ਝਟਕੇ ਲਾ ਕੇ ਜੜ੍ਹਾਂ ਵਲੋਂ ਟਾਹਣੇ-ਟਾਹਣੀਆਂ ਫੜ ਕੇ ਅਜੇਹੇ ਖਿੱਚੇ ਕਿ ਉਹ ਸੁਕੜ ਕੇ ਨਾਲ਼ ਲੱਗ ਗਈਆਂ, ਫਿਰ ਦੋ ਚਾਰ ਹੁਜਕਿਆਂ ਨਾਲ ਸਾਰਾ ਰੁੱਖ ਘਸੀਟ ਕੇ ਅੰਦਰ ਖਿੱਚ ਕੇ ਸੁੱਟ ਲਿਆ।

ਜਿਨ੍ਹਾਂ ਸੱਜਣਾਂ ਨੂੰ ਇਹਨਾਂ ਗੱਲਾਂ ਉੱਤੇ ਇਤਬਾਰ ਨਾ ਆਵੇ, ਉਹ ਸਾਡੇ ਇੱਕ ਘਰ ਵਿੱਚ ਕਿੱਕਰ ਦੀ ਚੜ੍ਹੀ ਹੋਈ ਲਟੈਣ ਦਾ ਪ੍ਰਤੱਖ ਪ੍ਰਮਾਣ ਅੱਖੀਂ ਦੇਖ ਸਕਦੇ ਹਨ। ਜਿਸ ਦੀ ਕਥਾ ਇਸ ਤਰ੍ਹਾਂ ਹੈ: 'ਕਹਿੰਦੇ ਹਨ ਸਾਡਾ ਵੱਡਾ ਦਾਦਾ 'ਦਾਸ' ਬਾਹਰ ਮੈਰੇ ਵਿੱਚ ਡੰਗਰਾਂ ਨੂੰ ਵੱਗ ਵਿੱਚ ਰਲਾਉਣ ਗਿਆ, ਫਿਰਦੇ ਫਰਾਂਦੇ ਦੀ ਇੱਕ ਕਿੱਕਰ ਦੀ ਗੇਲੀ ਉੱਤੇ ਨਿਗਾਹ ਪੈ ਗਈ। ਉਸ ਗੇਲੀ ਨੂੰ ਕੁਝ ਬੰਦੇ ਪਹਿਲਾਂ ਕਿਧਰੋਂ ਦੂਰ ਨੇੜਿਉਂ ਉੱਥੇ ਲਿਆ ਕੇ ਸੁੱਟ ਗਏ ਸੀ, ਵਈ ਜਦੋਂ ਦਾਉ ਲੱਗਿਆ ਫੇਰ ਪਿੰਡ ਲੈ ਚਲਾਂਗੇ। ਲੱਕੜ ਦੀ ਅਜਿਹੀ ਮਾਰ ਧਾੜ ਪਹਿਲਾਂ ਆਮ ਹੁੰਦੀ ਸੀ। ਸਾਡੇ ਬਾਬੇ ਨੇ ਕਿਹਾ ਚੌਧਰੀ ਇਹ ਟੰਬਾ ਜਿਹਾ ਕਿਸ ਦਾ ਹੈ? 'ਉਸ ਦਾ ਜੇਹੜਾ ਲੈ ਜਾਵੇ।' ਚੌਧਰੀ ਨੇ ਵਿਅੰਗ ਕੀਤਾ, ਵਈ ਇਹ ਏਡੀ ਲੱਕੜ ਨੂੰ ਟੰਬਾ ਈ ਦੱਸਦਾ ਹੈ। 'ਫੇਰ ਚੌਧਰੀ ਬੁਰਾ ਨਾ ਮਨਾਉਣਾ' ਆਖ ਕੇ ਬਾਬੇ ਨੇ ਨਾ ਕੀਤੀ, 'ਹਾਂ' ਨਾ ਕੀਤੀ 'ਹੂੰ' , ਝੱਟ ਮੋਢਾ ਹੇਠਾਂ ਡਾਹ ਦਿੱਤਾ ਤੇ ਕਿੱਕਰ ਦੀ ਗੇਲੀ ਘਰ ਲਿਆ ਸੁੱਟੀ। ਉਸ ਦੀ ਲਟੈਣ ਚੜ੍ਹਾਈ ਗਈ। ਅੱਸੀ ਨੱਬੇ ਵਰ੍ਹੇ ਪਿੱਛੋਂ ਪਿਛਲੇ ਸਾਲੀਂ ਉਹ ਸੁੱਕੀ ਪੱਕੀ ਤੱਛ-ਮੁਛ ਕੇ ਹੌਲੀ ਹੋਈ ਲਟੈਣ ਜਦੋਂ ਚੜ੍ਹਾਈ ਗਈ ਤਾਂ, ਪਿੰਡ ਦੇ ਚੋਣਵੇਂ ਅੱਠ ਦਸ ਗੱਭਰੂ ਇਕੱਠੇ ਕਰਨੇ ਪਏ, ਉਹ ਰਲ ਕੇ ਲਟੈਣ ਚੜ੍ਹਾਉਣ ਨਾਲੇ ਬਾਬਿਆਂ ਦੇ ਗੁਣ ਗਾਉਣ, ਵਈ ਦੇਖੋ ਹੁਣ ਸਾਰੇ ਪਿੰਡ ਦੇ ਚੋਣਵੇਂ ਮੁੰਡੇ ਲੱਗੇ ਹਨ, ਬਾਬਾ ਪਤਾ ਨਹੀਂ ਕਾਹਦਾ ਬਣਿਆ ਹੋਇਆ ਸੀ, ਜਿਹੜਾ ਇਕੱਲਾ ਹੀ ਇਹ ਗੇਲੀ ਚੁੱਕ ਲਿਆਇਆ ਸੀ।

ਇਕੱਲੇ ਬਾਬਿਆਂ ਦੀਆਂ ਗੱਲਾਂ ਹੀ ਨਹੀਂ, ਉਹਨਾਂ ਦੀਆਂ ਭੈਣਾਂ ਵੀ ਅਜਿਹੀਆਂ ਸੀ। ਕਹਿੰਦੇ ਇੱਕ ਵਾਰ ਅਸਾਡੇ ਘਰ ਦੇ ਸਾਰੇ ਜੀਅ ਜਦੋਂ ਬਾਹਰ ਜੁਆਰ ਦੇ ਸਿੱਟੇ ਡੂੰਗਦੇ ਸੀ, ਉਹਨਾਂ ਦੀ ਛੋਟੀ ਭੈਣ ਰੋਟੀ ਲੈ ਕੇ ਗਈ, ਆਉਂਦੀ ਹੋਈ ਡੂੰਗੇ ਹੋਏ ਸਾਰੇ ਸਿੱਟਿਆਂ ਦੀ ਪੰਡ ਬੰਨ੍ਹ ਲਿਆਈ। ਜਦੋਂ ਉਹ ਸਿੱਟੇ ਕੁੱਟ ਕੇ ਸਾਰੀ ਜੁਆਰ ਜੋਖੀ ਤਾਂ ਪੰਜ ਮਣ ਕੱਚੀ ਹੋਈ। ਬਾਕੀ ਨਿੱਕ-ਸੁੱਕ ਅਣ-ਜੋਖਿਆ ਈ ਪਰੇ ਸੁੱਟ ਦਿੱਤਾ।

Downloaded from https:// www.studiestoday.com

Downloaded from https:// www.studiestoday.com



ਬਾਬਿਆਂ ਦੀ ਇੱਕ ਭੈਣ ਪਿੰਡ ਚੜਿਕ ਵਿੱਚ ਵਿਆਹੀ ਹੋਈ ਸੀ, ਪਹਿਲਾਂ ਪਹਿਲ ਸਹੁਰੇ ਗਈ ਤਾਂ ਸ਼ਾਮ ਨੂੰ ਬਾਹਰ ਜਾਣ ਵੇਲ਼ੇ ਰਾਹ ਵਿੱਚ ਇੱਕ ਪਹਿਲਵਾਨ ਮੁਗਦਰ ਚੁੱਕਦਾ ਦੇਖਿਆ। ਵਾਪਸ ਘਰ ਆਉਣ ਵੇਲੇ ਅਖਾੜਾ ਬਿੱਝੜ ਚੁੱਕਾ ਸੀ, ਬਾਬਿਆਂ ਦੀ ਭੈਣ ਨੇ ਆਪਣੀ ਸੱਸ ਨੂੰ ਪੁੱਛਿਆ, ਅੰਮਾ ! ਏਥੇ ਮੁੰਡੇ ਜਿਹੇ ਕੀ ਕਰਦੇ ਸੀ?

ਧੀਏ ਇਹ 'ਮੁਗਦਰ ਚੱਕਦੇ ਸੀ, ਪਿੰਡ ਦਾ ਇੱਕ ਪਹਿਲਵਾਨ ਬੜਾ ਨਰੋਆ ਹੈ, ਉਸ ਬਿਨਾਂ ਹੋਰ ਕੋਈ ਨੇੜੇ ਦੇ ਪਿੰਡ ਵਿੱਚ ਮੁਗਦਰ ਨੂੰ ਚੁੱਕ ਨਹੀਂ ਸਕਦਾ, ਬਾਕੀ ਲੋਕ ਦੂਰੋਂ ਨੇੜਿਓਂ, ਉਸ ਨੂੰ ਦੇਖਣ ਆਏ ਹੋਏ ਸੀ। ਸਾਹਮਣੇ ਮੁਗਦਰ ਪਿਆ ਸੀ। 'ਅੰਮਾ ਜੀ, ਏਸੇ ਨੂੰ ਮੁਗਦਰ ਆਖਦੇ ਹਨ,-ਆਖ ਕੇ ਉਸ ਨੇ ਜਿਉਂ ਚੁੱਕਿਆ, ਨਾਲ ਲੱਗਦੇ ਇੱਕ ਖੋਲੇ ਵਿੱਚ ਵਗਾਹ ਸੁੱਟਿਆ।'

ਦਿਨ ਚੜ੍ਹਿਆ ਤਾਂ ਲੋਕ ਲੱਗੇ ਮੁਗਦਰ ਦੀ ਭਾਲ ਕਰਨ। ਆਖਰ ਨਾਲ ਦੇ ਖੋਲੇ ਵਿੱਚੋਂ ਮਿਲ ਗਿਆ, ਜਿਵੇਂ ਕਿਸੇ ਨੇ ਰਾਹ ਵਿੱਚ ਲੱਗਦਾ ਅੜਿੱਕਾ ਦੂਰ ਕਰਨ ਲਈ ਇੱਕ ਰੋੜਾ ਪਰੇ ਵਗਾਹ ਸੁੱਟਿਆ ਹੋਵੇ। ਇਸ ਤਰ੍ਹਾਂ ਮੁਗਦਰ ਪਿਆ ਦੇਖਿਆ ਤਾਂ ਚਾਰ ਪੰਜ ਜਣੇ ਰੇੜ੍ਹ ਕੇ ਮੁੜ ਉੱਥੇ ਲੈ ਆਏ, ਪਹਿਲਵਾਨ ਨੂੰ ਪਤਾ ਲੱਗਿਆ, ਉਹ ਭਮੱਤਰ ਗਿਆ ਵਈ ਮੇਰੇ ਬਿਨਾਂ ਏਸ ਮੁਗਦਰ ਨੂੰ ਹਿਲਾਉਣ ਵਾਲਾ ਹੋਰ ਏਥੇ ਕੌਣ ਆ ਗਿਆ ਹੈ?

ਦੂਜੇ ਦਿਨ ਫੇਰ ਸ਼ਾਮ ਨੂੰ ਜਦ ਤੀਵੀਂਆਂ ਬਾਹਰ ਗਈਆਂ। ਮੁਗਦਰ ਉੱਥੇ ਪਿਆ ਦੇਖ ਕੇ ਕਿਹਾ, 'ਇਹ ਜਾਏ ਖਾਣਾ ਫੇਰ ਰਾਹ ਵਿੱਚ ਹੀ ਪਿਆ ਹੈ, ਆਖਦਿਆਂ ਆਖਦਿਆਂ ਬਾਬਿਆਂ ਦੀ ਭੈਣ ਨੇ ਏਨੇ ਜ਼ੋਰ ਦੀ ਵਗਾਹਿਆ ਕਿ ਅਗਲੇ ਖੋਲੇ ਦੀ ਕੰਧ ਢਹਿ ਗਈ। ਲੋਕਾਂ ਨੂੰ ਪਤਾ ਲੱਗ ਗਿਆ, ਪਹਿਲਵਾਨ ਦੀ ਖਾਨਿਓਂ ਗਈ। ਦੂਜੇ ਦਿਨ ਥਾਲੀ ਵਿੱਚ 101 ਰੁਪਏ ਤੇ ਇੱਕ ਸੁੱਚਾ ਤਿਓਰ ਲੈ ਕੇ ਪਹਿਲਵਾਨ ਆਇਆ ਤੇ ਬਾਬਿਆਂ ਦੀ ਭੈਣ ਨੂੰ ਨਜ਼ਰਾਨਾ ਪੇਸ਼ ਕਰਕੇ ਕਿਹਾ, 'ਚਾਚੀ ਤੂੰ ਮੇਰੀ ਧਰਮ ਦੀ ਭੈਣ ਹੋਈ, ਧੰਨ ਤੂੰ ਧੰਨ ਤੇਰੇ ਜਣਦੇ, ਮੈਂ ਤਾਂ ਬਸ ਦਰਸ਼ਨਾਂ ਲਈ ਆਇਆ ਹਾਂ। ਵਈ ਅਜੇਹੀ ਸ਼ਕਤੀ ਵਾਲ਼ੀ ਦੇਵੀ ਏਥੇ ਕੌਣ ਹੈ? ਮੈਂ ਅੱਜ ਤੋਂ ਪਹਿਲਵਾਨੀ ਛੱਡੀ।' ਕਹਿੰਦੇ ਜੀ ਜਿਤਨਾ ਚਿਰ ਪਹਿਲਵਾਨ ਜਿਊਂਦਾ ਰਿਹਾ ਹਰ ਇੱਕ ਤਿੱਥ ਤਿਉਹਾਰ ਉੱਤੇ ਬਾਬਿਆਂ ਦੀ ਭੈਣ ਨੂੰ ਤਿਓਰ ਤੇ ਕਪੜੇ ਲੀੜੇ ਚੜ੍ਹਾਉਂਦਾ ਰਿਹਾ।

ਬਾਬਿਆਂ ਦੀ ਉਸ ਭੈਣ ਦੇ ਦੋ ਪੁੱਤ ਜਨਮੇ-ਕਹਿੰਦੇ ਦੁੱਧ ਰਿੜਕਣ ਵੇਲੇ ਉਹ ਦੋਹਾਂ ਨੂੰ ਕੋਲ਼ੇ ਸੱਦ ਲੈਂਦੀ ਤੇ ਜੋ ਮੱਖਣੀ ਨਿਕਲ਼ਦੀ ਅੱਧੋ-ਅੱਧ ਵੰਡ ਕੇ ਖਵਾਉਂਦੀ, ਫੇਰ ਦੁੜਾਉਂਦੀ ਨਸਾਉਂਦੀ ਤੇ ਜ਼ੋਰ ਕਰਾਉਂਦੀ। ਉਹਨਾਂ ਵਿੱਚੋਂ ਇੱਕ ਵੱਡਾ ਮੰਗਲ ਸਿੰਘ ਨਾਮੀ ਪਹਿਲਵਾਨ ਹੋਇਆ, ਉਹ ਆਪਣੇ ਮਾਮਿਆਂ ਨੂੰ ਮਿਲਣ ਲਈ ਮੇਰੇ ਪਿੰਡ ਆਇਆ। ਲੋਕਾਂ ਨੇ ਇੱਕ ਮਹੀਨੇ ਲਈ ਘੁਲਣ ਖੇਡਣ ਵਾਸਤੇ ਰੱਖ ਲਿਆ, ਉਹ

Downloaded from https:// www.studiestoday.com

Downloaded from https:// www.studiestoday.com



ਸਵਾ ਸਵਾ ਮਣ ਦੀਆਂ ਮੂੰਗਲੀਆਂ ਫੇਰਿਆ ਕਰਦਾ ਸੀ। ਮਹੀਨਾ ਭਰ ਮੂੰਗਲੀਆਂ ਫੇਰਦਾ ਰਿਹਾ, ਸਾਰਾ ਪਿੰਡ ਦੇਖਣ ਜਾਂਦਾ, ਬਾਹਰੋਂ ਵੀ ਲੋਕ ਦੇਖਣ ਆਉਂਦੇ ਪਰ ਮੇਰੇ ਬਾਬੇ ਹੁਰੀਂ ਨਾ ਗਏ। ਇੱਕ ਦਿਨ ਚੌਧਰੀ ਨੇ ਕਿਹਾ, 'ਬਾਬਾ ! ਥੋਡਾ ਭਾਣਜਾ ਆਇਆ ਹੋਇਆ, ਕਿਸੇ ਦਿਨ ਉਸ ਦਾ ਕਰਤਬ ਦੇਖ ਕੇ ਹੌਸਲਾ ਅਫਜ਼ਾਈ ਤਾਂ ਕਰ ਆਵੇ।'

ਬਾਬੇ ਨੇ ਕਿਹਾ, 'ਐਵੇਂ ਕਿਧਰੇ ਨਾਮੋਸ਼ੀ ਨਾ ਦਿਵਾ ਦੇਵੇ, ਚੰਗਾ ਕਿਸੇ ਦਿਨ ਆਵਾਂਗੇ' ਅਗਲੇ ਦਿਨ ਜਦੋਂ ਬਾਬਾ ਗਿਆ, ਤਾਂ ਉਸ ਦੇ ਪਹਿਲਵਾਨ ਭਾਣਜੇ ਦੇ ਮੂੰਹ 'ਤੇ ਲਾਲੀਆਂ ਆ ਗਈਆਂ। ਉਸ ਨੇ ਕਿਹਾ, 20-25 ਸੇਰ ਦੇ ਅੱਜ ਹੋਰ ਦੋ ਸੰਗਲ ਮੂੰਗਲੀਆਂ ਨੂੰ ਬੰਨ੍ਹ ਦੇਵੋ, ਮੇਰਾ ਮਾਮਾ ਦੇਖਣ ਆਇਆ ਹੈ' ਜਦੋਂ ਉਸ ਨੇ ਸੰਗਲ ਬੰਨ੍ਹ ਕੇ ਮੂੰਗਲੀਆਂ ਫੇਰੀਆਂ, ਮਾਮੇ ਨੇ ਅਪਣੇ ਭਾਣਜੇ ਨੂੰ ਭੱਜ ਕੇ ਕੁੱਛੜ ਵਿੱਚ ਲੈ ਲਿਆ, 'ਪੁੱਤਰਾ ਤੂੰ ਲਾਜ ਰੱਖੇਂਗਾ ਸਾਡੀ'- ਆਖ ਕੇ ਇੱਕ ਚਾਂਦੀ ਦਾ ਡਬਲ ਰੁਪਈਆ ਦਿੱਤਾ ਅਤੇ ਧੜੀ ਘਿਉ, ਜੋ ਉਦੋਂ ਤਿੰਨ ਰੁਪਏ ਦਾ ਹੁੰਦਾ ਸੀ। ਪਿੰਡ ਦੇ ਲੋਕਾਂ ਨੇ ਵੀ ਬੜਾ ਕੁਝ ਦਿੱਤਾ। ਮੇਰੇ ਪਿੰਡ ਸਾਧਾਂ ਦੇ ਡੇਰੇ ਪਈਆਂ ਉਹ ਮੂੰਗਲੀਆਂ ਮੈਂ ਵੀ ਅੱਖੀਂ ਦੇਖੀਆਂ ਹਨ। ਇਹੋ ਜਿਹੀਆਂ ਕਥਾਵਾਂ ਮੈਂ ਸੁਣੀਆਂ ਹਨ, ਅੱਖੀਂ ਤੱਕੀਆਂ ਨਹੀਂ, ਇਸ ਲਈ ਮੈਂ ਛੋਟਾ ਹੁੰਦਾ ਤਾਂ ਮੈਨੂੰ ਦਿਉਆਂ ਦੀਆਂ ਕਹਾਣੀਆਂ ਸੁਣ ਕੇ ਜਿਤਨਾ ਸਹਿਮ ਲੱਗਦਾ ਸੀ ਉਤਨਾ ਹੀ ਆਪਣੇ ਵੱਡੇ ਵੱਡੇਰਿਆਂ ਦੀਆਂ ਗੱਲਾਂ ਸੁਣ ਕੇ। ਕਈ ਵਾਰ ਖਿਆਲ ਆਉਂਦਾ, ਕਿਧਰੇ ਸਾਡੇ ਬਾਬੇ ਵੀ ਕੋਈ ਦਿਓ ਦਾਨੋਂ ਤਾਂ ਨਹੀਂ ਸਨ? ਪੁਰਾਣੇ ਪੰਜਾਬੀਆਂ ਦੇ ਲੋਕਾਂ ਦੇ ਬਲ ਦੀ ਗੁਆਚੀ ਹੋਈ ਏਨੀ ਪ੍ਰਮਾਣਿਕ ਤਸਵੀਰ ਕਿਵੇਂ ਛੁਪਾ ਕੇ ਰੱਖੀ ਜਾ ਸਕਦੀ ਸੀ? ਸੁ ਹਾਜ਼ਰ ਕਰਨੀ ਹੀ ਠੀਕ ਸਮਝੀ ਹੈ।

**ਅਰਥਾਵਲੀ :**

**ਅਜਨਬੀ**- ਓਪਰਾ। **ਨਕਵਾਇਆ**-ਕਮਜ਼ੋਰ। **ਦਿਗ ਵਿਜੈ**-ਜਿੱਤ। **ਮੁੰਡੀਹਰ**-ਮੁੰਡਿਆਂ ਦੀ ਢਾਣੀ। **ਨਾਬਰ**-ਇਨਕਾਰੀ। **ਰੋਹੀਆਂ**-ਜੰਗਲ, ਬੀਆਬਾਨ। **ਨਿਹਾਰੀਆਂ**-ਸਵੇਰ ਵੇਲੇ ਦਾ ਭੋਜਨ, ਨਾਸ਼ਤਾ। **ਟੰਬਾ**-ਸੋਟੀ, ਡੰਡਾ। **ਮੁਗਦਰ**-ਮੋਹਲਾ, ਮੂਸਲ। **ਤਿਓਰ**-ਤਿੰਨ ਬਸਤਰ। **ਰਸਤ** - ਖਾਣ-ਪੀਣ ਦੀ ਸਮਗਰੀ। **ਬੜ੍ਹਾਂਗ**-ਵਢਾਂਗ, ਛਾਂਗੇ ਹੋਏ ਰੁੱਖ ਦੇ ਵੱਡੇ ਟਾਹਣੇ। **ਲਟੈਣ**- ਸ਼ਤੀਰੀ, ਵੱਡਾ ਸ਼ਤੀਰ। **ਕਰਤੱਬ**- ਜੌਹਰ।

## ਪਾਠ-ਅਭਿਆਸ

1. 'ਵੱਡੇ ਵਡੇਰੇ' ਲੇਖ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ?
2. ਛਾਪੇ ਪਿੰਡ ਵਾਲਿਆਂ ਨੇ ਲੇਖਕ ਦੇ ਵਡੇਰਿਆਂ ਤੋਂ ਨਾਤਾ ਕਿਉਂ ਤੋੜ ਲਿਆ?

Downloaded from https:// www.studiestoday.com

Downloaded from https:// www.studiestoday.com



3. ਪੁਰਾਣੇ ਸਮੇਂ ਵਿੱਚ ਭਲਵਾਨ ਕਿਵੇਂ ਪਿੰਡਾਂ ਉੱਤੇ ਫ਼ਤਿਹ ਪ੍ਰਾਪਤ ਕਰਦੇ ਸਨ?
4. ਲੋਕ ਭਲਵਾਨਾਂ ਦਾ ਕਿਵੇਂ ਸਤਿਕਾਰ ਕਰਦੇ ਸਨ?
5. ਬਾਬੇ ਪੁਨੂੰ ਤੇ ਭਲਵਾਨ ਵਿਚਕਾਰ ਹੋਈ ਕੁਸ਼ਤੀ ਦਾ ਵਰਨਣ ਕਰੋ?
6. 'ਕਿਧਰੇ ਸਾਡੇ ਬਾਬੇ ਵੀ ਕੋਈ ਦਿਓ-ਦਾਨੋ ਤਾਂ ਨਹੀਂ ਸਨ? 'ਮੇਰੇ ਵੱਡੇ ਵਡੇਰੇ' ਲੇਖ ਦੇ ਪ੍ਰਸੰਗ ਵਿੱਚ ਇਸ ਕਥਨ ਦੀ ਪੁਸ਼ਟੀ ਕਰੋ?
7. ਇਸ ਪਾਠ ਵਿੱਚ ਬਾਬਿਆਂ ਦੀਆਂ ਭੈਣਾਂ ਦੇ ਕਾਰਨਾਮਿਆਂ ਦਾ ਜੋ ਜ਼ਿਕਰ ਆਇਆ ਹੈ, ਆਪਣੇ ਸ਼ਬਦਾਂ ਵਿੱਚ ਲਿਖੋ।
8. ਹੇਠ ਲਿਖੇ ਮੁਹਾਵਰਿਆਂ ਅਤੇ ਮੁਹਾਵਰੇਦਾਰ ਵਾਕਾਂਸ਼ਾਂ ਦੇ ਵਾਕ ਬਣਾ ਕੇ ਅਰਥ ਸਪਸ਼ਟ ਕਰੋ:

   ਨੱਥਿਆਂ ਦੇ ਲੇਖੇ ਵਿੱਚ ਪੈਣਾ, ਕਾਗਜ਼ੀ ਭਲਵਾਨ, ਕੁਲ ਨੂੰ ਲੀਕ ਲਾਉਣਾ, ਚੰਨ ਚਰਾਗ, ਤੌਰ ਭੌਰ ਹੋਣਾ, ਪੱਤਰਾ ਵਾਚਣਾ, ਦਾਉ ਲੱਗਣਾ, ਮਾਰ-ਧਾੜ।

*ਗਿਆਨੀ ਗੁਰਦਿੱਤ ਸਿੰਘ ਜੀ ਦੀ ਕਿਤਾਬ 'ਮੇਰਾ ਪਿੰਡ' ਪੰਜਾਬ ਦੀਆਂ ਰਸਮਾਂ, ਰੀਤਾਂ-ਰਿਵਾਜਾਂ, ਵਹਿਮਾਂ-ਭਰਮਾਂ ਤੇ ਸਮੁੱਚੀ ਪੰਜਾਬੀ ਜ਼ਿੰਦਗੀ ਅਤੇ ਸੱਭਿਆਚਾਰ ਨੂੰ ਸਮਝਣ ਦਾ ਵਿਸ਼ੇਸ ਉਪਰਾਲਾ ਹੈ। ਆਪਣੀ ਸਕੂਲ-ਲਾਇਬ੍ਰੇਰੀ ਵਿੱਚੋਂ 'ਮੇਰਾ ਪਿੰਡ' ਕਿਤਾਬ ਲੈ ਕੇ ਪੜ੍ਹੋ।*

Downloaded from https:// www.studiestoday.com

Downloaded from https:// www.studiestoday.com

# ਡਾ. ਨਰਿੰਦਰ ਸਿੰਘ ਕਪੂਰ

(1944)

ਡਾ. ਨਰਿੰਦਰ ਸਿੰਘ ਕਪੂਰ ਦਾ ਜਨਮ 'ਮਾਰਚ 1944 ਨੂੰ ਪਿਤਾ ਸ. ਹਰਦਿੱਤ ਸਿੰਘ ਤੇ ਮਾਤਾ ਵੀਰਾਂਵਾਲੀ ਦੇ ਘਰ ਪਿੰਡ ਆਧਾ ਜ਼ਿਲ੍ਹਾ ਰਾਵਲਪਿੰਡੀ (ਪਾਕਿਸਤਾਨ) ਵਿਖੇ ਹੋਇਆ।

ਆਪ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਵਿਭਾਗ ਅਤੇ ਪੰਜਾਬੀ ਪੱਤਰਕਾਰੀ ਵਿਭਾਗ ਦੇ ਪ੍ਰੋਫ਼ੈਸਰ ਅਤੇ ਮੁਖੀ ਵੀ ਰਹੇ। ਆਪ ਅਜੋਕੇ ਦੌਰ ਵਿੱਚ ਪੰਜਾਬੀ ਦੇ ਉੱਚ-ਕੋਟੀ ਦੇ ਨਿਬੰਧਕਾਰ ਹਨ। ਆਪ ਦੇ ਨਿਬੰਧ ਮਨੁੱਖ ਦੇ ਅਹਿਸਾਸਾਂ ਦੀ ਅਜਿਹੀ ਤਰਜਮਾਨੀ ਕਰਦੇ ਹਨ ਕਿ ਪਾਠਕ ਕੀਲਿਆਂ ਜਾਂਦਾ ਹੈ। ਡੂੰਘਾ ਗਿਆਨ ਅਤੇ ਜੀਵਨ-ਤਜਰਬਾ ਹਰ ਲਿਖਤ ਵਿੱਚੋਂ ਮੂੰਹੋਂ ਬੋਲਦਾ ਹੈ। ਆਪ ਦੀ ਵਾਰਤਕ ਸ਼ੈਲੀ ਰੋਚਕ ਤੇ ਲੋਕ-ਮੁਹਾਵਰਾ ਬਣਨ ਦੀ ਸ਼ਕਤੀ ਰੱਖਦੀ ਹੈ।

ਨਰਿੰਦਰ ਸਿੰਘ ਕਪੂਰ ਦੇ ਲੇਖ-ਸੰਗ੍ਰਹਿ 'ਤਰਕਵੇਦ', 'ਘਾਟ ਘਾਟ ਦਾ ਪਾਣੀ', 'ਆਹਮੋ ਸਾਹਮਣੇ', 'ਬੂਹੇ ਬਾਰੀਆਂ', 'ਸੁਖਨ ਸੁਨੇਹੇ', 'ਅੰਤਰ ਝਾਤ', 'ਮਾਲਾ ਮਣਕੇ', ਆਦਿ ਹਨ। ਹੋਰ ਜ਼ਿਕਰਯੋਗ ਰਚਨਾਵਾਂ 'ਸੱਚੋ ਸੱਚ' (ਅਮਰੀਕਾ ਦਾ ਸਫਰਨਾਮਾ), 'ਮਾਰਟਿਨ ਲੂਥਰ ਕਿੰਗ', 'ਗਿ ਦਿੱਤ ਸਿੰਘ-ਜੀਵਨ ਤੇ ਰਚਨਾ' ਆਦਿ ਹਨ।

## ਤੁਰਨ ਦਾ ਹੁਨਰ

ਕੇਵਲ ਸਬਰ-ਸੰਤੋਖ ਵਾਲਾ ਵਿਅਕਤੀ ਹੀ ਲੰਮੇ ਪੈਂਡੇ ਤੁਰਨ ਦਾ ਸਾਹਸ ਅਤੇ ਸਿਦਕ ਵਿਖਾ ਸਕਦਾ ਹੈ।

ਕਹਿੰਦੇ ਹਨ ਜਿਹੜੇ ਠੀਕ ਤੁਰ ਨਹੀਂ ਸਕਦੇ ਉਹ ਸਦਾ ਗ਼ਲਤ ਨਿਸ਼ਾਨਿਆਂ 'ਤੇ ਪਹੁੰਚਦੇ ਹਨ।

ਮਨੁੱਖ ਜਦੋਂ ਦਾ ਕਾਰ ਉੱਤੇ ਸਵਾਰ ਹੋਇਆ ਹੈ ਉਦੋਂ ਤੋਂ ਹੀ ਉਹ ਤੁਰਨ ਦੀ ਮੌਜ ਤੋਂ ਵਾਂਝਿਆ ਗਿਆ ਹੈ। ਜਦੋਂ ਵਿਅਕਤੀ ਇੱਕ ਥਾਂ ਉੱਤੇ ਰਹਿ-ਰਹਿ ਕੇ ਅੱਕ ਜਾਂਦਾ ਹੈ ਤਾਂ ਉਹ ਕਿਧਰੇ ਦੂਰ ਨਿਕਲ ਜਾਣਾ ਚਾਹੁੰਦਾ ਹੈ। ਪਹਾੜ ਅਤੇ ਸਮੁੰਦਰਾਂ ਦੇ ਕਿਨਾਰੇ ਸਾਨੂੰ ਇਸ ਲਈ ਚੰਗੇ ਲੱਗਦੇ ਹਨ ਕਿਉਂਕਿ ਉਹ ਸਾਨੂੰ ਤੁਰਨ ਦਾ ਅਵਸਰ ਪ੍ਰਦਾਨ ਕਰਦੇ ਹਨ।

ਤੁਰਨਾ ਅਸਲ ਵਿੱਚ ਹਲਕੇ-ਫੁੱਲ ਹੋਣ ਦਾ ਹੁਨਰ ਹੈ। ਤੁਸੀਂ ਡੁੱਬਦੇ ਹੋਏ ਸੂਰਜ ਨੂੰ ਤੁਰਦੇ ਹੋਏ ਤੱਕੋ, ਕੁਝ ਦਿਨ ਵੇਖਦੇ ਰਹੋ, ਤੁਹਾਨੂੰ ਇੰਜ ਪ੍ਰਤੀਤ ਹੋਣ ਲੱਗ ਪਵੇਗਾ ਜਿਵੇਂ ਸੂਰਜ ਤੁਹਾਡੇ ਨਾਲ ਗੱਲਾਂ ਕਰ ਰਿਹਾ ਹੋਵੇ।



Downloaded from https:// www.studiestoday.com

Downloaded from https:// www.studiestoday.com



ਯਾਤਰੀ, ਜਗਿਆਸੂ, ਅਭਿਲਾਸ਼ੀ ਦੇ ਅਰਥ ਤੁਰਨ ਵਾਲੇ ਵਿਅਕਤੀ ਤੋਂ ਹੀ ਹਨ। ਯੂਨਾਨੀ ਪਾਤਰ ਯੂਲੀਸਿਸ ਅਤੇ ਸਾਡੇ ਪੰਜਾਬ ਦੇ ਗੁਰੂ ਨਾਨਕ ਦੇਵ ਸਦਾ ਤੁਰਦੇ ਰਹਿਣ ਵਾਲੇ ਵਿਅਕਤੀਆਂ ਦੇ ਪ੍ਰਤੀਕ ਹਨ। ਪੰਜਾਬ ਦਾ ਸੱਭਿਆਚਾਰ, ਦਰਿਆਵਾਂ ਵਾਲਾ ਸੱਭਿਆਚਾਰ ਹੈ, ਨਿਰੰਤਰ ਵਹਿਣ ਵਿੱਚ ਪਿਆਂ ਦਾ ਸੱਭਿਆਚਾਰ। ਪੰਜਾਬੀ ਕਿੱਸਾ-ਕਾਵਿ ਵਿਚਲੇ ਪ੍ਰੇਮੀ ਮਿਰਜ਼ਾ, ਰਾਂਝਾ, ਪੁੰਨੂੰ ਆਦਿ ਆਪਣੇ ਦੇਸਾਂ, ਇਲਾਕਿਆਂ ' ਚੋਂ ਤੁਰ ਕੇ ਹੀ ਆਪਣੀਆਂ ਪ੍ਰੇਮਿਕਾਵਾਂ ਦੇ ਦੇਸ ਪਹੁੰਚੇ ਸਨ।

ਕਿਸੇ ਸਿਆਣੇ ਨੇ ਕਿਹਾ ਹੈ, 'ਮੈਂ ਜਿਤਨਾ ਵਧੇਰੇ ਤੁਰਦਾ ਹਾਂ, ਉਤਨਾ ਹੀ ਮੈਨੂੰ ਵਧੇਰੇ ਅਨੁਭਵ ਹੁੰਦਾ ਹੈ ਕਿ ਮੈਂ ਘੱਟ ਤੁਰਦਾ ਹਾਂ। ਜਦੋਂ ਵੀ ਮੈ ਤੁਰਨ ਗਿਆ ਹਾਂ ਮੈਂ ਆਪਣੇ ਘਰ ਵਧੇਰੇ ਪ੍ਰਸੰਨ ਪਰਤਿਆ ਹਾਂ।' ਮਨੁੱਖ ਨੇ ਆਪਣੇ ਫ਼ਾਸਲੇ ਲੰਮੇ ਕਰ ਲਏ ਹਨ ਇਸ ਲਈ ਕਾਰਾਂ, ਗੱਡੀਆਂ, ਬੱਸਾਂ ਆਦਿ ਉਸ ਦੀ ਮਜਬੂਰੀ ਬਣ ਗਈਆਂ ਹਨ, ਪਰ ਤੁਰਨ ਦੇ ਜਿਹੜੇ ਕੁਝ ਅਵਸਰ ਮਨੁੱਖਾਂ ਨੂੰ ਮਿਲਦੇ ਹਨ ਉਹ ਉਹਨਾਂ ਤੋਂ ਵੀ ਲਾਭ ਨਹੀਂ ਉਠਾਉਂਦੇ। ਇਹੀ ਕਾਰਨ ਹੈ ਕਿ ਮਨੁੱਖ ਦੀਆਂ ਸਰੀਰਿਕ ਸਮੱਸਿਆਵਾਂ ਵਧ ਗਈਆਂ ਹਨ ਅਤੇ ਅੱਜ ਦਾ ਮਨੁੱਖ ਆਪਣੇ ਸਰੀਰ ਦੀ ਜਦੋਂ ਵੀ ਕੋਈ ਗੱਲ ਕਰਦਾ ਹੈ ਤਾਂ ਉਹ ਕੋਈ ਨਾ ਕੋਈ ਸਮੱਸਿਆ ਹੀ ਹੁੰਦੀ ਹੈ। ਭੁੱਖ ਨਹੀਂ ਲੱਗਦੀ, ਤੁਰੋ। ਦਿਲ ਉਦਾਸ ਹੈ, ਤੁਰੋ। ਜਦੋਂ ਵੀ ਮੌਕਾ ਮਿਲੇ ਤੁਰੋ। ਤੁਸੀਂ ਤੁਰਨਾ ਸ਼ੁਰੂ ਤਾਂ ਕਰੋ, ਪੰਜਾਂ ਮਿੰਟਾਂ ਵਿੱਚ ਤੁਹਾਨੂੰ ਤਬਦੀਲੀ ਮਹਿਸੂਸ ਹੋਣ ਲੱਗ ਪਵੇਗੀ। ਅਸੀਂ ਡਾਕਟਰਾਂ ਕੋਲ ਜਾਣ ਲਈ ਤਿਆਰ ਹਾਂ, ਉਪਰੇਸ਼ਨ ਕਰਵਾਉਣ ਲਈ ਤਿਆਰ ਹਾਂ, ਪਰ ਤੁਰਨ ਲਈ ਤਿਆਰ ਨਹੀਂ। ਬਹੁਤਿਆਂ ਨੂੰ ਤੁਰਨਾ ਆਉਂਦਾ ਹੀ ਨਹੀਂ, ਉਹ ਬਿਮਾਰਾਂ ਵਾਂਗ ਤੁਰਦੇ ਹਨ। ਅਮੀਰ ਘਰਾਂ ਵਿੱਚ ਕਿਸੇ ਦੀ ਸਿਹਤ ਠੀਕ ਹੁੰਦੀ ਹੈ ਤਾਂ ਨੌਕਰਾਂ ਦੀ ਹੀ ਹੁੰਦੀ ਹੈ ਕਿਉਂਕਿ ਉਹਨਾਂ ਨੂੰ ਹੀ ਸਾਰੇ ਕੰਮ ਕਰਨੇ ਪੈਂਦੇ ਹਨ ਤੇ ਉਹੀ ਹਨ ਜਿਹੜੇ ਤੁਰਦੇ ਹਨ।

ਤੁਰਨ ਨਾਲ ਸ੍ਵੈਵਿਸ਼ਵਾਸ ਉਪਜਦਾ ਹੈ। ਕਿਸੇ ਦੀ ਅਜ਼ਾਦੀ ਇਸ ਗੱਲ ਤੋਂ ਮਾਪੀ ਜਾ ਸਕਦੀ ਹੈ ਕਿ ਉਹ ਤੁਰਦਾ ਕਿੰਨਾ ਹੈ। ਜੇ ਤੁਹਾਨੂੰ ਤੁਰਨ ਦਾ ਅਭਿਆਸ ਹੋਵੇ ਅਤੇ ਲਗਨ ਹੋਵੇ ਤਾਂ ਕੋਲੋਂ ਤੇਜ਼ੀ ਨਾਲ ਲੰਘਣ ਵਾਲੇ ਕਾਰਾਂ ਵਿੱਚ ਬੈਠੇ ਵਿਅਕਤੀ ਤੁਹਾਨੂੰ ਤਰਸ ਦੇ ਪਾਤਰ ਪ੍ਰਤੀਤ ਹੋਣ ਲੱਗ ਪੈਣਗੇ।

ਜਿਹੜੇ ਪਤੀ-ਪਤਨੀ ਇੱਕਠੇ ਸੈਰ ਕਰ ਸਕਦੇ ਹਨ, ਉਹ ਦੁਨੀਆ ਦੀ ਹਰ ਮੁਸੀਬਤ ਦਾ ਖਿੜੇ-ਮੱਥੇ ਸਾਹਮਣਾ ਕਰ ਸਕਦੇ ਹਨ। ਕਈ ਬਿਮਾਰੀ ਕਾਰਨ ਤੁਰਦੇ ਹਨ ਪਰ ਜਿਸ ਨੂੰ ਤੁਰਨ ਦੀ ਆਦਤ ਹੈ, ਉਸ ਨੂੰ ਬਿਮਾਰੀ ਲੱਗਦੀ ਹੀ ਨਹੀਂ।

ਤੁਰਨ ਵਾਲੇ ਨੂੰ ਸਾਰੀਆਂ ਥਾਂਵਾਂ ਨੇੜੇ ਪ੍ਰਤੀਤ ਹੁੰਦੀਆਂ ਹਨ। ਤੁਰਨ ਵਿੱਚ ਇੱਕ ਲੈਅ ਹੈ, ਤਾਲ ਹੈ, ਸੰਗੀਤ ਹੈ। ਕਲਪਨਾ ਤੁਰਨ ਵੇਲੇ ਹੀ ਉੱਚੇ ਅਕਾਸ਼ਾਂ ਵਿੱਚ ਉੱਡਦੀ ਹੈ। ਪੰਛੀਆਂ, ਬੂਟਿਆਂ, ਫੁੱਲਾਂ, ਲੋਕਾਂ ਅਤੇ ਦਰਿਆਵਾਂ ਦੇ ਅਰਥ ਤੁਰਨ ਦੇ ਸੰਦਰਭ ਵਿੱਚ ਹੀ ਸਮਝੇ ਜਾ ਸਕਦੇ ਹਨ।

Downloaded from https:// www.studiestoday.com

Downloaded from https:// www.studiestoday.com



ਕਈ ਲੋਕ ਵਿਦੇਸ਼ ਵਿੱਚ ਗੁਜ਼ਾਰੇ ਇੱਕ ਹਫਤੇ ਬਾਰੇ ਸਾਲਾਂ ਬੱਧੀ ਗੱਲਾਂ ਕਰਦੇ ਰਹਿੰਦੇ ਹਨ, ਪਰ ਜਿਸ ਦੇਸ਼ ਵਿੱਚ ਪੀੜ੍ਹੀਆਂ ਤੋਂ ਰਹਿ ਰਹੇ ਹੁੰਦੇ ਹਨ, ਉਹਨਾਂ ਥਾਂਵਾਂ ਬਾਰੇ ਉਨ੍ਹਾਂ ਕੋਲ ਦਸ ਵਾਕ ਵੀ ਨਹੀਂ ਹੁੰਦੇ। ਤੁਰਨ ਨਾਲ਼ ਹੀ ਆਪਣੇ ਪ੍ਰਾਂਤ ਅਤੇ ਦੇਸ ਦੀ ਵਿਸ਼ਾਲਤਾ ਦਾ ਗਿਆਨ ਹੁੰਦਾ ਹੈ।

ਤੁਹਾਨੂੰ ਕੋਈ ਅਜਿਹਾ ਵਿਅਕਤੀ ਨਹੀਂ ਮਿਲੇਗਾ ਜਿਹੜਾ ਤੁਰਨ ਦਾ ਸ਼ੁਕੀਨ ਹੋਵੇ ਅਤੇ ਆਪਣੇ ਦੇਸ਼ ਨੂੰ ਪਿਆਰ ਨਾ ਕਰਦਾ ਹੋਵੇ।

ਬਹੁਤ ਸਾਰੇ ਵਿਅਕਤੀ ਜਿਹੜੇ ਆਤਮਘਾਤ ਕਰਨ ਦੀ ਨੀਅਤ ਨਾਲ਼ ਘਰੋਂ ਨਿਕਲਦੇ ਹਨ, ਉਹ ਥੋੜ੍ਹਾ ਫ਼ਾਸਲਾ ਤੁਰਨ ਨਾਲ਼ ਹੀ ਆਪਣਾ ਇਰਾਦਾ ਬਦਲ ਲੈਂਦੇ ਵੇਖੇ ਗਏ ਹਨ। ਜਦੋਂ ਸਾਨੂੰ ਕਿਸੇ ਨਾਲ਼ ਪਿਆਰ ਹੋ ਜਾਂਦਾ ਹੈ ਤਾਂ ਅਸੀਂ ਉਸ ਨਾਲ਼ ਤੁਰਨ ਵਾਲ਼ੇ ਰਸਤੇ ਨੂੰ ਆਪਣੀ ਯਾਦ ਦਾ ਹਿੱਸਾ ਬਣਾ ਲੈਂਦੇ ਹਾਂ।

ਤੁਰਨ ਵਾਲਾ ਵਿਅਕਤੀ ਆਪਣੇ ਆਪ ਨੂੰ ਕੁਦਰਤ ਦੇ ਹਵਾਲੇ ਕਰ ਦਿੰਦਾ ਹੈ ਅਤੇ ਕੁਦਰਤ ਉਸ ਦੀਆਂ ਸਾਰੀਆਂ ਸਮੱਸਿਆਵਾਂ ਹੱਲ ਕਰ ਦਿੰਦੀ ਹੈ। ਸਾਨੂੰ ਆਪਣੇ ਗਿਆਨ ਇੰਦਰੇ ਖੋਲ੍ਹ ਕੇ ਤੁਰਨਾ ਚਾਹੀਦਾ ਹੈ। ਭਾਵੇਂ ਤੁਰਨ ਨਾਲ਼ ਗਿਆਨ ਪ੍ਰਾਪਤ ਨਹੀਂ ਹੁੰਦਾ ਪਰ ਜੋ ਗਿਆਨ ਸਾਡੇ ਕੋਲ਼ ਹੁੰਦਾ ਹੈ, ਤੁਰਨ ਨਾਲ਼ ਉਸ ਦੀ ਪੁਸ਼ਟੀ ਹੋ ਜਾਂਦੀ ਹੈ। ਤੁਰਨ ਨਾਲ਼ ਸਾਡਾ ਪ੍ਰਕਿਰਤੀ ਨਾਲ਼ ਨਾਤਾ ਜੁੜਦਾ ਹੈ ਅਤੇ ਇਹ ਨਾਤਾ ਸਾਡੇ ਮਨ ਨੂੰ ਅਮੀਰ ਅਤੇ ਸਾਡੇ ਦਿਲ ਨੂੰ ਵਿਸ਼ਾਲ ਕਰਦਾ ਹੈ। ਅਜੋਕੀ ਦੁਨੀਆ ਨੂੰ ਉਹਨਾਂ ਲੋਕਾਂ ਦੀ ਲੋੜ ਹੈ ਜਿਹੜੇ ਅੰਦਰੋਂ ਖ਼ੁਸ਼ ਹੋਣ ਪਰ ਅਜਿਹੇ ਵਿਅਕਤੀ ਉਹੀ ਹੋ ਸਕਦੇ ਹਨ ਜਿਨ੍ਹਾਂ ਦੀ ਪੰਛੀਆਂ, ਦਰਖਤਾਂ, ਫੁੱਲਾਂ ਅਤੇ ਘਾਹ ਨਾਲ਼ ਦੋਸਤੀ ਹੋਵੇ। ਮਨੁੱਖ ਅਸਲ ਵਿੱਚ ਅੰਦਰੋਂ ਉਦੋਂ ਖਿੜੇਗਾ ਜਦੋਂ ਉਸ ਦੀ ਰਸੋਈ ਅਤੇ ਉਸ ਦਾ ਬਿਸਤਰਾ ਖੁੱਲ੍ਹੀਆਂ ਥਾਂਵਾਂ ਉੱਤੇ ਹੋਣਗੇ। ਸਭ ਤੋਂ ਚੰਗੀ ਸੈਰ ਪਾਣੀ ਦੇ ਕਿਨਾਰੇ ਹੁੰਦੀ ਹੈ ਪਰ ਕੋਈ ਵੀ ਸੈਰ ਮਾੜੀ ਨਹੀਂ। ਜਿਹੜੇ ਵਿਅਕਤੀ ਤੁਰ ਕੇ ਆਪਣੇ ਕੰਮ ਦੀ ਥਾਂ ਅੱਪੜ ਸਕਦੇ ਹਨ, ਉਹਨਾਂ ਨੂੰ ਸੌਖਿਆਂ ਦੁਖੀ ਨਹੀਂ ਕੀਤਾ ਜਾ ਸਕਦਾ।

ਤੁਰਨ ਨਾਲ਼ ਨਿਗੂਣੀਆਂ ਚੀਜ਼ਾਂ ਵੀ ਸੁੰਦਰ ਪ੍ਰਤੀਤ ਹੋਣ ਲੱਗ ਪੈਂਦੀਆਂ ਹਨ। ਦਰਖ਼ਤ ਕਵਿਤਾਵਾਂ ਪ੍ਰਤੀਤ ਹੋਣ ਲੱਗ ਪੈਂਦੇ ਹਨ ਅਤੇ ਗਊਆਂ ਮੱਝਾਂ ਸਬਰ-ਸੰਤੋਖ ਦੀਆਂ ਮੂਰਤੀਆਂ ਭਾਸਣ ਲੱਗ ਪੈਂਦੀਆਂ ਹਨ। ਤੁਰਨ ਵਾਲ਼ਾ ਵਿਅਕਤੀ ਬੀਰ, ਧੀਰ, ਗੰਭੀਰ ਹੋ ਜਾਂਦਾ ਹੈ। ਇਸ ਆਪੋ-ਧਾਪੀ ਅਤੇ ਧੂੜਾਂ ਵਾਲ਼ੇ ਸੰਸਾਰ ਦੀ ਥਾਂ ਅਸੀਂ ਜਦੋਂ ਦਰਖ਼ਤਾਂ ਨੂੰ ਸੰਜਮ ਅਤੇ ਸਲੀਕੇ ਨਾਲ਼ ਇੱਕ ਥਾਂ ਵੱਸਦੇ ਵੇਖਦੇ ਹਾਂ, ਤਾਂ ਮਨੁੱਖ ਦੀ ਅਕਲ ਉੱਤੇ ਹਾਸਾ ਆਉਂਦਾ ਹੈ। ਦਰਖ਼ਤਾਂ ਵਿੱਚੋਂ ਆਉਂਦੀ ਖੁਸ਼ਬੋ ਸਾਮ੍ਹਣੇ ਵਧੀਆਂ ਸੈਂਟ ਵੀ ਬਦਬੋਆਂ ਪ੍ਰਤੀਤ ਹੋਣ ਲੱਗ ਪੈਣਗੇ। ਇਕੱਲਿਆਂ ਤੁਰਨਾ ਜਾਂ ਕਿਸੇ ਹਮਖ਼ਿਆਲ ਨਾਲ ਤੁਰਨਾ, ਨਿੱਜੀ ਪਸੰਦ ਦੀ ਗੱਲ ਹੈ, ਮਹੱਤਵਪੂਰਨ ਗੱਲ ਇਹ ਹੈ ਕਿ ਤੁਰਿਆ ਜਾਵੇ। ਨਹਾਉਣ, ਖਾਣ, ਸੌਣ ਆਦਿ ਦੇ ਅਰਥ ਤੁਰਨ ਦੇ ਫ਼ਾਸਲੇ ਦੇ ਸੰਦਰਭ ਵਿੱਚ ਬਦਲ ਜਾਂਦੇ ਹਨ।

Downloaded from https:// www.studiestoday.com

Downloaded from https:// www.studiestoday.com



ਉਮਰ ਕੋਈ ਵੀ ਹੋਵੇ, ਤੁਰਨਾ ਚੰਗਾ ਹੈ। ਮਨ ਦੀ ਸ਼ਾਂਤੀ ਤੁਰਨ ਨਾਲ਼ ਹੀ ਆਉਂਦੀ ਹੈ। ਅਜੋਕੇ ਯੁੱਗ ਵਿੱਚ ਉਹਨਾਂ ਲੋਕਾਂ ਦੀ ਗਿਣਤੀ ਵਧ ਰਹੀ ਹੈ, ਜਿਹੜੇ ਤੁਰਨ ਨੂੰ ਸਮੇਂ ਦੀ ਬਰਬਾਦੀ ਕਹਿਣਗੇ। ਇਹ ਉਹ ਲੋਕ ਹੁੰਦੇ ਹਨ ਜਿਨ੍ਹਾਂ ਕੋਲ਼ ਵਧੀਆਂ ਤੋਂ ਵਧੀਆ ਗਦੇਲੇ ਹੋਣਗੇ, ਪਰ ਨੀਂਦਰ ਨਹੀਂ ਆਉਂਦੀ। ਤੁਰਨ ਵਿੱਚ ਲੱਗਣ ਵਾਲਾ ਸਾਰਾ ਵਕਤ ਸਾਡਾ ਸਰੀਰ ਕਿਸੇ ਨਾ ਕਿਸੇ ਤਰੀਕੇ ਨਾਲ਼ ਸਾਨੂੰ ਮੋੜ ਦਿੰਦਾ ਹੈ। ਤੁਰਨ ਦੇ ਵਿਰੋਧੀ ਇਹ ਤਰਕ ਵੀ ਦੇਣਗੇ ਕਿ ਇੱਕ ਪਹਾੜ, ਇੱਕ ਦਰਿਆ, ਇੱਕ ਜੰਗਲ਼, ਵੇਖ ਲਿਆ ਹੋਰ ਪਹਾੜ, ਹੋਰ ਦਰਿਆ, ਹੋਰ ਜੰਗਲ਼ ਵੇਖਣ ਦੀ ਕੀ ਲੋੜ ਹੈ। ਇਹੀ ਲੋਕ ਕਹਿਣਗੇ ਕਿ ਤੁਰਨ ਵਾਲ਼ੇ ਤੁਰਨ ਦੇ ਲਾਭਾਂ ਬਾਰੇ ਝੂਠ ਬੋਲਦੇ ਹਨ। ਇਹੀ ਲੋਕ ਕਹਿਣਗੇ ਕਿ ਜੇ ਕੋਈ ਖੋਤਾ ਸੌ ਮੀਲ ਤੁਰ ਆਵੇ ਤਾਂ ਕੀ ਉਹ ਘੋੜਾ ਬਣ ਜਾਵੇਗਾ? ਇਹਨਾਂ ਲੋਕਾਂ ਨੂੰ ਪਛਾਨਣ ਵਿੱਚ ਕੋਈ ਟਪਲਾ ਨਹੀਂ ਖਾਣਾ ਚਾਹੀਦਾ, ਇਹਨਾਂ ਨੂੰ ਹਰ ਚੀਜ਼ ਦੀ ਕੀਮਤ ਤਾਂ ਪਤਾ ਹੁੰਦੀ ਹੈ ਪਰ ਮਹੱਤਵ ਪਤਾ ਨਹੀਂ ਹੁੰਦਾ। ਇਹਨਾਂ ਲੋਕਾਂ ਦੀ ਬਹੁਤੀ ਗੱਲ-ਬਾਤ ਇਹਨਾਂ ਦੀਆਂ ਆਪਣੀਆਂ ਬਿਮਾਰੀਆਂ ਬਾਰੇ ਹੀ ਹੁੰਦੀ ਹੈ। ਅਜਿਹੇ ਲੋਕ ਤਰਸ ਦੇ ਪਾਤਰ ਹੁੰਦੇ ਹਨ ਅਤੇ ਇਹਨਾਂ ਉੱਤੇ ਤਰਸ ਹੀ ਕਰਨਾ ਚਾਹੀਦਾ ਹੈ।

ਬਹੁਤ ਤੇਜ਼ ਤੁਰਨਾ ਅਸ਼ਿਸ਼ਟਤਾ ਦੀ ਨਿਸ਼ਾਨੀ ਹੈ। ਅਜਿਹੇ ਲੋਕ ਆਮ ਕਰ ਕੇ ਸਭਨੀਂ ਥਾਂਈਂ ਹਰਮਨ ਪਿਆਰਾ ਹੋਣ ਦੀ ਲਾਲਸਾ ਦਾ ਸ਼ਿਕਾਰ ਹੁੰਦੇ ਹਨ।

ਜਦੋਂ ਵੀ ਤੁਰਨ ਦਾ ਅਵਸਰ ਮਿਲ਼ੇ, ਤੁਰੋ। ਹਰ ਫ਼ਾਸਲੇ ਬਾਰੇ ਸੋਚੋ, ਕੀ ਤੁਰ ਕੇ ਨਹੀਂ ਜਾਇਆ ਜਾ ਸਕਦਾ ? ਜਿਹੜਾ ਤੁਰ ਕੇ ਤੁਹਾਨੂੰ ਮਿਲਣ ਆਵੇ, ਪਿਆਰ ਉਸੇ ਦਾ ਸਤਿਕਾਰਯੋਗ ਹੈ। ਤੁਰਨ ਨਾਲ਼ ਜੇ ਤੁਸੀਂ ਅਨੁਭਵ ਦੀ ਦੌਲਤ ਲਿਆਉਣੀ ਚਾਹੁੰਦੇ ਹੋ ਤਾਂ ਤੁਰਨ ਵੇਲੇ ਆਪਣੇ ਨਾਲ਼ ਅਨੁਭਵ ਦਾ ਸਰਮਾਇਆ ਲੈ ਕੇ ਚੱਲੋ।

ਇੱਕ ਯੂਨਾਨੀ ਫ਼ਿਲਾਸਫ਼ਰ ਜਦੋਂ ਭਾਰਤ ਲਈ ਤੁਰਿਆ ਤਾਂ ਆਪਣੀ ਯਾਤਰਾ ਦਾ ਉਦੇਸ਼ ਦੱਸਦਿਆਂ ਉਸ ਕਿਹਾ, ਵੇਖਣ ਚੱਲਿਆ ਹਾਂ ਕਿ ਦੁਨੀਆ ਕੋਲ਼ ਮੈਨੂੰ ਸਿਖਾਉਣ ਲਈ ਕੀ ਹੈ ਅਤੇ ਮੇਰੇ ਕੋਲ਼ ਦੁਨੀਆ ਨੂੰ ਸਿਖਾਉਣ ਲਈ ਕੀ ਹੈ ?

ਹਿਊਨਸਾਂਗ ਤੇ ਫਾਹਯਾਨ ਤੁਰ ਕੇ ਭਾਰਤ ਆਏ ਸਨ। ਦੂਜੇ ਸ਼ਹਿਰਾਂ ਦੀਆਂ ਉਹ ਥਾਂਵਾਂ ਹੀ ਤੁਹਾਨੂੰ ਯਾਦ ਰਹਿਣਗੀਆਂ ਜਿਹੜੀਆਂ ਤੁਸੀਂ ਤੁਰ ਕੇ ਵੇਖੀਆਂ ਸਨ।

ਤੁਰਨ ਨਾਲ਼ ਜ਼ਿੰਦਗੀ ਦਾ ਤਜਰਬਾ ਪ੍ਰਾਪਤ ਹੁੰਦਾ ਹੈ। ਜਿਹੜਾ ਤੁਰ ਕੇ ਆਪਣੇ ਮੁਲਕ ਨੂੰ ਵੇਖ ਲਵੇ ਉਹ ਸਭ ਪ੍ਰਕਾਰ ਦੇ ਪੱਖ-ਪਾਤ ਤੋਂ ਮੁਕਤ ਹੋ ਜਾਵੇਗਾ।

ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਚਿਹਰੇ ਉੱਤੇ ਝੁਰੜੀਆਂ ਨਾ ਪੈਣ ਤਾਂ ਇਤਨਾ ਤੁਰੋ ਕਿ ਤੁਹਾਡੇ ਬੂਟਾਂ ਵਿੱਚ ਝੁਰੜੀਆਂ ਪੈ ਜਾਣ।

ਝੁਰੜੀਆਂ ਤਾਂ ਪੈਣੀਆਂ ਹੀ ਹਨ, ਤੁਹਾਡੇ ਉੱਤੇ ਨਿਰਭਰ ਕਰਦਾ ਹੈ ਕਿ ਉਹ ਕਿੱਥੇ ਪੈਣ।

"ਭਲਾਈ ਵਿਭਾਗ, ਪੰਜਾਬ"

Downloaded from https:// www.studiestoday.com

Downloaded from https:// www.studiestoday.com



**ਅਰਥਾਵਲੀ :**

**ਪੈਂਡੇ** - ਸਫ਼ਰ, ਰਸਤੇ। **ਜਗਿਆਸੂ** - ਜਾਣਨ ਦੀ ਖ਼ਾਹਸ਼ ਰੱਖਣ ਵਾਲਾ। **ਅਭਿਲਾਸ਼ੀ** - ਕਿਸੇ ਗੱਲ ਦੀ ਇੱਛਾ ਰੱਖਣ ਵਾਲਾ। **ਅਨੁਭਵ** - ਤਜਰਬਾ, ਗਿਆਨ ਮਹਿਸੂਸ ਕਰਨ ਦਾ ਭਾਵ। **ਅਵਸਰ** - ਮੌਕਾ, ਸਮਾਂ। **ਗਿਆਨ - ਇੰਦਰੇ**-ਉਹ ਇੰਦਰੀਆਂ ਜਿਨ੍ਹਾਂ ਦੁਆਰਾ ਕਿਸੇ ਚੀਜ਼ ਦੇ ਗੁਣ ਦਾ ਅਨੁਭਵ ਹੁੰਦਾ ਹੈ (ਕੰਨ, ਨੱਕ, ਅੱਖਾਂ, ਜੀਭ, ਚਮੜੀ) **ਧੀਰ**-ਧੀਰਜ ਵਾਲਾ। **ਟਪਲਾ** - ਭਰਮ-ਭੁਲੇਖਾ, ਗ਼ਲਤ-ਫਹਿਮੀ, ਭੁੱਲ। **ਲਾਲਸਾ** - ਚਾਹ, ਪ੍ਰਬਲ ਇੱਛਾ, ਕਾਮਨਾ। **ਫ਼ਿਲਾਸਫ਼ਰ** - ਦਾਰਸ਼ਨਿਕ, ਦਰਸ਼ਨ-ਸ਼ਾਸਤਰ ਜਾਣਨ ਵਾਲਾ।

## ਪਾਠ-ਅਭਿਆਸ

1. ਲੇਖਕ ਅਨੁਸਾਰ ਕਿਹੜਾ ਵਿਅਕਤੀ ਲੰਮੇ ਪੈਂਡੇ ਤੁਰਨ ਦਾ ਸਾਹਸ ਕਰ ਸਕਦਾ ਹੈ?
2. ਮਨੁੱਖ ਦੀਆਂ ਸਰੀਰਿਕ ਸਮੱਸਿਆਵਾਂ ਕਿਉਂ ਵਧ ਗਈਆਂ ਹਨ ਅਤੇ ਇਹਨਾਂ ਨੂੰ ਕਿਵੇਂ ਦੂਰ ਕੀਤਾ ਜਾ ਸਕਦਾ ਹੈ?
3. 'ਅਮੀਰ ਘਰਾਂ ਵਿੱਚ ਜੇ ਕਿਸੇ ਦੀ, ਸਿਹਤ ਠੀਕ ਹੁੰਦੀ ਹੈ ਤਾਂ ਨੌਕਰਾਂ ਦੀ ਹੀ ਹੁੰਦੀ ਹੈ।' ਇਸ ਕਥਨ ਦੀ ਵਿਆਖਿਆ ਕਰੋ।
4. ਪੈਦਲ ਤੁਰਨਾ ਮਨੁੱਖੀ ਸਰੀਰ ਲਈ ਕਿਵੇਂ ਲਾਭਦਾਇਕ ਹੈ?
5. ਤੁਰਨ ਨਾਲ ਸਾਨੂੰ ਕਿਹੜੇ-ਕਿਹੜੇ ਨੈਤਿਕ ਅਤੇ ਸਦਾਚਾਰਿਕ ਗੁਣਾਂ ਦੀ ਪ੍ਰਾਪਤੀ ਹੁੰਦੀ ਹੈ?
6. ਲੇਖਕ ਅਨੁਸਾਰ ਪੈਦਲ ਤੁਰਿਆਂ ਮਨੁੱਖ ਕੁਦਰਤ ਦੇ ਵਧੇਰੇ ਨੇੜੇ ਕਿਵੇਂ ਹੋ ਜਾਂਦਾ ਹੈ?
7. ਪੈਦਲ ਤੁਰਨ ਸੰਬੰਧੀ ਯੂਨਾਨੀ ਫ਼ਿਲਾਸਫ਼ਰ ਦੇ ਕੀ ਵਿਚਾਰ ਹਨ?

***ਪੈਦਲ ਤੁਰਿਆਂ :***

*ਸਿਹਤ ਬਣਾਓ।*
*ਪਟਰੋਲ ਬਚਾਓ।*
*ਪ੍ਰਦੂਸ਼ਣ ਘਟਾਓ।*
*ਵਾਤਾਵਰਨ ਸ਼ੁੱਧ ਬਣਾਓ।*

Downloaded from https:// www.studiestoday.com